SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 30
November 2, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 43ਵਾਂ ਮਹਾਨ ਨਗਰ ਕੀਰਤਨ 6 ਨਵੰਬਰ, 2022 ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ।





ਗੁਰਦੁਆਰਾ ਸਾਹਿਬ ਸਿੱਖ ਸੈਂਟਰ ਐਂਡਰਸਨ (ਕੈਲੇਫੋਰਨੀਆ) ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ, ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਗਿਆ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3-4 'ਤੇ)**

# ਪੰਜਾਬ, ਹਰਿਆਣਾ ਤੇ ਦਿੱਲੀ ਧੂੰਏ ਦੀ ਪਰਤ ਨੇ ਘੇਰੇ

## ਦਿੱਲੀ 'ਚ ਇਕ ਵਾਰ ਫਿਰ ਵਰਕ ਫਰਾਮ ਹੋਮ ਪਾਲਿਸੀ ਲਾਗੂ ਹੋਵੇਗੀ

**ਨਵੀਂ ਦਿੱਲੀ (ਬਿਊਰੋ)-** ਦੇਸ਼ ਦੀ ਰਾਸ਼ਟਰੀ ਰਾਜਧਾਨੀ ਦਿੱਲੀ 'ਚ ਇਕ ਵਾਰ ਫਿਰ ਕੋਰੋਨਾ ਮਹਾਮਾਰੀ ਦੀ ਤਰਜ਼ 'ਤੇ ਵਰਕ ਫਰਾਮ ਹੋਮ ਪਾਲਿਸੀ ਲਾਗੂ ਹੋ ਸਕਦੀ ਹੈ। ਦਿੱਲੀ ਵਿਚ ਪ੍ਰਦੂਸ਼ਣ ਦੀ ਗੰਭੀਰਤਾ ਨੂੰ ਦੇਖਦਿਆਂ ਦਿੱਲੀ ਸਰਕਾਰ ਨੇ ਲੋਕਾਂ ਨੂੰ ਘਰੋਂ ਕੰਮ ਕਰਨ ਦੀ ਅਪੀਲ ਕੀਤੀ ਹੈ। ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਦਿੱਲੀ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਾਹਨਾਂ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸਾਂਝੇ ਟਰਾਂਸਪੋਰਟ ਦੀ ਵਰਤੋਂ ਕਰਨ।



ਨਾਸਾ ਦੀਆਂ ਸੈਟੇਲਾਈਟ ਤਸਵੀਰਾਂ 'ਚ ਪੰਜਾਬ, ਹਰਿਆਣਾ, ਪੂਰਬੀ ਉੱਤਰ ਪ੍ਰਦੇਸ਼ ਤੇ ਪੂਰਬੀ ਪਾਕਿਸਤਾਨ ਦੇ ਕਈ ਹਿੱਸਿਆਂ 'ਚ ਪਰਾਲੀ ਸਾੜੇ ਜਾਣ ਦੀ ਅੱਗ ਨੂੰ ਲਾਲ ਬਿੰਦੀਆਂ ਦੇ ਸੰਘਣੇ ਸਮੂਹ ਵਜੋਂ ਵਿਖਾਇਆ ਗਿਆ ਹੈ । ਭਾਰਤੀ ਖੇਤੀ ਖੋਜ ਸੰਸਥਾ (ਆਈਏਆਰਆਈ) ਨੇ ਸੋਮਵਾਰ ਨੂੰ ਪੰਜਾਬ 'ਚ 2,131 ਥਾਂਵਾਂ 'ਤੇ ਪਰਾਲੀ ਸਾੜੇ ਜਾਣ ਦੀ ਪੁਸ਼ਟੀ ਕੀਤੀ ਹੈ, ਜੋ ਇਸ ਸੀਜ਼ਨ 'ਚ ਸਭ ਤੋਂ ਵੱਧ ਹੈ । ਖੇਤੀ ਪ੍ਰਧਾਨ ਸੂਬੇ ਪੰਜਾਬ 'ਚ 15 ਸਤੰਬਰ ਤੋਂ ਹੁਣ ਤੱਕ 16,004 ਪਰਾਲੀ ਸਾੜਨ ਦੀਆਂ ਘਟਨਾਵਾਂ 'ਚੋਂ 10,387 ਪਿਛਲੇ ਕੇਵਲ 7 ਦਿਨਾਂ ਦੌਰਾਨ ਵਾਪਰੀਆਂ ਹਨ, ਜਦਕਿ ਪਿਛਲੇ ਸਾਲ ਇਸਮੇਂ ਦੌਰਾਨ ਕੇਵਲ 13,269 ਪਰਾਲੀ ਸਾੜਨ ਦੀਆਂ ਘਟਨਾਵਾਂ ਵਾਪਰੀਆਂ ਸਨ।

ਬੁੱਧਵਾਰ ਨੂੰ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ ਬੇਹੱਦ ਖ਼ਰਾਬ ਸ਼੍ਰੇਣੀ ਵਿਚ ਰਹਿਣ ਕਾਰਨ ਵਾਤਾਵਰਨ ਮੰਤਰੀ ਨੇ ਦਿੱਲੀ ਦੇ ਲੋਕਾਂ ਨੂੰ ਘਰ ਤੋਂ ਕੰਮ ਕਰਨ ਅਤੇ ਜੇ ਸੰਭਵ ਹੋਵੇ ਤਾਂ ਨਿੱਜੀ ਵਾਹਨਾਂ ਦੀ ਵਰਤੋਂ ਕਰਨ ਤੋਂ ਬਚਣ ਦੀ ਅਪੀਲ ਕੀਤੀ। 50 ਫ਼ੀਸਦੀ ਪ੍ਰਦੂਸ਼ਣ ਸਿਰਫ ਵਾਹਨਾਂ ਕਾਰਨ ਹੁੰਦਾ ਹੈ। ਲੋਕਾਂ ਨੂੰ ਪਟਾਕੇ ਨਹੀਂ ਚਲਾਉਣੇ ਚਾਹੀਦੇ। ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਦਿੱਲੀ ਵਿਚ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਜਨਤਾ ਨੂੰ ਪੰਜ ਬੇਨਤੀਆਂ ਕੀਤੀਆਂ ਹਨ।

# ਉੱਤਰੀ ਕੋਰੀਆ ਨੇ ਦਾਗੀਆਂ 10 ਮਿਜ਼ਾਈਲਾਂ, ਜੰਗ ਦਾ ਖਤਰਾ

**ਸਿਓਲ (ਬਿਊਰੋ)-** ਉੱਤਰੀ ਕੋਰੀਆ ਨੇ ਇੱਕ ਵਾਰ ਫਿਰ ਮਿਜ਼ਾਈਲਾਂ ਦਾਗੀਆਂ ਹਨ। ਦੱਖਣੀ ਕੋਰੀਆ ਨਾਲ ਸੰਯੁਕਤ ਅਮਰੀਕੀ ਫੌਜੀ ਅਭਿਆਸ ਦੀ ਆਲੋਚਨਾ ਤੋਂ ਬਾਅਦ ਉੱਤਰੀ ਕੋਰੀਆ ਨੇ ਬੁੱਧਵਾਰ ਨੂੰ ਇਕ-ਇਕ ਕਰਕੇ 10 ਮਿਜ਼ਾਈਲਾਂ ਦਾਗੀਆਂ। ਇਨ੍ਹਾਂ ਵਿੱਚੋਂ ਇੱਕ ਮਿਜ਼ਾਈਲ ਦੱਖਣੀ ਕੋਰੀਆ ਦੇ ਨੇੜੇ ਡਿੱਗੀ ਹੈ। ਮਿਜ਼ਾਈਲ ਦਾਗੇ ਜਾਣ ਤੋਂ ਬਾਅਦ ਦੱਖਣੀ ਕੋਰੀਆ ਦਾ ਤਣਾਅ ਵਧ ਗਿਆ ਹੈ। ਦੱਖਣੀ ਕੋਰੀਆ ਨੇ ਆਪਣੇ ਪੂਰਬੀ ਟਾਪੂ 'ਤੇ ਹਵਾਈ ਹਮਲੇ ਦਾ ਅਲਰਟ ਜਾਰੀ ਕੀਤਾ ਹੈ।



ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਨਾਲ ਅਮਰੀਕਾ ਦੇ ਸਾਂਝੇ ਫੌਜੀ ਅਭਿਆਸ ਦੀ ਆਲੋਚਨਾ ਕੀਤੀ ਸੀ। ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਅਤੇ ਅਮਰੀਕਾ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ ਹੈ। ਉੱਤਰੀ ਕੋਰੀਆ ਵੱਲੋਂ ਮਿਜ਼ਾਈਲ ਦਾਗੇ ਜਾਣ ਤੋਂ ਬਾਅਦ ਦੱਖਣੀ ਕੋਰੀਆ ਦੇ ਜੁਆਇੰਟ ਚੀਫ਼ ਆਫ਼ ਸਟਾਫ਼ ਨੇ ਇੱਕ ਬਿਆਨ ਜਾਰੀ ਕੀਤਾ। ਬਿਆਨ 'ਚ ਕਿਹਾ ਗਿਆ ਹੈ ਕਿ ਉੱਤਰੀ ਕੋਰੀਆ ਨੇ ਬੁੱਧਵਾਰ ਸਵੇਰੇ ਪੂਰਬੀ ਤੱਟਵਰਤੀ ਖੇਤਰ ਵੋਨਸਾਨ ਤੋਂ ਮਿਜ਼ਾਈਲ ਦਾਗੀ।

ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇੱਕ ਮਿਜ਼ਾਈਲ ਦੱਖਣੀ ਕੋਰੀਆ ਦੀ ਪੂਰਬੀ ਸਮੁੰਦਰੀ ਸਰਹੱਦ ਦੇ 26 ਕਿਲੋਮੀਟਰ ਦੱਖਣ ਵਿੱਚ ਅੰਤਰਰਾਸ਼ਟਰੀ ਪਾਣੀਆਂ ਵਿੱਚ ਜਾ ਡਿੱਗੀ ਸੀ।

ਇਸ ਤੋਂ ਇਲਾਵਾ ਇਹ ਮਿਜ਼ਾਈਲ ਉਲੁੰਗ ਟਾਪੂ ਦੇ ਉੱਤਰ-ਪੱਛਮ ਵਿਚ 167 ਕਿਲੋਮੀਟਰ ਦੂਰ ਖੇਤਰ ਵਿਚ ਵੀ ਡਿੱਗੀ ਹੈ। ਦੱਖਣੀ ਕੋਰੀਆ ਨੇ ਕਿਹਾ ਕਿ ਉਸ ਨੇ ਉਲੁੰਗ ਟਾਪੂ 'ਤੇ ਹਵਾਈ ਹਮਲੇ ਦੀ ਚਿਤਾਵਨੀ ਜਾਰੀ ਕੀਤੀ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਨਵੰਬਰ ਮਹੀਨੇ ਦੇ ਪ੍ਰੋਗਰਾਮ

**November 11-12-13, 2022**

**Sri Guru Nanak Dev Ji's "Parkash Utsav"**

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।**

Sri Guru Nanak Dev Ji's Parkash Utsav will be celebrated at Gurughar on November 13, 2022. Akhand path will start on Friday 11/11/22, at 10:00 AM and will conclude with Bhog ceremony on Sunday morning 11/13/2022. Late Pt. Kewal Krishan Sudhir and Nirmal Devi Sudhir's son Varinder Kumar Sudhir with his wife Renu Bala Sudhir, sons Puneet Sudhir and Ankush Sudhir, will host the Akhand Path and Langar Sewa. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**1st Parbhat Pheri will be at 6:00 am on Saturday November 12, 2022**

**Hoisting of NISHAN SAHIB**

**( Nishan Sahib Sewa)**

Nishan Sahib Hoisting Ceremony will be held on November 12 (Saturday) at 11:00 AM. Bhai Hardial Singh Banga and Bibi Kulwant Banga will be doing the Nishan Sahib Chola Sewa. The entire Sangat and the Managing Committee is thankful to Banga family for their Sewa of getting new hydraulic Nishan Sahib installed. May Waheguru bless the dedicated Banga family for their cherished desires.

**www.sriguruavidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |

# ਗੁਰਦੁਆਰਾ ਸਾਹਿਬ ਸਿੱਖ ਸੈਂਟਰ ਐਂਡਰਸਨ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ ਬਹੁਤ ਸ਼ਰਧਾ ਪੂਰਵਕ ਮਨਾਇਆ, ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਗਿਆ

**ਐਂਡਰਸਨ (ਡੀਡੀਬੀ)–** ਗੁਰਦੁਆਰਾ ਸਾਹਿਬ ਸਿੱਖ ਸੈਂਟਰ ਐਂਡਰਸਨ (ਕੈਲੇਫੋਰਨੀਆ) ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ 30 ਅਕਤੂਬਰ 2022 ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਤੋਂ ਪਹਿਲਾਂ 29 ਅਕਤੂਬਰ 2022 ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ, ਜਿਸ ਨੇ ਐਂਡਰਸਨ ਸ਼ਹਿਰ ਅੰਦਰ ਪ੍ਰਕਰਮਾ ਕਰਦਿਆਂ ਨਗਰ ਨਿਵਾਸੀਆਂ ਦਾ ਧਿਆਨ ਕੇਂਦਰਿਤ ਕੀਤਾ। ਬਹੁਤ ਹੀ ਵਧੀਆ ਤਰੀਕੇ ਨਾਲ ਮੁੱਖ ਫਲੋਟ ਸਜਾਇਆ ਗਿਆ, ਜਿਸ ਉਪਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਤੇ ਧੁਰ ਕੀ ਬਾਣੀ ਦਾ ਸ਼ਬਦ ਕੀਰਤਨ ਹੋ ਰਿਹਾ ਸੀ। ਇਸੇ ਤਰ੍ਹਾਂ ਬਾਕੀ ਫਲੋਟ ਵੀ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸਜਾਏ ਗਏ ਤੇ ਸੰਗਤਾਂ ਸਤਿਨਾਮ-ਵਾਹਿਗੁਰੂ ਦਾ ਸਿਮਰਨ ਕਰ ਰਹੀਆਂ ਸਨ ਤੇ ਸ਼ਾਂਤਮਈ ਮਾਹੌਲ 'ਚ ਨਗਰ ਵਿਚੋਂ ਹੁੰਦਿਆਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇ। ਇਸ ਵਾਰ ਵੀ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀਆਂ ਭਰੀਆਂ।

ਗੁਰਪੁਰਬ ਨਾਲ ਸਬੰਧਤ 28 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਤੇ 30 ਅਕਤੂਬਰ ਨੂੰ ਭੋਗ ਪਾਏ ਗਏ। ਇਸ ਮੌਕੇ 29 ਅਕਤੂਬਰ ਨੂੰ ਕੌਰਨਿੰਗ ਸ਼ਹਿਰ ਦੀਆਂ ਸਿੱਖ ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਦੀ ਚੋਲਾ ਸੇਵਾ ਸਵੇਰੇ 9 ਵਜੇ ਕੀਤੀ ਗਈ ਅਤੇ ਐਂਡਰਸਨ ਸ਼ਹਿਰ ਦੀਆਂ ਸਿੱਖ ਸੰਗਤਾਂ ਵੱਲੋਂ ਲੰਗਰ ਸੇਵਾ ਕੀਤੀ ਗਈ। ਸ਼ੁੱਕਰਵਾਰ 29 ਅਕਤੂਬਰ ਨੂੰ ਲੰਗਰ ਸੇਵਾ ਮਾਊਂਟ ਲੈਸਨ ਟਰਾਂਸਪੋਰਟ ਰੈੱਡਬਲਫ ਵੱਲੋਂ ਕੀਤੀ ਗਈ। ਤਿੰਨੋ ਦਿਨ ਰੈਡਿੰਗ ਤੋਂ ਗੁਰੂ ਘਰ ਦੇ ਅਨਿਨ ਸੇਵਕ ਝੂਟੀ ਪਰਿਵਾਰ ਵੱਲੋਂ ਸੇਵਾ ਕੀਤੀ ਗਈ।

30 ਅਕਤੂਬਰ 2022 ਨੂੰ ਸਵੇਰੇ 11 ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਭਾਈ ਸਾਹਿਬ ਭਾਈ ਅਮਰਜੀਤ ਸਿੰਘ ਗਰੇਵਾਲ ਜੀ, ਭਾਈ ਤਜਿੰਦਰ ਸਿੰਘ ਜੀ ਅਤੇ ਭਾਈ ਇਕਬਾਲ ਸਿੰਘ ਜੀ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਗਰੂ ਘਰ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਨਾਮਵਰ ਰਾਗੀ ਢਾਡੀ ਜਥਾ ਗਿਆਨੀ ਲਖਵਿੰਦਰ ਸਿੰਘ ਸੋਹਲ ਜੀ ਤੇ ਉਹਨਾਂ ਦੇ ਢਾਡੀ ਜਥੇ ਨੇ ਵਾਰਾਂ ਗਾ ਕੇ ਸੰਗਤਾਂ ਨਾਲ ਸਾਂਝ ਪਾਈ। ਅੰਤ 'ਚ ਭਾਈ ਅਮਰਜੀਤ ਸਿੰਘ ਗਰੇਵਾਲ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸੰਗਤ, ਰਾਗੀ-ਢਾਡੀ ਜਥਿਆਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਅਤੇ ਉਹਨਾਂ ਸਾਰੇ ਪਰਿਵਾਰ, ਵਪਾਰਕ, ਸਮਾਜਿਕ ਅਦਾਰਿਆਂ ਦਾ ਵੀ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਆਪਣੀ ਨੇਕ ਕਮਾਈ 'ਚ ਤਨ ਮਨ ਧਨ ਨਾਲ ਸੇਵਾ ਕੀਤੀ। ਵਾਹਿਗੁਰੂ ਸਭ ਨੂੰ ਚੜ੍ਹਦੀਕਲਾ 'ਚ ਰੱਖਣ। ਅੱਜ ਦਿਨ ਦੀ ਕਵਰੇਜ਼ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੀਤੀ ਗਈ। ਜਿਹਨਾਂ ਜਿਹਨਾਂ ਸੇਵਾਦਾਰਾਂ ਨੇ ਤਿੰਨੋ ਦਿਨ ਸੇਵਾ ਕੀਤੀ, ਉਹਨਾਂ ਵਿਚ ਭਾਈ ਅਮਰਜੀਤ ਸਿੰਘ ਗਰੇਵਾਲ, ਗੁਰਮੀਤ ਸਿੰਘ, ਜਰਨੈਲ ਸਿੰਘ, ਹਰਦੀਪ ਸਿੰਘ, ਤੀਰਥ ਸਿੰਘ ਸੋਹਲ, ਨਿਰਮਲ ਸਿੰਘ ਅਤੇ ਗੁਰਦੇਵ ਸਿੰਘ ਆਦਿ ਨਾਂ ਵਰਣਨਯੋਗ ਹਨ।










ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ ਅਤੇ ਚੇਮਸ ਭੱਟੀ









'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰਦੁਆਰਾ ਸਾਹਿਬ ਸਿੱਖ ਸੈਂਟਰ ਐਂਡਰਸਨ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ ਬਹੁਤ ਸ਼ਰਧਾ ਪੂਰਵਕ ਮਨਾਇਆ, ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਗਿਆ


ਗੁਰਦੁਆਰਾ ਸਾਹਿਬ ਸਿੱਖ ਸੈਂਟਰ ਐਂਡਰਸਨ













ਤਸਵੀਰਾਂ- ਤੀਰਥ ਸਿੰਘ, ਪ੍ਰੇਮ ਕੁਮਾਰ ਚੁੰਬਰ ਅਤੇ ਚੇਮਸ ਭੱਟੀ

















# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ**
**ਬੇ-ਏਰੀਆ (ਕੈਲੋਫਰਨੀਆ)**


Vinod Kumar Chumber
(Chairman) 510-953-9800


Ram Lubhaya (President)
408-449-1105


Naresh Kumar (Secretary)
510-857-4551


Sohan Singh Dhanda (Treasurer)
510-200-6649


















ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



Dr. Ronki Ram
Email; ronkiram@yahoo.co.in

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ 'ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।

ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ



ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹੁੰਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ 'ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਹ ਮੁਕਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਬਾ ਸਿਟੀ, ਕੈਲੀਫੋਰਨੀਆ 'ਚ ਗੁਰਤਾਗੱਦੀ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ 6 ਨਵੰਬਰ ਨੂੰ, ਧਾਰਮਿਕ ਕਾਰਜ ਸ਼ੁਰੂ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਹਰ ਵਰ੍ਹੇ ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਸ਼ੁਰੂ ਹੋ ਚੁਕੀਆਂ ਹਨ ਇਸ ਦੌਰਾਨ ਧਾਰਮਿਕ ਕਾਰਜ ਸ਼ੁਰੂ ਹੋ ਚੁੱਕੇ ਹਨ ਤੇ ਹਰ ਰੋਜ ਕੀਰਤਨ ਦਰਬਾਰ ਹੁੰਦਾ ਹੈ ਤੇ ਇਨਾਂ ਧਾਰਮਿਕ ਕਾਰਜਾਂ ਨੂੰ ਨੇਪੜੇ ਚਾੜਨ ਲਈ ਸੰਗਤ ਭਾਰੀ ਉਤਸ਼ਾਹ ਨਾਲ ਵੱਖ ਵੱਖ ਤਰਾਂ ਦੀ ਸੇਵਾ ਕਰ ਰਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ ਐਤਵਾਰ ਨੂੰ ਨਿਕਲ ਰਹੇ ਨਗਰ ਕੀਰਤਨ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਇਨਾਂ ਧਾਰਮਿਕ ਦਿਵਾਨਾਂ ਤੇ ਨਗਰ ਕੀਰਤਨ ਵਿੱਚ ਸੰਗਤ ਹਾਜਰੀ ਭਰਦੀ ਹੈ । ਇਸ ਨਗਰ ਕਿਰਤਨ ਵਿੱਚ ਵੱਖ ਵੱਖ ਤਰਾਂ ਦੇ ਫਲੋਟ ਸਜਾਏ ਜਾਂਦੇ ਹਨ ਜੋ ਕਿ ਕਈ ਦਿਨਾਂ ਤੋਂ ਤਿਆਰੀ ਕੀਤੀ ਜਾ ਰਹੀ ਹੈ ਅਤਕੀਂ ਵੀ ਇਸ ਨਗਰ ਕੀਰਤਨ ਵਿਚ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕ ਇਸ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 6 ਨਵੰਬਰ ਨੂੰ ਪਹੁੰਚ ਰਹੇ ਹਨ। ਇਸ ਸ਼ੁਕਰਵਾਰ ਨੂੰ ਪਟਾਕੇ ਚਲਾਏ ਜਾਣਗੇ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ, ਢਾਡੀ ਦਰਬਾਰ ਹੋਵੇਗਾ, ਰੈਣ ਸੁਬਾਈ ਕਰੀਤਨ ਸ਼ਨੀਵਾਰ ਨੂੰ ਹੋਵੇਗਾ, ਐਤਕਾਂ ਬੱਚਿਆਂ ਦਾ ਕੀਰਤਨ ਦਰਬਾਰ ਵੱਖਰਾ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਅਮ੍ਰਿਤ ਸੰਚਾਰ ਵੀ ਹੋਵੇਗਾ।















ਉੜੀਸਾ ਰਾਜ ਵਿਚ ਸਤਿਗੁਰੂ ਰਵਿਦਾਸ ਜੀ ਨੂੰ ਸਮਰਪਿਤ 'ਨਵਾਂ ਆਦਿ ਡੰਕਾ ਸੰਤ ਸੰਦੇਸ' ਕਿਤਾਬ ਵੰਡ ਗਈ। ਮੌਕੇ ਦੀਆਂ ਕੁਝ ਤਸਵੀਰਾਂ ਤੇ ਵੇਰਵਾ- ਅਮਰਜੀਤ ਗੁਰੂ (ਯੂਕੇ)

# ਬਹੁਤ ਖ਼ੂਬ ਰਹੀ-ਮਹਿਫ਼ਿਲ-ਏ-ਸਾਹਿਲ

**ਹੇਵਰਡ–** ਬੀਤੇ ਦਿਨੀਂ ਨਿਊਵਾਰਕ ਦੇ ਮਹਿਰਾਨ ਰੈਸਟੋਰੈਂਟ ਵਿਖੇ Total Entertainment ਅਵਤਾਰ ਸਿੰਘ ਲਾਖਾ ਜੀ ਵਲੋਂ ਮਹਿਫ਼ਿਲ–ਏ–ਸਾਹਿਲ ਆਯੋਜਿਤ ਕੀਤੀ ਗਈ। ਵਿਸ਼ੇਸ਼ ਸੱਦੇ 'ਤੇ ਪਹੁੰਚੇ ਸੌ ਦੇ ਕਰੀਬ ਸੰਗੀਤ ਪ੍ਰੇਮੀ ਰਾਤ ਦੇ ਸਵਾਦੀ ਭੋਜਨ ਦਾ ਅਨੰਦ ਮਾਣਦੇ ਹੋਏ ਇਸ ਮਹਿਫ਼ਿਲ ਲਈ ਜੁੜ ਬੈਠੇ। ਵਿਜੇ ਸਿੰਘ ਨੇ ਸਵਾਗਤੀ ਸ਼ਬਦਾਂ ਤੋਂ ਬਾਅਦ ਸੁਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੂੰ ਤਾੜੀਆਂ ਦੀ





ਗੂੰਜ ਵਿੱਚ ਸਭ ਦੇ ਰੂ ਬ ਰੂ ਕੀਤਾ। ਸਾਹਿਲ ਨੇ ਸੂਫ਼ੀ ਗਾਇਨ ਤੋਂ ਬਾਅਦ ਮਿਆਰੀ ਗਜ਼ਲਾਂ, ਗੀਤਾਂ ਅਤੇ ਲੋਕਗੀਤ ਗਾ ਕੇ ਮਹਿਫ਼ਲ ਵਿੱਚ ਸੁਰਮਈ ਰੰਗ ਭਰ ਦਿੱਤਾ। ਰਾਗ ਚਾਰੂਕੇਸ਼ੀ ਵਿੱਚ ਤੁਫੈਲ ਨਿਆਜ਼ੀ ਦਾ 'ਸਾਡਾ ਚਿੜੀਆਂ ਦਾ ਚੰਬਾ' ਸ਼ਿਵ ਕੁਮਾਰ ਬਟਾਲਵੀ ਦਾ 'ਪੀੜਾਂ ਦਾ ਪਰਾਗਾ' ਤੇ 'ਸ਼ਿਕਰਾ' ਅਲਮਸਤ ਦੇਸਰਪੁਰੀ ਦਾ 'ਚੰਨ ਤੈਨੂੰ ਟੋਲਦਾ ਫਿਰੇ', ਹਰਜਿੰਦਰ ਕੰਗ ਦਾ 'ਤੇਰੇ ਬਾਝੋਂ ਲੱਗਦਾ ਨਾ ਜੀਅ ਵੇ' ਜੱਸ ਔਲਖ ਦਾ 'ਤੂੰ ਸਾਹਾਂ ਵਰਗੀ ਏਂ' ਵਿੱਕੀ ਸੀਲੋ ਦਾ 'ਜੇ ਦੀਵਾ ਹੋਵੇਂ ਤੂੰ ਮਿੱਤਰਾ', ਮੱਖਣ ਲੁਹਾਰ ਦਾ 'ਤੈਨੂੰ ਭੇਜਿਆ ਪੁੱਤ ਪਰਦੇਸਾਂ ਨੂੰ' ਗੀਤਾਂ ਤੋਂ ਇਲਾਵਾ ਹਾਜ਼ਰੀਨ ਦੀ ਫਰਮਾਇਸ਼ 'ਤੇ ਨੈਣਾਂ ਦੀ ਝੜੀ ਅਤੇ ਟੱਪੇ ਆਦਿ ਰਸ–ਭਿੰਨੀ ਆਵਾਜ਼ ਵਿਚ ਪੇਸ਼ ਕੀਤੇ।

ਕੁਲਵਿੰਦਰ ਦੀਆਂ ਕੁਝ ਜ਼ਗਲਾਂ ਦਾ ਗਾਇਨ ਕਰਨ ਤੋਂ ਬਾਅਦ ਜਸਵੰਤ ਸ਼ਾਦ ਦੀ ਫਰਮਾਇਸ਼ 'ਤੇ ਕੁਲਵਿੰਦਰ ਦੀ ਰਚਨਾ 'ਸੀ ਪੈਰਾਂ 'ਚ ਛਾਲੇ ਤੇ ਰਾਹਾਂ 'ਚ ਕਿਰਚਾਂ' ਦਾ ਗਾਇਨ ਪ੍ਰੋਗਰਾਮ ਨੂੰ ਚਾਰ ਚੰਨ ਲਾ ਗਿਆ। ਤ੍ਰੋਚਿਏ`ਾ ਫੁਨਜਅਬ ਦੀ ਵਿਜੇਤਾ ਜਸਪਿੰਦਰ ਰੈਨਾ ਨੇ ਮਧੁਰ ਆਵਾਜ਼ ਵਿਚ ਪੰਜਾਬੀ ਅਤੇ ਪਾਕਿਸਤਾਨੀ ਗੀਤਾਂ ਨਾਲ ਹਾਜ਼ਰੀ ਭਰੀ। ਇਸ ਸੰਗੀਤਕ ਮਹਿਫ਼ਲ ਨੂੰ ਵਿਸਮਾਦਤ ਕਰਨ ਲਈ ਤਬਲਾ ਮਾਸਟਰ ਮਲਕੀਤ ਸੰਧੂ, ਢੋਲਕ ਮਾਸਟਰ ਅਸ਼ੋਕ ਸੋਨੂੰ, ਪੈਡ 'ਤੇ ਅੰਮ੍ਰਿਤ, ਗਿਟਾਰ ਵਾਦਕ ਰਿਚਰਡ ਅਤੇ ਕੀ ਬੋਰਡ ਮਾਸਟਰ ਨਾਗਰਾਜ ਨੇ ਆਪਣੀ ਭੂਮਿਕਾ ਬੜੀ ਸ਼ਿੱਦਤ ਨਾ.ਲ ਨਿਭਾਈ। ਵਿਜੇ ਸਿੰਘ ਨੇ ਧੰਨਵਾਦ ਦੇ ਰੂਪ ਵਿਚ ਸਪਾਂਸਰਾਂ ਦੇ ਨਾਮ ਪੜ੍ਹਦਿਆਂ ਹਾਸਿਆਂ ਦੀਆਂ ਪਟਾਰੀਆਂ ਵੀ ਖੋਲ੍ਹੀ ਛੱਡੀਆਂ। ਦੇਰ ਰਾਤ ਤੱਕ ਬਹੁਤ ਖ਼ੂਬ ਰਹੀ ਇਸ ਮਹਿਫ਼ਲ ਦੇ ਸਮਾਪਤ ਹੋਣ ਤੱਕ ਹਾਲ ਵਿੱਚ ਬੈਠੀ ਹਰ ਰੂਹ ਸਰਸ਼ਾਰ ਰਹੀ। ਸੁਖਦੇਵ ਸਾਹਿਲ ਦੇ ਸਿਰ 'ਤੇ ਰਹਿਮਤ (ਡਾਲਰਾਂ) ਦੀ ਝੜੀ ਲੱਗੀ ਰਹੀ।

**ਰਿਪੋਰਟ: ਲਾਜ ਨੀਲਮ ਸੈਣੀ, 510-502-0551**

## 10 ਅਕਤੂਬਰ 2014 ਦਾ ਗੈਰ ਸੰਵਿਧਾਨਕ ਪੱਤਰ ਰੱਦ ਕਰਵਾਉਣ ਅਤੇ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕਰਵਾਉਣ ਲਈ

# ਐਸਸੀ/ਬੀਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਵਫ਼ਦ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਮਿਲਿਆ

**ਫਗਵਾੜਾ 1 ਨਵੰਬਰ (ਬੀਕੇ ਰੱਤੂ)–** ਐਸਸੀ/ਬੀਸੀ ਸਮਾਜ ਅਤੇ ਮੁਲਾਜ਼ਮ ਵਰਗ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸਸੀ/ਬੀਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ, ਵਿਨੋਦ ਕੁਮਾਰ, ਬਲਵਿੰਦਰ ਨਿਧੜਕ, ਦੇ ਵਫ਼ਦ ਨੇ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਨਾਲ ਫਗਵਾੜਾ ਵਿਖੇ ਮੁਲਾਜ਼ਮ ਵਰਗ ਦੀਆਂ ਭਖਦੀਆਂ ਮੰਗਾਂ ਅਤੇ ਮਸਲਿਆਂ ਸਬੰਧੀ ਮੀਟਿੰਗ ਵਿਚ ਵਿਚਾਰ ਵਟਾਂਦਰਾ ਕੀਤਾ। ਸਭ ਤੋਂ ਪਹਿਲਾਂ ਸ੍ਰੀ ਟੂਰਾ ਨੇ ਮੁਲਾਜ਼ਮ ਵਰਗ ਦੀ 01।01।2004 ਤੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਕੈਬਨਿਟ ਮੀਟਿੰਗ ਵਿੱਚ ਪਾਸ ਕੀਤੇ ਫੈਸਲੇ ਦਾ ਧੰਨਵਾਦ ਕਰਦਿਆਂ ਇਸ ਦਾ ਨੋਟੀਫਿਕੇਸ਼ਨ ਜਲਦ ਤੋਂ ਜਲਦ ਪੁਰਾਣੀ ਪੈਨਸ਼ਨ ਦੇ ਨਿਯਮਾਂ ਅਨੁਸਾਰ ਜਾਰੀ ਕਰਨ ਦੀ ਪੁਰਜ਼ੋਰ ਅਪੀਲ ਕੀਤੀ। ਇਸ ਤੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਸਰਕਾਰ ਬਹੁਤ ਜਲਦ ਇਸ ਸੰਬੰਧੀ ਪੁਰਾਣੀ



ਪੈਨਸ਼ਨ ਦੀ ਤਰਜ਼ ਤੇ ਨੋਟੀਫਿਕੇਸ਼ਨ ਜਾਰੀ ਕਰਨ ਜਾ ਰਹੀ ਹੈ। ਕੱਚੇ ਅਧਿਆਪਕਾਂ, ਈਜੀਐਸ /ਏਆਈਈ ਵਲੰਟੀਅਰਜ ਨੂੰ ਰੈਗੂਲਰ ਕਰਨ ਦੀ ਪਾਲਿਸੀ ਅਧੀਨ ਅਤੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਾਰੇ ਮੁਲਾਜ਼ਮਾਂ ਨੂੰ ਠੇਕੇਦਾਰੀ ਪ੍ਰਥਾ ਬੰਦ ਕਰਦੇ ਹੋਏ ਵਿਭਾਗ ਅਧੀਨ ਲਿਆਉਣ ਲਈ ਪੁਰਜ਼ੋਰ ਅਪੀਲ ਕੀਤੀ। ਐਸਸੀ ਅਤੇ ਬੀਸੀ ਮੁਲਾਜ਼ਮ ਵਰਗ ਦੀਆਂ ਭਖਦੀਆਂ ਮੰਗਾਂ ਸੰਬੰਧੀ ਮਾਣਯੋਗ ਮੰਤਰੀ ਜੀ ਨੂੰ ਅਪੀਲ ਕੀਤੀ ਕਿ ਉਹ 85ਵੀਂ ਸੰਵਿਧਾਨਕ ਸੋਧ ਨੂੰ 1995 ਤੋਂ ਲਾਗੂ ਕਰਨ ਅਤੇ ਅਕਾਲੀ ਭਾਜਪਾ ਸਰਕਾਰ ਦੌਰਾਨ ਪਰਸੋਨਲ ਵਿਭਾਗ ਵੱਲੋਂ ਜਾਰੀ 10 ਅਕਤੂਬਰ 2014 ਦਾ ਗੈਰ ਸੰਵਿਧਾਨਕ ਪੱਤਰ ਜਲਦ ਰੱਦ ਕਰਵਾਉਣ । ਅੱਗੇ ਗੱਲ ਕਰਦਿਆਂ ਉਨ੍ਹਾਂ ਭਰਤੀ ਅਤੇ ਤਰੱਕੀਆਂ ਵਿੱਚ ਆਬਾਦੀ ਅਨੁਸਾਰ ਰਾਖਵਾਂਕਰਨ ਲਾਗੂ ਕਰਵਾਉਣ, ਸਿੱਖਿਆ ਐਕਟ 2018 ਅਧੀਨ ਵੱਖ ਵੱਖ ਕੇਡਰ ਦੀਆਂ ਖਤਮ ਕੀਤੀਆਂ ਪੋਸਟਾਂ ਨੂੰ ਬਹਾਲ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੋਸਟ ਸਮੇਤ ਰੈਗੂਲਰ ਕਰਵਾਉਣ, ਠੇਕੇ ਤੇ ਕੀਤੀ ਗਈ ਸਰਵਿਸ ਨੂੰ ਪੈਨਸ਼ਨ ਸਮੇਂ ਗਿਣਨ ਮਿੱਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਡੀਸੀ ਰੇਟ ਘੱਟੋ ਘੱਟ ਉਜਰਤ ਕਾਨੂੰਨ ਦੇ ਘੇਰੇ ਦੇ ਅਧੀਨ ਲਿਆ ਕਿ ਹਰ ਮਹੀਨੇ ਦੀ 07 ਤਾਰੀਖ ਤੱਕ ਤਨਖਾਹ ਜਾਰੀ ਕਰਨ ਦੇ ਮੁੱਦੇ ਉਠਾਏ। ਜਿਸ ਉੱਪਰ ਮਾਣਯੋਗ ਮੁੱਖ ਮੰਤਰੀ ਵੱਲੋਂ ਸਾਰੇ ਮੁੱਦਿਆਂ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਗਿਆ ਅਤੇ ਇਸ ਉੱਪਰ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ। ਫੈਡਰੇਸ਼ਨ ਵੱਲੋਂ ਐਸਸੀ ਅਤੇ ਬੀਸੀ ਸਮਾਜ ਅਤੇ ਮੁਲਾਜ਼ਮ ਵਰਗ ਦੀਆਂ ਮੰਗਾਂ ਸਬੰਧੀ ਇਕ ਮੰਗ ਪੱਤਰ ਵੀ ਮਾਣਯੋਗ ਮੁੱਖ ਮੰਤਰੀ ਪੰਜਾਬ ਜੀ ਨੂੰ ਦਿੱਤਾ ਗਿਆ। ਇਹ ਮੀਟਿੰਗ ਬਹੁਤ ਹੀ ਵਧੀਆ ਅਤੇ ਸਾਕਾਰਾਤਮਕ ਮਾਹੌਲ ਵਿੱਚ ਹੋਈ ।ਇਸ ਮੌਕੇ ਸੁਰਜੀਤ ਲਾਲ, ਮਨਜੀਤ ਗਾਟ ਲਖਵੀਰ ਚੰਦ ਅਤੇ ਹੋਰ ਸਾਥੀ ਹਾਜ਼ਰ ਸਨ।

# ਟੀ-20 ਦੇ ਰੋਹਿਤ ਸ਼ਰਮਾ ਤੇ ਵਨਡੇ ਟੀਮ ਦੇ ਸ਼ਿਖਰ ਧਵਨ ਬਣੇ ਕਪਤਾਨ

**ਨਵੀਂ ਦਿੱਲੀ–** ਨਿਊਜ਼ੀਲੈਂਡ ਤੇ ਬੰਗਲਾਦੇਸ਼ ਦੌਰਿਆਂ ਲਈ ਭਾਰਤੀ ਟੀਮਾਂ ਦਾ ਐਲਾਨ ਹੋ ਚੁੱਕਾ ਹੈ। ਭਾਰਤੀ ਕ੍ਰਿਕਟ ਟੀਮ ਟੀ-20 ਵਿਸ਼ਵ ਕੱਪ 2022 ਦੀ ਸਮਾਪਤੀ ਤੋਂ ਬਾਅਦ ਨਿਊਜ਼ੀਲੈਂਡ ਦੇ ਦੌਰੇ 'ਤੇ ਜਾਵੇਗੀ ਅਤੇ ਇਸ ਦੌਰੇ ਲਈ ਟੀਮ ਇੰਡੀਆ ਦੀਆਂ ਟੀ-20 ਅਤੇ ਵਨਡੇ ਟੀਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਬੰਗਲਾਦੇਸ਼ ਖਿਲਾਫ ਤਿੰਨ ਮੈਚਾਂ ਦੀ ਵਨਡੇ ਸੀਰੀਜ਼ ਤੇ ਟੈਸਟ ਸੀਰੀਜ਼ ਲਈ ਵੀ ਭਾਰਤੀ ਟੀਮ ਦਾ ਐਲਾਨ ਕੀਤਾ ਗਿਆ। ਹਾਰਦਿਕ ਪੰਡਯਾ ਦੀ ਜਗ੍ਹਾ ਰੋਹਿਤ ਸ਼ਰਮਾ ਨੂੰ ਟੀ-20 ਸੀਰੀਜ਼ ਲਈ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ ਹੈ, ਜਦਕਿ



ਵਨਡੇ ਸੀਰੀਜ਼ ਲਈ ਭਾਰਤੀ ਟੀਮ ਦੀ ਕਮਾਨ ਸ਼ਿਖਰ ਧਵਨ ਦੇ ਹੱਥਾਂ 'ਚ ਹੋਵੇਗੀ। ਇਸ ਦੌਰੇ 'ਤੇ ਦੋਵਾਂ ਦੇਸ਼ਾਂ ਵਿਚਾਲੇ ਤਿੰਨ ਮੈਚਾਂ ਦੀ ਟੀ-20 ਅਤੇ ਫਿਰ ਵਨਡੇ ਸੀਰੀਜ਼ ਖੇਡੀ ਜਾਵੇਗੀ। ਰੋਹਿਤ ਸ਼ਰਮਾ, ਵਿਰਾਟ ਕੋਹਲੀ ਵਰਗੇ ਸੀਨੀਅਰ ਖਿਡਾਰੀਆਂ ਨੂੰ ਟੀ-20 ਅਤੇ ਵਨਡੇ ਸੀਰੀਜ਼ ਲਈ ਆਰਾਮ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਦਿਨੇਸ਼ ਕਾਰਤਿਕ ਨੂੰ ਵੀ ਇਸ ਸੀਰੀਜ਼ ਲਈ ਆਰਾਮ ਦਿੱਤਾ ਗਿਆ ਹੈ। ਟੀ-20 ਵਿਸ਼ਵ ਕੱਪ 2022 ਵਿੱਚ ਖੇਡ ਰਹੇ ਜ਼ਿਆਦਾਤਰ ਖਿਡਾਰੀਆਂ ਨੂੰ ਨਿਊਜ਼ੀਲੈਂਡ ਦੌਰੇ ਲਈ ਆਰਾਮ ਦਿੱਤਾ ਗਿਆ ਸੀ। ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਪਹਿਲਾ ਟੀ-20 ਮੈਚ 18 ਨਵੰਬਰ ਨੂੰ ਖੇਡਿਆ ਜਾਵੇਗਾ, ਜਦਕਿ ਦੂਜਾ ਮੈਚ 20 ਨਵੰਬਰ ਅਤੇ ਤੀਜਾ ਮੈਚ 22 ਨਵੰਬਰ ਨੂੰ ਖੇਡਿਆ ਜਾਵੇਗਾ। ਇਸ ਤੋਂ ਇਲਾਵਾ ਤਿੰਨ ਮੈਚਾਂ ਦੀ ਵਨਡੇ ਸੀਰੀਜ਼ ਦਾ ਪਹਿਲਾ ਮੈਚ 25 ਨਵੰਬਰ, ਦੂਜਾ ਮੈਚ 27 ਨਵੰਬਰ ਅਤੇ ਤੀਜਾ ਮੈਚ 30 ਨਵੰਬਰ ਨੂੰ ਖੇਡਿਆ ਜਾਵੇਗਾ। ਨਿਊਜ਼ੀਲੈਂਡ ਦੌਰੇ ਲਈ ਭਾਰਤੀ ਟੀ-20 ਟੀਮ ਹਾਰਦਿਕ ਪੰਡਯਾ (ਕਪਤਾਨ), ਰਿਸ਼ਭ ਪੰਤ, ਈਸ਼ਾਨ ਕਿਸ਼ਨ, ਸ਼ੁਭਮਨ ਗਿੱਲ, ਦੀਪਕ ਹੁੱਡਾ, ਸੂਰਯੁਕਮਾਰ ਯਾਦਵ, ਸ਼੍ਰੇਅਸ ਅਈਅਰ, ਸੰਜੂ ਸੈਮਸਨ, ਵਾਸ਼ਿੰਗਟਨ ਸੁੰਦਰ, ਯੁਜ਼ਵੇਂਦਰ ਚਾਹਲ, ਕੁਲਦੀਪ ਯਾਦਵ, ਹਰਸ਼ਲ ਪਟੇਲ, ਮੁਹੰਮਦ ਸਿਰਾਜ, ਭੁਵਨੇਸ਼ਵਰ ਕੁਮਾਰ, ਅਰਸ਼ਦੀਪ ਸਿੰਘ, ਉਮਰਾਨ ਮਲਿਕ। ਨਿਊਜ਼ੀਲੈਂਡ ਦੌਰੇ ਲਈ ਭਾਰਤੀ ਵਨਡੇ ਟੀਮ ਸ਼ਿਖਰ ਧਵਨ (ਕਪਤਾਨ), ਰਿਸ਼ਭ ਪੰਤ, ਸ਼ੁੰਭਨ ਗਿੱਲ, ਦੀਪਕ ਹੁੱਡਾ, ਸ਼੍ਰੇਅਸ ਅਈਅਰ, ਸੂਰਯਕੁਮਾਰ ਯਾਦਵ, ਸੰਜੂ ਸੈਮਸਨ, ਯੁਜਵੇਂਦਰ ਚਾਹਲ, ਕੁਲਦੀਪ ਯਾਦਵ, ਸ਼ਾਹਬਾਜ਼ ਅਹਿਮਦ, ਵਾਸ਼ਿੰਗਟਨ ਸੁੰਦਰ, ਉਮਰਾਨ ਮਲਿਕ, ਕੁਲਦੀਪ ਸੇਨ, ਅਰਸ਼ਦੀਪ ਸਿੰਘ, ਕੁਲਦੀਪ ਠਾਕੁਰ, ਦੀਪਕ ਚਾਹਰ। ਬੰਗਲਾਦੇਸ਼ ਖਿਲਾਫ ਟੈਸਟ ਸੀਰੀਜ਼ ਦੀ ਟੀਮ ਰੋਹਿਤ ਸ਼ਰਮਾ, ਲੋਕੇਸ਼ ਰਾਹੁਲ, ਸ਼ੁਭਮਨ ਗਿੱਲ, ਚੇਤੇਸ਼ਵਰ ਪੁਜਾਰਾ, ਵਿਰਾਟ ਕੋਹਲੀ, ਸ਼੍ਰੇਅਸ ਅਈਅਰ, ਰਿਸ਼ਭ ਪੰਤ, ਕੇਐਸ ਭਰਤ, ਰਵੀਚੰਦਰਨ ਅਸ਼ਵਿਨ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਕੁਲਦੀਪ ਯਾਦਵ, ਸ਼ਾਰਦੁਲ ਠਾਕੁਰ, ਮੁਹੰਮਦ ਸ਼ੰਮੀ, ਮੁਹੰਮਦ ਸਿਰਾਜ ਅਤੇ ਉਮੇਸ਼ ਯਾਦਵ। ਬੰਗਲਾਦੇਸ਼ ਖਿਲਾਫ ਭਾਰਤੀ ਵਨਡੇ ਟੀਮ ਰੋਹਿਤ ਸ਼ਰਮਾ (ਕਪਤਾਨ), ਕੇਐੈਲ ਰਾਹੁਲ (ਉਪ-ਕਪਤਾਨ), ਸ਼ਿਖਰ ਧਵਨ, ਵਿਰਾਟ ਕੋਹਲੀ, ਰਜਤ ਪਾਟੀਦਾਰ, ਸ਼੍ਰੇਅਸ ਅਈਅਰ, ਰਾਹੁਲ ਤ੍ਰਿਪਾਠੀ, ਰਿਸ਼ਭ ਪੰਤ (ਵਿਕਟਕੀਪਰ), ਈਸ਼ਾਨ ਕਿਸ਼ਨ (ਵਿਕਟਕੀਪਰ), ਰਵਿੰਦਰ ਜਡੇਜਾ, ਅਕਸ਼ਰ ਪਟੇਲ, ਵਾਸ਼ਿੰਗਟਨ ਸੁੰਦਰ, ਸ਼ਾਰਦੁਲ ਠਾਕੁਰ, ਸ਼ੰਮੀ, ਮੁਹੰਮਦ ਸਿਰਾਜ, ਦੀਪਕ ਚਾਹਰ, ਯਸ਼ ਦਿਆਲ।

# ਯੂਬਾ ਸਿਟੀ ਵਿਖੇ ਸ਼ਬਦ ਗੁਰੂ ਗ੍ਰੰਥ ਦੇ ਗੁਰ ਗੱਦੀ ਦਿਵਸ 'ਤੇ ਵਿਸ਼ੇਸ਼

ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਯੂਬਾਸਿਟੀ ਸ਼ਹਿਰ ਕੈਲੇਫੋਰਨੀਆਂ (ਅਮਰੀਕਾ) ਵਿਖੇ ਸਿੱਖਾਂ ਦੇ ਧੰਨਾਡ ਤੇ ਸ਼ਰਧਾਵਾਨ ਮਰਹੂਮ ਨੇਤਾ ਸ੍ਰ। ਦਿਦਾਰ ਸਿੰਘ ਬੈਂਸ ਵੱਲੋਂ ਕਈ ਦਹਾਕੇ ਪਹਿਲਾਂ "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਦਾ ਗੁਰ ਗੱਦੀ ਦਿਵਸ ਵੱਡੀ ਪੱਧਰ ਤੇ ਮਨਾਇਆ ਜਾਣ ਲੱਗਾ ਜੋ ਅੱਜ ਇੱਕ ਵਿਸ਼ੇਸ਼ ਨਗਰ ਕੀਰਤਨ ਦਾ ਰੂਪ ਧਾਰਨ ਕਰਕੇ ਵਿਦੇਸ਼ਾਂ ਦੀ ਧਰਤੀ ਤੇ ਸਿੱਖੀ ਜਲਵੇ ਦੀ ਖਿੱਚ ਦਾ ਮੁੱਖ ਬਿੰਦੂ ਬਣਿਆਂ ਹੋਇਆ ਹੈ ਜਿੱਥੇ ਕਥਾ, ਕੀਰਤਨ, ਢਾਡੀ ਤੇ ਕਵੀ ਦਰਬਾਰ, ਸੈਮੀਨਾਰ, ਧਾਰਮਿਕ ਤੇ ਰਾਜੀਤਕ ਸਟੇਜਾਂ ਲੱਗਦੀਆਂ ਹਨ। ਵੰਨ ਸੁਵੰਨੇ ਲੰਗਰ, ਧਾਰਮਿਕ ਲਿਟਰੇਚਰ ਅਤੇ ਹੋਰ ਸਾਜੋ ਸਮਾਨ ਦੀਆਂ ਵੱਖ ਵੱਖ ਸਟਾਲਾਂ ਇਸ ਨਗਰ ਕੀਰਤਨ ਮੇਲੇ ਦੀ ਸ਼ੋਭਾ ਨੂੰ ਵਧਾਉਂਦੀਆਂ ਹਨ। ਹੈਲੀ ਕੈਪਟਰ ਨਾਲ ਨਗਰ ਕੀਰਤਨ ਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਪੰਜਾਬੀਆਂ ਤੋਂ ਇਲਾਵਾ ਗੋਰੇ, ਕਾਲੇ, ਮਸੀਕੇ ਤੇ ਹੋਰ ਕਮਿੰਟੀਆਂ ਦੇ ਲੋਕ ਵੀ ਇਸ ਨਗਰ ਕੀਰਤਨ ਮੇਲੇ ਦਾ ਸ਼ਿੰਗਾਰ ਬਣਦੇ ਹਨ। ਇਹ ਦਿਹਾੜਾ ਸਿੱਖਾਂ ਦੀ ਵੱਖਰੀ ਪਹਿਚਾਨ, ਕੌਮ, ਸ਼ਾਨੋ ਸ਼ੌਕਤ ਅਤੇ ਚਿਰਾਂ ਦੇ ਵਿਛੜਿਆਂ ਦੇ ਮੇਲ ਗੇਲ ਦਾ ਪ੍ਰਤੀਕ ਵੀ ਬਣ ਗਿਆ ਹੈ।

ਜਲੌਅ-ਜਲੌਅ ਦਾ ਅਰਥ ਹੈ ਜਲਵਾ, ਸ਼ਾਨੋ ਸ਼ੌਕਤ ਵਾਲੀਆਂ ਝਲਕੀਆਂ। ਆਮ ਤੌਰ ਤੇ ਕਿਸੇ ਵਿਸ਼ੇਸ਼ ਦਿਨ ਤੇ ਕੀਮਤੀ ਚੀਜਾਂ ਦੀ ਨਮਾਇਸ਼ ਲਾਉਣੀ। ਸਿੱਖਾਂ 'ਚ ਜਲੌਅ ਸ਼ਬਦ ਦੀ ਬਹਤੀ ਵਰਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਏ ਤੋਸ਼ੇਖਾਨੇ ਦੀ ਦੀ ਨਮਾਇਸ਼ ਜੋ ਸਾਲ 'ਚ ਚਾਰ ਵਾਰ ਲਾਈ ਜਾਂਦੀ ਹੈ। ਜਲਵਾ ਤੇ ਜਲੂਸ ਸ਼ਬਦ ਵੀ ਜਲੌਅ ਚੋਂ ਹੀ ਪੈਦਾ ਹੋਏ ਹਨ।

ਜਲੂਸ-ਜਲੂਸ ਤੋਂ ਭਾਵ ਜਲਵੇ ਦੀ ਨਮਾਇਸ਼ ਕਰਨਾ। ਸਮਾਂ ਬੀਤਣ ਤੇ ਕਿਸੇ ਵਿਸ਼ੇਸ਼ ਦਿਨ ਉਸ ਘਟਨਾਂ ਸਬੰਧੀ ਇਕੱਠੇ ਹੋ, ਖੁਸ਼ੀ, ਗੁੱਸੇ ਜਾਂ ਜਜ਼ਬਾਤ ਦਾ ਪ੍ਰਗਟਾਵਾ ਕਰਨਾ। ਕਿਸੇ ਵਿਸ਼ੇਸ਼ ਇਤਹਾਸਕ ਘਟਨਾਂ ਨੂੰ ਹਮੇਸ਼ਾਂ ਯਾਦ ਰੱਖਣ ਵਾਸਤੇ ਵੀ ਜਲੂਸ ਕੱਢੇ ਜਾਣ ਲੱਗੇ। ਸਿੱਖਾਂ 'ਚ ਗੁਰਪੁਰਬ ਸਬੰਧੀ, ਸ਼ਬਦ ਗੁਰੂ ਦੀ ਅਗਵਾਈ 'ਚ ਇਕੱਠੇ ਹੋ ਗਲੀਆਂ ਬਜਾਰਾਂ 'ਚ ਕਿਰਪਾਨਾਂ ਨਾਲ ਅਗਵਾਈ ਕਰਦੇ ਨੇ ਜਿੰਨਾਂ ਨੂੰ ਗਲਤੀ ਨਾਲ ਪੰਜ ਪਿਆਰੇ ਕਿਹਾ ਜਾਣ ਲੱਗ ਪਿਆ ਹੈ। ਰਾਗੀ, ਢਾਡੀ ਤੇ ਸੰਗਤਾਂ ਇਸ ਸਮੇਂ ਮਿਥੇ ਰਸਤਿਆਂ ਤੇ ਸ਼ਬਦ ਗਾਉਂਦੇ ਜਾਂਦੇ ਅਤੇ ਜੋਸ਼ੀਲੇ ਨਾਅਰੇ ਵੀ ਲਗਾਏ ਜਾਂਦੇ ਹਨ। ਇਹ ਧਾਰਮਿਕ ਸੰਗਤੀ ਰੋਸ ਜਲੂਸ ਤੋਂ ਵੱਖਰਾ ਹੁੰਦੈ ਕਿਉਂਕਿ ਇਸ 'ਚ "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਦੀ ਸਵਾਰੀ ਨਹੀਂ ਹੁੰਦੀ ਅਤੇ ਪ੍ਰੋਟੈਸਟ ਕਰਦੇ ਵਿਰੋਧਤਾ ਦੇ ਨਾਅਰੇ ਲਗਾਏ ਜਾਂਦੇ ਹਨ।



ਅਵਤਾਰ ਸਿੰਘ ਮਿਸ਼ਨਰੀ
510-432-5827

ਨਗਰ ਕੀਰਤਨ ਦੇ ਸਬੰਧ 'ਚ ਭਾਈ ਕਾਹਨ ਸਿੰਘ ਨ੍ਹਾਭਾ ਗੁਰਮਤਿ ਮਾਰਤੰਡ 'ਚ ਲਿਖਦੇ ਹਨ ਕਿ ਹੁਣ ਖਾਸ ਉਤਸਵਾਂ 'ਤੇ ਨਗਰ 'ਚ ਫਿਰ ਕੇ ਵਾਜੇ ਗਾਜੇ ਨਾਲ ਕੀਰਤਨ ਉਪਦੇਸ਼ ਕਰਨ ਦੀ ਰੀਤ ਪੈ ਗਈ ਜੋ ਧਰਮ ਪ੍ਰਚਾਰ ਲਈ ਬੁਰੀ ਨਹੀਂ ਪਰ ਕਦੇ ਕਦੇ ਨਾਦਾਨ ਜੋਸ਼ੀਲੇ ਲੋਕਾਂ ਦੀ ਕ੍ਰਿਪਾ ਨਾਲ ਉਪਦ੍ਰਵ ਮੱਚ ਜਾਂਦੇ ਹਨ। ਵਿਚਾਰਵਾਨ ਪ੍ਰਬੰਧਕਾਂ ਨੂੰ ਇਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਉਹ ਸ਼ਬਦ ਗਾਏ ਜਾਣ ਜਿੰਨ੍ਹਾਂ 'ਚ ਭਗਤੀ, ਸੇਵਾ, ਪ੍ਰੇਮ ਅਤੇ ਸ਼ਰਧਾ ਆਦਿ ਦਾ ਉਪਦੇਸ਼ ਹੋਵੇ। ਵਖਿਆਨ ਕੋਮਲ ਸ਼ਬਦਾਂ 'ਚ ਹਿਤ ਭਰੇ ਪਰਸਪਰ ਪ੍ਰੀਤ ਵਧਾਉਣ ਵਾਲੇ ਹੋਣ। ਖਿਮਾਂ, ਧੀਰਜ ਤੇ ਸ਼ਾਤੀ ਦਾ ਕਿਸੇ ਦੇ ਭੜਕਾਉਣ ਤੇ ਵੀ ਤਿਆਗ ਨਾ ਕੀਤਾ ਜਾਵੇ। ਨਗਾਰਾ ਤੇ ਨਿਸ਼ਾਨ ਜੋ ਖਾਲਸੇ ਦਾ ਮੁੱਖ ਚਿੰਨ੍ਹ ਹੈ ਜਥੇ ਦੇ ਅੱਗੇ ਹੋਵੇ ਅਤੇ ਰੌਲੂ ਵਾਜਿਆਂ ਦਾ ਤਿਆਗ ਕੀਤਾ ਜਾਵੇ।




ਕੀਰਤਨ ਕਰਦੇ ਲੰਘਣ ਨੂੰ ਵੀ ਜਲੂਸ ਕਿਹਾ ਜਾਂਦਾ ਸੀ। ਸਿੱਖ ਵੱਡੇ ਸ਼ਹਿਰਾਂ ਤੇ ਨਗਰਾਂ 'ਚ ਇਸ ਤਰਾਂ ਦੇ ਜਲੂਸ ਗੁਰੂ ਨਾਨਕ ਸਾਹਿਬ ਦੇ ਜਨਮ ਪ੍ਰਕਾਸ਼ ਸੰਨ 1469, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-1661, ਖਾਲਸਾ ਪ੍ਰਗਟ ਦਿਵਸ-1699, ਸ਼ਹੀਦੀ ਗੁਰੂ ਅਰਜਨ ਸਾਹਿਬ-30-05-1606, ਸ਼ਹੀਦੀ ਗੁਰੂ ਤੇਗਬਹਾਰ 11-11-1675 ਦੇ ਸਬੰਧ 'ਚ ਕੱਢਿਆ ਕਰਦੇ ਸਨ। ਧਾਰਮਿਕ ਜਾਂ ਰਾਜਨੀਤਕ ਮੰਗਾਂ ਜਾਂ ਕਿਸੇ ਹੋਰ ਮਸਲੇ ਵਾਸਤੇ ਵੀ ਪ੍ਰੋਟੈਸਟ ਰੂਪ 'ਚ ਜਲੂਸ ਕੱਢੇ ਜਾਂਦੇ ਹਨ। ਭਾਰਤ ਦੀ ਬਦਨੀਤ ਸਰਕਾਰ ਦੇ ਹੁਕਮ ਨਾਲ ਭਰਤੀ ਫੌਜ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕੀਤੇ ਘਾਤਕ ਹਮਲੇ ਦੇ ਵਿਰੁੱਧ ਪ੍ਰੋਟੈਸਟ ਲਈ ਸਿੱਖਾਂ ਨੇ ਸੰਸਾਰ ਭਰ 'ਚ ਰੋਸ ਮਾਰਚ (ਜਲੂਸ) ਕੱਢੇ ਤੇ ਕਈ ਥਾਵੀਂ ਹੁਣ ਵੀ ਕੱਢੇ ਜਾ ਰਹੇ ਹਨ।

ਨਗਰ ਕੀਰਤਨ-ਹੁਣ ਜਲੂਸ ਦੀ ਥਾਂ ਸਭਿਅਕ ਸ਼ਬਦ ਨਗਰ ਕੀਰਤਨ ਵਰਤਿਆ ਜਾਣ ਲੱਗ ਪਿਆ ਜਿਸ ਦਾ ਭਾਵ ਕਿ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੀਆਂ ਗਲੀਆਂ ਤੇ ਮੁਹੱਲਿਆਂ ਚੋਂ ਸ਼ਬਦ ਗਾਉਂਦੇ ਲੰਘਣਾ। ਵੀਹਵੀਂ ਸਦੀ ਤੋਂ ਪਹਿਲਾਂ ਇਹ ਵਰਤਾਰਾ ਨਹੀਂ ਸੀ। ਸਿੱਖ ਇਤਿਹਾਸ 'ਚ ਕੇਵਲ ਇੱਕ ਨਗਰ ਕੀਰਤਨ ਦਾ ਪਤਾ ਲਗਦਾ ਹੈ ਜੋ "ਹੋਲੇ ਮਹੱਲੇ" ਮੌਕੇ ਸੰਨ 1703 ਤੋਂ ਹਰ ਸਾਲ ਅਨੰਦਪੁਰ ਵਿਖੇ ਕੱਢਿਆ ਜਾਂਦਾ ਸੀ। ਅੱਜ ਕੱਲ੍ਹ ਨਗਰ ਕੀਰਤਨ ਦੌਰਾਨ, ਸਿੱਖ ਗਲੀਆਂ, ਮੁਹੱਲਿਆਂ ਤੇ ਬਜਾਰਾਂ 'ਚ ਮਿਥੇ ਰਸਤੇ ਪਰ ਜਲੂਸ (ਨਗਰ ਕੀਰਤਨ) ਕਰਦੇ ਹਨ। "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਤੇ ਪੰਜ ਸਿੱਖ ਜਿੰਨ੍ਹਾਂ ਨੇ ਹੱਥਾਂ 'ਚ ਨਿਸ਼ਾਨ ਸਾਹਿਬ ਫੜੇ ਹੁੰਦੇ ਆ, ਨਗਰ ਕੀਰਤਨ ਦੀ ਅਗਵਾਈ ਕਰਦੇ ਪਰ ਅਜੋਕੇ ਦੌਰ 'ਚ ਪੰਜ ਸਿੰਘ ਨੰਗੀਆਂ ਜੇ ਕਿਸੇ ਪ੍ਰਸਿੱਧ ਗੁਰਦੁਆਰੇ ਤੋਂ ਮੁਹੱਲੇ ਦੀ ਸ਼ਕਲ 'ਚ ਸੰਗਤ ਜਾਵੇ ਤਾਂ "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਨੂੰ ਹਾਥੀ ਪਾਲਕੀ ਆਦਿਕ ਵਿੱਚ ਅਸਥਾਪਨ ਕਰਕੇ, ਪ੍ਰੋਸ਼ੈਸਨ 'ਚ ਲਿਆਂਦਾ ਜਾਵੇ, ਨਹੀਂ ਤਾਂ ਮਾਮੂਲੀ ਗਲੀਆਂ 'ਚ ਜਾਣੋ ਸੰਕੋਚ ਕਰਨਾ ਚਾਹੀਏ।

ਜਰਾ ਵਿਚਾਰੀਏ ਕਿ ਗੁਰਬਾਣੀ ਨੂੰ ਆਪ ਪੜ੍ਹਨ, ਵਿਚਾਰਨ ਅਤੇ ਧਾਰਨ ਦੀ ਥਾਂ ਭਾੜੇ ਦੇ ਪਾਠ, ਕਥਾ, ਕੀਰਤਨ ਅਤੇ ਅਰਦਾਸਾਂ ਕਰੌਣੀਆਂ, "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਦੀ ਵੀ ਮੂਰਤੀਆਂ ਵਾਂਗ ਪੂਜਾ ਕਰਨੀ ਭਾਵ ਕੇਵਲ ਮੱਥੇ ਟੇਕਣੇ, ਸੁੱਖਣਾ ਸੁੱਖਣੀਆਂ, ਧੂਫਾਂ ਧੁਖਾਉਣੀਆਂ ਅਤੇ ਵੱਖ-ਵੱਖ ਪਾਰਟੀਆਂ ਬਣਾ ਕੇ, ਭਰਾ ਮਾਰੂ ਜੰਗ ਵਿੱਚ ਉਲਝਣਾ ਆਦਿਕ ਹੋਰ ਵੀ ਐਸੇ ਅਨੇਕਾਂ ਕਾਰਨ ਹਨ ਜਿੰਨ੍ਹਾਂ ਕਰਕੇ ਅੱਜ ਖਾਲਸਾ ਪੰਥ ਢਹਿੰਦੀਆਂ ਕਲਾਂ ਵਿੱਚ ਜਾ ਰਿਹੈ ਅਤੇ "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਦੀ ਸਰਬਉੱਚਤਾ ਨੂੰ ਢਾਹ ਲੱਗ ਰਹੀ ਹੈ। ਸੋ ਅੱਜ ਸਾਨੂੰ ਛੋਟੇ ਮੋਟੇ ਵਖਰੇਵੇਂ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ-ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥(੧੧੮੫) ਦੇ ਮਹਾਂਵਾਕ ਤੇ ਅਮਲ ਕਰ, ਇੱਕ ਪੰਥਕ ਕਾਫਲਾ ਬਣ ਕੇ, "ਸ਼ਬਦ ਗੁਰੂ ਗ੍ਰੰਥ ਸਾਹਿਬ ਜੀ" ਦੀ ਮਹਾਨਤਾ ਤੇ ਸਰਬਉੱਚਤਾ ਨੂੰ ਬਹਾਲ ਕਰਨਾ ਚਾਹੀਦੈ ਜੋ ਸਾਡੇ ਸਾਰੇ ਮਸਲਿਆਂ ਦਾ ਹੱਲ ਹੈ। ਜੇ ਇਵੇਂ ਕਰਦੇ ਹਾਂ ਤਾਂ ਗੁਰਗੱਦੀ ਦਿਵਸ ਮਨਾਏ ਅਤੇ ਨਗਰ ਕੀਰਤਨ ਕੱਢੇ ਸਫਲੇ ਨੇ ਵਰਨਾ ਖਾਣ ਪੀਣ, ਪੁਜਾਰੀਆਂ ਦੀਆਂ ਜ੍ਹੇਬਾਂ ਭਰਨ, ਪ੍ਰਬੰਧਕਾਂ ਦੀਆਂ ਚੌਧਰਾਂ ਚਮਕੌਣ, ਲਕੀਰ ਦੇ ਫਕੀਰ ਬਣਕੇ ਰੀਤਾਂ ਰਸਮਾਂ ਪੂਰੀਆਂ ਕਰਨ ਅਤੇ ਲੋਕ ਦਿਖਾਵੇ ਤੱਕ ਹੀ ਸੀਮਤ ਰਹੇ ਜਾਵਾਂਗੇ।

# ਭਾਰਤ ਸਣੇ ਕਈ ਦੇਸ਼ਾਂ 'ਚ ਇੰਸਟਾਗ੍ਰਾਮ 'ਚ ਗੜਬੜ

**ਨਵੀਂ ਦਿੱਲੀ–** ਭਾਰਤ ਤੇ ਹੋਰ ਦੇਸ਼ਾਂ 'ਚ ਸੋਮਵਾਰ ਸ਼ਾਮ 7 ਵਜੇ ਤੋਂ ਬਾਅਦ ਇੰਸਟਾਗ੍ਰਾਮ ਨੂੰ ਲੈ ਕੇ ਕੁਝ ਤਕਨੀਕੀ ਖਾਮੀਆਂ ਸਾਹਮਣੇ ਆਈਆਂ। ਇਸ ਕਾਰਨ ਯੂਜ਼ਰਜ਼ ਆਪਣੇ ਅਕਾਊਂਟ 'ਚ ਲਾਗਇਨ ਨਹੀਂ ਕਰ ਸਕੇ। ਕਈ ਉਪਭੋਗਤਾਵਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਖਾਤੇ ਬਿਨਾਂ ਕਿਸੇ ਨੋਟਿਸ, ਚਿਤਾਵਨੀ ਦੇ ਮੁਅੱਤਲ ਕਰ ਦਿੱਤੇ ਗਏ ਸਨ। ਇਸ ਤੋਂ ਬਾਅਦ ਟਵਿੱਟਰ 'ਤੇ ਇੰਸਟਾਗ੍ਰਾਮ ਡਾਊਨ ਵੀ ਟ੍ਰੈਂਡ ਕੀਤਾ ਗਿਆ। 16 ਪ੍ਰਤੀਸ਼ਤ ਉਪਭੋਗਤਾਵਾਂ ਕੋਲ ਐਪ ਐਕਸੈਸ ਸੀ ਤੇ 9 ਪ੍ਰਤੀਸ਼ਤ ਉਪਭੋਗਤਾਵਾਂ ਕੋਲ ਸਰਵਰ ਨਾਲ ਸਮੱਸਿਆਵਾਂ ਸਨ। ਡਾਊਨ ਡਿਟੈਕਟਰ ਦੀ ਰਿਪੋਰਟ ਮੁਤਾਬਕ ਦਿੱਲੀ, ਚੰਡੀਗੜ੍ਹ, ਕੋਲਕਾਤਾ, ਬੈਂਗਲੁਰੂ, ਹੈਦਰਾਬਾਦ, ਚੇਨਈ, ਨਾਗਪੁਰ ਤੇ ਮੁੰਬਈ ਦੇ ਯੂਜ਼ਰਜ਼ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਝੱਲਣਾ ਪਿਆ। ਆਨਲਾਈਨ ਆਊਟੇਜ ਟਰੈਕਰ ਡਾਊਨ ਡਿਟੈਕਟਰ ਦੇ ਅਨੁਸਾਰ ਲਗਭਗ 74 ਪ੍ਰਤੀਸ਼ਤ ਉਪਭੋਗਤਾਵਾਂ ਨੂੰ ਲੌਗਇਨ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।




ਮੈਸੇਜਿੰਗ ਐਪ ਇੰਸਟਾਗ੍ਰਾਮ 'ਚ ਤਕਨੀਕੀ ਖਰਾਬੀ ਕਾਰਨ ਸੋਮਵਾਰ ਨੂੰ ਦੁਨੀਆ ਭਰ ਦੇ ਹਜ਼ਾਰਾਂ ਇੰਸਟਾਗ੍ਰਾਮ ਉਪਭੋਗਤਾਵਾਂ ਦੇ ਖਾਤੇ ਆਪਣੇ ਆਪ ਸਸਪੈਂਡ ਹੋਣੇ ਸ਼ੁਰੂ ਹੋ ਗਏ। ਇੰਸਟਾਗ੍ਰਾਮ ਦੇ ਡਾਊਨ ਹੋਣ ਤੋਂ ਬਾਅਦ ਯੂਜ਼ਰਜ਼ ਨੂੰ ਅਕਾਊਂਟ ਸਸਪੈਂਡ ਹੋਣ ਦਾ ਸੁਨੇਹਾ ਮਿਲਿਆ। ਉਪਭੋਗਤਾਵਾਂ ਨੇ ਹੋਰ ਇੰਟਰਨੈਟ ਮੀਡੀਆ ਪਲੇਟਫਾਰਮਾਂ ਰਾਹੀਂ ਸ਼ਿਕਾਇਤਾਂ ਦਰਜ ਕੀਤੀਆਂ। ਡੇਲੀ ਰਿਕਾਰਡ ਦੇ ਮੁਤਾਬਕ ਇੰਸਟਾਗ੍ਰਾਮ ਨੇ ਟਵਿੱਟਰ 'ਤੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਇੰਸਟਾਗ੍ਰਾਮ ਨੇ ਮੁਆਫੀ ਮੰਗਦੇ ਹੋਏ ਟਵੀਟ ਕੀਤਾ, "ਅਸੀਂ ਜਾਣਦੇ ਹਾਂ ਕਿ ਤੁਹਾਡੇ ਵਿੱਚੋਂ ਕੁਝ ਨੂੰ ਤੁਹਾਡੇ ੀਨਸਟਅਗਰਅਮ ਖਾਤੇ ਨੂੰ ਐਕਸੈਸ ਕਰਨ ਵਿੱਚ ਮੁਸ਼ਕਲ ਆ ਰਹੀ ਹੈ।"

# ਜ਼ਿੰਦਗੀ ਦਾ ਮਾਰਗ ਰੁਸ਼ਨਾ ਗਈ: ਨਾਟਕਾਂ ਅਤੇ ਗੀਤਾਂ ਭਰੀ ਰਾਤ

## ਬਾਬਾ ਨਜ਼ਮੀ ਨੇ ਲਾਹੌਰ ਤੋਂ ਸਿੱਧਾ ਫੋਨ 'ਤੇ ਦਿੱਤਾ ਮੇਲੇ ਨੂੰ ਸੁਨੇਹਾ

**ਜਲੰਧਰ–** ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖ਼ਰਲੀ ਰਾਤ ਨੂੰ ਨਾਟਕਾਂ ਅਤੇ ਗੀਤਾਂ ਦੀ ਲੋਅ ਨੇ ਜਗ ਮਗ ਜਗ ਮਗ ਕਰ ਦਿੱਤਾ। ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਮੇਲੇ 'ਚ ਪੇਸ਼ ਨਾਟਕਾਂ ਅਤੇ ਗੀਤਾਂ ਦੇ ਵਿਸ਼ੇ ਅਤੇ ਕਲਾ-ਵੰਨਗੀਆਂ ਸਮਰਪਤ ਨਿਸ਼ਾਨੇ 'ਤੇ ਕੇਂਦਰਤ ਰਹੇ ਦਰਸ਼ਕਾਂ/ਸਰੋਤਿਆਂ ਨੂੰ ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨ ਲਈ ਹਲੂਣਾ ਦੇਣ 'ਚ ਸਫ਼ਲ ਰਹੇ।

ਇਸ ਰਾਤ ਦੇ ਉਹ ਪਲ ਖਚਾ ਖਚ ਭਰੇ ਪੰਡਾਲ ਨੂੰ ਝੰਜੋੜ ਗਏ ਜਦੋਂ ਲਹਿੰਦੇ ਪੰਜਾਬ ਤੋਂ ਚੋਟੀ ਦੇ ਕਵੀ ਬਾਬਾ ਨਜ਼ਮੀ ਦਾ ਸੁਨੇਹਾ ਮੇਲੇ ਦੇ ਨਾਮ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਫੋਨ ਰਾਹੀਂ ਸਿੱਧੀ ਗੱਲ ਕਰਦਿਆਂ ਮੇਲੇ 'ਚ ਉਹਨਾਂ ਦੀ ਬੇਸਬਰੀ ਨਾਲ ਉਡੀਕ ਕਰਦੇ ਲੋਕਾਂ ਨੂੰ ਸੁਣਾਇਆ।

ਬਾਬਾ ਨਜ਼ਮੀ ਨੇ ਮੇਲੇ 'ਚ ਜੁੜੇ ਭਰਵੇਂ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦਿਲ ਵਿੱਚ ਬਹੁਤ ਹੀ ਤਾਂਘ ਸੀ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਪੁੱਜਕੇ





ਸਾਂਝੇ ਆਜ਼ਾਦੀ ਸੰਗਰਾਮ ਦੇ ਮਹਾਨ ਦੇਸ਼ ਭਗਤਾਂ ਨੂੰ ਸਿਜਦਾ ਕਰਨ ਦੀ। ਚੰਗਾ ਹੁੰਦਾ ਜੇ ਮੇਲੇ 'ਤੇ ਤੁਹਾਡੇ ਦਰਸ਼ਨ ਕਰਨ ਦੀ ਇਜ਼ਾਜਤ ਮਿਲ ਜਾਂਦੀ। ਵਿਚੇ ਰਹਿ ਗਈ ਇਹ ਰੀਝ ਬਹੁਤ ਤਕਲੀਫ਼ ਦੇਹ ਹੈ। ਉਹਨਾਂ ਕਿਹਾ ਕਿ ਸਾਡਾ ਬਾਬਾ ਨਾਨਕ, ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਵਾਰਸ ਸ਼ਾਹ ਸਭ ਸਾਂਝੇ ਨੇ। ਸਾਡੇ ਦੁੱਖੜੇ, ਖੁਸ਼ੀਆਂ ਮੇਲੇ ਸਾਂਝੇ ਨੇ। ਫ਼ਿਰ ਵੀ ਆਦਮੀ ਆਸ ਨਾਲ ਸਦਾ ਸਫ਼ਰ 'ਤੇ ਰਹਿੰਦਾ ਹੈ। ਜਦੋਂ ਵੀ ਮੌਕਾ ਮਿਲਿਆ ਆਪਾਂ ਜਰੂਰ ਕਿਸੇ ਢੁਕਵੇਂ ਮੇਲੇ 'ਤੇ ਗਲਵੱਕੜੀ ਪਾ ਮਿਲਾਂਗੇ। ਨਾਟਕਾਂ ਭਰੀ ਰਾਤ 'ਚ ਲੋਕ ਕਲਾ ਮੰਚ ਮਾਨਸਾ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦੇ ਲਿਖੇ, ਜੈਸਮੀਤ ਦੁਆਰਾ ਨਿਰਦੇਸ਼ਤ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ ਨੇ' ਔਰਤ ਵਰਗ ਅੰਦਰ ਛੁਪੀ ਧੁਖ਼ਦੀ ਅੱਗ ਦੀ ਕਹਾਣੀ ਪੇਸ਼ ਕੀਤੀ। ਕੇਵਲ ਧਾਲੀਵਾਲ ਦੇ ਲਿਖੇ ਅਤੇ ਨਿਰਦੇਸ਼ਤ ਕੀਤੇ ਨਾਟਕ 'ਦੁਸ਼ਮਣ' ਨੇ ਪਾਣੀ ਵਰਗੀ ਕੁਦਰਤੀ ਨਿਆਮਤ ਉਪਰ ਜੱਫ਼ਾ ਮਾਰਕੇ ਅੰਨ੍ਹੇ ਮੁਨਾਫ਼ੇ ਕਮਾਉਣ ਅਤੇ ਲੋਕਾਂ ਨੂੰ ਮੌਤ ਦੇ ਜਬਾੜ੍ਹਿਆਂ 'ਚ ਧੱਕਣ ਦੇ ਹੱਲੇ ਦਾ ਪਰਦਾ ਫਾਸ਼ ਕੀਤਾ।

ਡਾ. ਸਾਹਿਬ ਸਿੰਘ ਦੀ ਕਲਮ ਤੋਂ ਲਿਖੇ ਅਤੇ ਉਨ੍ਹਾਂ ਦੁਆਰਾ ਨਿਰਦੇਸ਼ਤ ਕੀਤੇ ਨਾਟਕ 'ਲੱਛੂ ਕਬਾੜੀਆਂ' ਨੇ ਬੇਜ਼ਮੀਨੇ ਲੋਕਾਂ ਦੀ ਜ਼ਿੰਦਗੀ ਨੂੰ ਦਰਪੇਸ਼ ਚੁਣੌਤੀਆਂ ਦੀ ਬਹੁਤ ਹੀ ਹਿਰਦੇਵੇਦਕ ਦਾਸਤਾਂ ਪੇਸ਼ ਕੀਤੀ। ਬੇਜ਼ਮੀਨੇ, ਥੁੜ-ਜ਼ਮੀਨੇ, ਹੱਥਾਂ 'ਚੋਂ ਕਿਰ ਰਹੀਆਂ ਜ਼ਮੀਨਾਂ ਵਾਲੇ ਪਰਿਵਾਰਾਂ, ਕਿਰਤੀ ਕਿਸਾਨਾਂ ਨੂੰ ਆਪਣੀ ਮੁਕਤੀ ਲਈ ਸਾਂਝੀ ਟੀਮ ਬਣਾਕੇ ਹੀ ਸੰਘਰਸ਼ ਦੇ ਮੈਦਾਨ 'ਚ ਜਿੱਤ ਪ੍ਰਾਪਤ ਕਰਨ ਲਈ ਜੋਟੀਆਂ ਪਾ ਕੇ ਜੂਝਣ ਦਾ ਸੁਨੇਹਾ ਦੇ ਗਿਆ ਨਾਟਕ ਲੱਛੂ ਕਬਾੜੀਆ। ਭਰੇ ਪੰਡਾਲ ਨੇ ਰਾਤ ਦੇ ਤਿੰਨ ਵਜੇ ਖੜ੍ਹੇ ਹੋ ਕੇ ਜ਼ੋਰਦਾਰ ਤਾੜੀਆਂ ਨਾਲ ਡਾ.ਸਾਹਿਬ ਸਿੰਘ ਦੀ ਕਲਾ ਦੀ ਜੈ ਜੈ ਕਾਰ ਕੀਤੀ। ਇਸ ਰਾਤ ਮਾਲਵੇ ਤੋਂ ਆਏ ਕਲਾਕਾਰ ਨੇ ਬਾਬਾ ਨਜ਼ਮੀ ਦੀ ਨਜ਼ਮ ਸੁਣਾਕੇ, ਬਾਬਾ ਨਜ਼ਮੀ ਦੇ ਨਾ ਆ ਸਕਣ ਦੀ ਪੀੜ੍ਹ ਦੀ ਤਾਰ ਛੇੜ ਦਿੱਤੀ। ਅਹਿਮਦਾਬਾਦ (ਗੁਜਰਾਤ) ਤੋਂ ਆਈ ਵਿਨੈ ਅਤੇ ਚਾਰੁਲ ਦੀ ਜੋੜੀ ਨੇ ਗੀਤਾਂ ਭਰੀ ਕਹਾਣੀ ਪੇਸ਼ ਕਰਦਿਆਂ ਬਾਲ ਦਿਵਸ, ਬਾਲ ਮਜ਼ਦੂਰੀ, 'ਜਾਨਨੇ ਕਾ ਹੱਕ', ਅਤੇ 'ਜੁਗਨੀ' ਆਦਿ ਗੀਤਾਂ ਨਾਲ ਮੇਲਾ ਪ੍ਰੇਮੀਆਂ ਦੇ ਮਨ ਮੋਹ ਲਏ।

ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਦੀ ਕਲਾਕਾਰ ਨਰਗਿਸ, ਧਰਮਿੰਦਰ ਮਸਾਣੀ, ਦਸਤਕ ਮੰਚ ਦੇ ਮਨਦੀਪ, ਸਾਰਾ ਅਤੇ ਸਾਥੀਆਂ ਨੇ ਦਿਲ ਟੁੰਬਵੇਂ ਗੀਤ ਪੇਸ਼ ਕੀਤੇ। ਇਪਟਾ ਮੋਗਾ ਦੇ ਕਲਾਕਾਰ ਅਵਤਾਰ ਚੜਿਕ ਅਤੇ ਜਸ ਰਿਆਜ਼ ਨੇ ਤਿੱਖੇ ਵਿਅੰਗ ਕਸਦਿਆਂ ਲੋਕਾਂ 'ਚ ਚੇਤਨਾ ਦੀ ਨਵੀਂ ਚਿਣਗ ਜਗਾਈ ਅਤੇ ਹਸਾ ਹਸਾ ਕੇ ਢਿੱਡੀਂ ਪੀੜਾਂ ਪਾਈਆਂ।


ਇਸ ਰਾਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜ਼ਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਜਿਥੇ ਸਫ਼ਲ ਮੇਲੇ 'ਤੇ ਮੁਬਾਰਕਵਾਦ ਦਿੱਤੀ, ਉਥੇ ਲੋਕਾਂ ਨੂੰ ਆਪਣੇ ਮਹਾਨ ਇਤਿਹਾਸ ਤੋਂ ਰੌਸ਼ਨੀ ਲੈਂਦਿਆਂ, ਗ਼ਦਰੀ ਦੇਸ਼ ਭਗਤਾਂ ਦੇ ਸੁਪਨੇ ਸਾਕਾਰ ਕਰਨ ਲਈ ਸੰਗਰਾਮ ਜਾਰੀ ਰੱਖਣ ਦਾ ਸੱਦਾ ਦਿੱਤਾ।

ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਮੰਚ ਸੰਚਾਲਣ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਬਾਖ਼ੂਬੀ ਕੀਤਾ। ਮੇਲੇ 'ਚ ਲੱਗੇ ਪੁਸਤਕ ਮੇਲੇ ਚੋਂ ਜਾਂਦੇ ਵਕਤ ਲੋਕ ਮਠਿਆਈਆਂ ਵਾਂਗ ਝੋਲੇ ਭਰਕੇ ਕਿਤਾਬਾਂ ਲੈ ਕੇ ਗਏ।

**ਜਾਰੀ ਕਰਤਾ: ਅਮੋਲਕ ਸਿੰਘ**

# ਸਪੀਕਰ ਨੈਨਸੀ ਪੇਲੋਸੀ ਦੇ ਪਤੀ, ਪਾਲ ਪੇਲੋਸੀ 'ਤੇ ਹਮਲਾ

**ਕੈਲੀਫੋਰਨੀਆ, 29 ਅਕਤੂਬਰ (ਰਾਜ ਗੋਗਨਾ)—** ਬੀਤੇਂ ਦਿਨ ਅਮਰੀਕਾ ਦੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਦੇ ਪਤੀ, ਪਾਲ ਪੇਲੋਸੀ 'ਤੇ ਘੁਸਪੈਠੀਏ ਨੇ ਉਨ੍ਹਾਂ ਕੈਲੀਫੋਰਨੀਆ ਰਾਜ ਦੇ ਦੇ ਸੈਨ ਫਰਾਂਸਿਸਕੋ ਦੇ ਘਰ ਵਿੱਚ ਸਪੀਕਰ ਦੇ ਪਤੀ ਦਾ ਸਾਹਮਣਾ ਕੀਤਾ,ਅਤੇ ਕਿਹਾ ਸਪੀਕਰ ਕਿੱਥੇ ਹੈ। ਹਿੰਸਾ ਦਾ ਭਿਆਨਕ ਡਰ ਬਣਿਆ ਰਹਿੰਦਾ ਹੈ। ਸਪੀਕਰ ਨੈਨਸੀ ਪੇਲੋਸੀ ਦੇ ਬੁਲਾਰੇ ਨੇ ਕਿਹਾ ਕਿ ਹਮਲਾਵਰ ਪੁਲਿਸ ਹਿਰਾਸਤ ਵਿੱਚ ਹੈ ਅਤੇ ਇਸ ਦੇ ਕਾਰਨ ਦੀ






ਹਮਲਾ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਹਮਲਾ ਕਰਨ ਵਾਲੇ ਵਿਅਕਤੀ ਨੇ ਉਸ ਦੇ ਪਤੀ ਪਾਲ ਪੇਲੋਸੀ ਨੂੰਜਦੋਂ ਤੱਕ ਸਪੀਕਰ ਨੈਨਸੀ ਘਰ ਨਹੀਂ ਪਹੁੰਚਦੀ," ਉਸ ਨੂੰ ਬੰਨ੍ਹਣ ਦੀ ਕੋਸ਼ਿਸ਼ ਵੀ ਕੀਤੀ। ਜਦੋਂ ਮੌਕੇ ਤੇ ਪੁਲਿਸ ਪਹੁੰਚੀ, ਹਮਲਾਵਰ ਕਹਿ ਰਿਹਾ ਸੀ ਕਿ ਉਹ ਸਪੀਕਰ "ਨੈਨਸੀ ਦਾ ਇੰਤਜ਼ਾਰ ਕਰ ਰਿਹਾ ਸੀ।" ਉਸ ਦਾ ਪਤੀ ਪੌਲ ਪੇਲੋਸੀ 'ਤੇ ਕੈਲੀਫੋਰਨੀਆ ਦੇ ਸੈਨ ਫਰਾਂਸਿਸਕੋ ਵਿੱਚ ਅੱਜ ਉਸ ਦੇ ਘਰ ਸ਼ੁੱਕਰਵਾਰ ਸਵੇਰੇ ਇੱਕ ਹਮਲਾਵਰ ਦੁਆਰਾ ਇੱਕ ਹਥੌੜੇ ਦੇ ਨਾਲ ਹਮਲਾ ਕੀਤਾ ਗਿਆ ਸੀ, ਕਾਨੂੰਨ ਲਾਗੂ ਕਰਨ ਵਾਲੇ ਸੂਤਰਾਂ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ। ਪ੍ਰੈਸ ਨੂੰ ਹਮਲੇ ਬਾਰੇ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਹਮਲਾਵਰ ਜਿਸ ਨੇ ਪਾਲ ਪੇਲੋਸੀ 'ਤੇ ਹਮਲਾ ਕੀਤਾ, ਸਦਨ ਦੇ ਸਪੀਕਰ ਦਾ ਪਤੀ ਸੀ ਅਤੇ ਉਹ ਸਪੀਕਰ ਨੈਨਸੀ ਪੇਲੋਜੀ ਦੀ ਭਾਲ ਕਰ ਰਿਹਾ ਸੀ। ਸਪੀਕਰ ਦੇ ਪਤੀ ਪਾਲ ਪੇਲੋਸੀ, ਉਮਰ 82, ਸਾਲ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਪਰ ਉਸ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਉਮੀਦ ਹੈ, ਇਸ ਦਾ ਵੇਰਵਾ ਸਥਾਨਕ ਹਸਪਤਾਲ ਦੇ ਡਾਕਟਰਾਂ ਨੇ ਦਿੱਤਾ, ਉੱਧਰ ਡੈਮੋਕਰੇਟਿਕ ਸਪੀਕਰ ਦੇ ਦਫਤਰ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ਕਿ ਸਥਿਤੀ ਤੋਂ ਜਾਣੂ ਦੋ ਸਰੋਤਾਂ ਦੇ ਅਨੁਸਾਰ, ਅੱਜ ਸਵੇਰੇ ਪੇਲੋਸੀ ਦੀ ਸਰਜਰੀ ਕੀਤੀ ਗਈ ਸੀ। ਉਸ ਦੇ ਡਾਕਟਰਾਂ ਨੇ ਪਰਿਵਾਰ ਨੂੰ ਦੱਸਿਆ ਹੈ ਕਿ ਉਸ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਪੂਰੀ ਉਮੀਦ ਹੈ। ਇਹ ਮਸਲਾ ਉਦੋਂ ਸਾਹਮਣਾ ਆਉਂਦਾ ਹੈ ਜਦੋਂ ਲੰਘੀ 6 ਜਨਵਰੀ, 2021 ਨੂੰ ਯੂਐਸ ਕੈਪੀਟਲ 'ਤੇ ਹਮਲੇ ਦੇ ਨਾਲ-ਨਾਲ ਹਾਲ ਹੀ ਦੇ ਸਾਲਾਂ ਵਿੱਚ ਕਾਂਗਰਸ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਹੋਰ ਉੱਚ ਪ੍ਰੋਫਾਈਲ ਹਿੰਸਕ ਘਟਨਾਵਾਂ ਦੇ ਮੱਦੇਨਜ਼ਰ ਸੰਸਦ ਮੈਂਬਰਾਂ ਵੱਲ ਨਿਰਦੇਸ਼ਿਤ ਰਾਜਨੀਤਿਕ ਜਾਂਚ ਕੀਤੀ ਜਾ ਰਹੀ ਹੈ। ਹਮਲੇ ਦੇ ਸਮੇਂ ਸਪੀਕਰ ਨੈਨਸੀ ਵਾਸ਼ਿੰਗਟਨ ਵਿੱਚ ਸੀ। ਕੈਲੀਫੋਰਨੀਆ ਰਾਜ ਦੇ ਸੈਨ ਫਰਾਂਸਿਸਕੋ ਵਿੱਚ ਹਾਊਸ ਸਪੀਕਰ ਨੈਨਸੀ ਪੇਲੋਸੀ ਦੇ ਪਤੀ, ਪੌਲ ਨੂੰ "ਸ਼ੱਕੀ ਨੇ ਇੱਕ ਹਥੌੜਾ ਦੇ ਨਾਲ ਅਤੇ ਉਸ ਨਾਲ ਹਿੰਸਕ ਹਮਲਾ ਕੀਤਾ। ਪੁਲਿਸ ਅਤੇ ਐਫਬੀਆਈ ਨੇ ਤੁਰੰਤ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ, ਅਤੇ ਉਸਨੂੰ ਹਮਲਾ ਕਰਨ ਵਾਲੇ ਹਥਿਆਰ ਦੇ ਨਾਲ ਕਾਬੂ ਕੀਤਾ, ਅਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸ਼ੱਕੀ ਦੀ ਪਛਾਣ 42 ਸਾਲਾ ਡੇਵਿਡ ਡੀਪੇਪ ਵਜੋਂ ਹੋਈ ਹੈ। ਇਹ ਹਮਲਾਵਰ ਘਰ ਦੇ ਪਿਛਲੇ ਹਿੱਸੇ ਰਾਹੀਂ ਪੇਲੋਸੀ ਨਿਵਾਸ ਵਿੱਚ ਦਾਖਲ ਹੋਇਆ ਸੀ ਇਸ ਸੰਬੰਧ ਵਿੱਚ , ਯੂਐਸ ਕੈਪੀਟਲ ਪੁਲਿਸ ਨੇ ਕਿਹਾ, ਕਿ ਕਾਨੂੰਨ ਲਾਗੂ ਇਸ ਵੀਡੀਓ ਦੀ ਸਮੀਖਿਆ ਕੋਰਟ ਵਿੱਚ ਪੇਸ਼ ਕਰ ਸਕਦੇ ਹਨ ਕਿਉਂਕਿ ਘਰ ਵਿੱਚ ਸੁਰੱਖਿਆ ਕੈਮਰੇ ਲੱਗੇ ਹਨ।

# ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵਲੋਂ ਇਟਲੀ ਨਾਲ ਹਵਾਈ ਸੰਪਰਕ ਸੰਬੰਧੀ ਮਿਲਾਨ ਏਅਰਪੋਰਟ ਦੇ ਅਧਿਕਾਰੀਆਂ ਨਾਲ ਮੀਟਿੰਗ

**ਨਿਊਯਾਰਕ, 28 ਅਕਤੂਬਰ (ਰਾਜ ਗੋਗਨਾ)—** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਇਟਲੀ ਅਤੇ ਹੋਰਨਾਂ ਮੁਲਕਾਂ ਨਾਲ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਵਿੱਚ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਟਲੀ ਦੇ ਮਿਲਾਨ ਬਰਗਾਮੋ ਹਵਾਈ ਅੱਡੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਫਲਾਈਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਹਵਾਈ ਅੱਡੇ 'ਤੇ ਹੋਰ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਲਿਆਉਣ ਲਈ ਇੱਕ ਕੇਂਦਰਿਤ ਪਹਿਲਕਦਮੀ ਹੈ ਜੋ 1990 ਦੇ ਦਹਾਕੇ ਵਿੱਚ ਅੰਮ੍ਰਿਤਸਰ ਤੋਂ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੁਆਰਾ ਸ਼ੁਰੂ ਕੀਤੇ ਗਏ ਕੰਮ ਨੂੰ ਅੱਗੇ ਵਧਾਉਂਦੀ ਹੈ। ਇਸ ਮੀਟਿੰਗ ਵਿੱਚ ਅੰਮ੍ਰਿਤਸਰ ਤੋਂ ਭਾਰਤੀ ਇਕਾਈ ਦੇ ਕਨਵੀਨਰ ਇੰਡਿਆ ਯੋਗੇਸ਼ ਕਾਮਰਾ ਅਤੇ ਮੈਂਬਰ ਰਵਰੀਤ ਸਿੰਘ, ਅਮਰੀਕਾ ਤੋਂ ਗਲੋਬਲ



ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕੈਨੇਡਾ ਤੋਂ ਮੁੱਖ ਬੁਲਾਰੇ ਮੋਹਿਤ ਧੰਜੂ ਨੇ ਦੋਵਾਂ ਸ਼ਹਿਰਾਂ ਵਿਚਕਾਰ ਅਨੁਸੂਚਿਤ ਹਵਾਈ ਸੰਪਰਕ ਸਥਾਪਤ ਕਰਨ ਸੰਬੰਧੀ ਮਿਲਾਨ ਬਰਗਾਮੋ ਏਅਰਪੋਰਟ ਦੇ ਵਪਾਰਕ ਮਾਮਲਿਆਂ ਦੇ ਡੀਰੈਕਟਰ ਗੀਆਕੋਮੋ ਕੈਟਾਨੇਓ ਨਾਲ ਗੱਲਬਾਤ ਕੀਤੀ।

ਇੱਕ ਪ੍ਰੈਸ ਬਿਆਨ ਵਿੱਚ, ਯੋਗੇਸ਼ ਕਾਮਰਾ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਭਾਰਤ ਅਤੇ ਇਟਲੀ ਦਰਮਿਆਨ ਦੁਵੱਲੇ ਹਵਾਈ ਸੇਵਾ ਸਮਝੌਤਿਆਂ ਜਿਸ ਨਾਲ ਦੋਨਾਂ ਮੁਲਕਾਂ ਦੇ ਨਿਰਧਾਰਤ ਹਵਾਈ ਅੱਡਿਆਂ 'ਤੇ ਉਡਾਣ ਚਲਾਉਣ ਦੀ ਇਜਾਜਤ ਹੁੰਦੀ ਹੈ, ਹਵਾਈ ਅੱਡਿਆਂ ਵਿਚਕਾਰ ਪ੍ਰਤੀ ਹਫ਼ਤੇ ਕਿੰਨੀਆਂ ਸਵਾਰੀਆਂ ਆ ਜਾ ਸਕਦੀਆਂ ਹਨ, ਹੋਰ ਵਪਾਰਕ ਜਾਗਰੂਕਤਾ ਪੈਦਾ ਕਰਨ ਲਈ ਵੱਖ- ਵੱਖ ਏਅਰਲਾਈਨਾਂ ਨੂੰ ਸੱਦਾ ਦੇਣ ਦੇ ਮੁੱਦਿਆਂ 'ਤੇ ਲੰਮੀ ਚਰਚਾ ਕੀਤੀ ਗਈ। ਦੋਵੇਂ ਧਿਰਾਂ ਆਪਸੀ ਤੌਰ 'ਤੇ ਪੰਜਾਬ ਅਤੇ ਇਟਲੀ ਦਰਮਿਆਨ ਹਵਾਈ ਸੰਪਰਕ ਬਣਾਉਣ ਅਤੇ ਪੰਜਾਬੀਆਂ ਤੱਕ ਜਾਣਕਾਰੀ ਪਹੁੰਚਾਉਣ ਸੰਬੰਧੀ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਈਆਂ ਜਿਸਦੀ ਪਿਛਲੇ ਕੁਝ ਦਹਾਕਿਆਂ ਤੋਂ ਮੰਗ ਕੀਤੀ ਜਾ ਰਹੀ ਹੈ।

ਅੰਕੜਿਆਂ ਅਨੁਸਾਰ, ਮਈ ਮਹੀਨੇ ਨੂੰ ਛੱਡ ਕੇ, ਜਨਵਰੀ ਤੋਂ ਅਗਸਤ 2022 ਦਰਮਿਆਨ 20000 ਤੋਂ ਵੱਧ ਯਾਤਰੀਆਂ ਦੀ ਵੱਡੀ ਗਿਣਤੀ ਨੇ ਅੰਮ੍ਰਿਤਸਰ ਅਤੇ ਮਿਲਾਨ ਬਰਗਾਮੋ ਹਵਾਈ ਅੱਡੇ ਵਿਚਕਾਰ ਯਾਤਰਾ ਕੀਤੀ ਹੈ। ਇਨ੍ਹਾਂ ਅੰਕੜਿਆਂ ਵਿੱਚ ਅੰਮ੍ਰਿਤਸਰ ਤੋਂ ਰੋਮ ਅਤੇ ਮਿਲਾਨ ਮਾਲਪੈਂਸਾ ਹਵਾਈ ਅੱਡੇ ਦੇ ਹਜ਼ਾਰਾਂ ਯਾਤਰੀ ਸ਼ਾਮਲ ਨਹੀਂ ਹਨ। ਵਰਤਮਾਨ ਵਿੱਚ ਭਾਰਤੀ ਘੱਟ ਕੀਮਤ ਵਾਲੀ ਏਅਰਲਾਈਨ ਸਪਾਈਸਜੈੱਟ ਅਤੇ ਇਟਲੀ ਦੀ ਨਿਓਸ ਏਅਰ ਅੰਮ੍ਰਿਤਸਰ ਤੋਂ ਮਿਲਾਨ ਅਤੇ ਰੋਮ ਲਈ ਇਹਨਾਂ ਵਿਸ਼ੇਸ਼ ਉਡਾਣਾਂ ਦਾ ਸੰਚਾਲਨ ਕਰ ਰਹੇ ਹਨ। ਏਅਰ ਇੰਡੀਆ ਨੇ 2021 ਵਿੱਚ ਲਗਭਗ 6 ਮਹੀਨਿਆਂ ਲਈ ਅੰਮ੍ਰਿਤਸਰ ਅਤੇ ਰੋਮ ਵਿਚਕਾਰ ਵੰਦੇ ਭਾਰਤ ਮਿਸ਼ਨ ਤਹਿਤ ਸਿੱਧੀਆਂ ਉਡਾਣਾਂ ਵੀ ਚਲਾਈਆਂ ਸਨ।

ਮਿਲਾਨ ਬਰਗਾਮੋ ਏਅਰਪੋਰਟ ਦੇ ਡਾਇਰੈਕਟਰ ਜਿਆਕੋਮੋ ਕੈਟਾਨੇਓ ਨੇ ਏਅਰਪੋਰਟ ਬਾਰੇ ਜਾਣਕਾਰੀ ਪੇਸ਼ ਕੀਤੀ। ਉਹਨਾਂ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੀ ਵੱਡੀ ਆਬਾਦੀ ਜੋ ਇਟਲੀ ਅਤੇ ਏਅਰਪੋਰਟ ਦੇ ਨੇੜਲੇ ਸ਼ਹਿਰਾਂ ਵਿੱਚ ਵੱਸਦੀ ਹੈ, ਦੇ ਅੰਕੜੇ ਵੀ ਸਾਂਝੇ ਕੀਤੇ। ਇਸ ਵਿੱਚ ਪੰਜਾਬੀਆਂ ਦੀ ਬਹੁਤਾਤ ਗਿਣਤੀ ਬਰਗਾਮੋ ਮਿਲਾਨ ਏਅਰਪੋਰਟ ਦੇ ਨੇੜਲੇ ਇਲਾਕਿਆਂ ਵਿੱਚ ਹੈ। ਕੈਟਾਨੇਓ ਪੰਜਾਬ ਤੋਂ ਇਟਲੀ ਲਈ ਸਿੱਧੀਆਂ ਉਡਾਣਾਂ ਦੀ ਗਿਣਤੀ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਸੀ, ਜੋ ਕਿ ਕਈ ਵਾਰ ਰੋਜ਼ਾਨਾ 3 ਉਡਾਣਾਂ ਤੱਕ ਸੀ।

ਕੈਟਾਨੇਓ ਨੇ ਮਿਲਾਨ-ਅੰਮ੍ਰਿਤਸਰ ਹਵਾਈ ਸੰਪਰਕ ਨੂੰ ਇੱਕ ਸਥਾਈ ਰੂਟ ਬਣਾਉਣ ਲਈ ਜ਼ੋਰਦਾਰ ਇੱਛਾ ਦਾ ਪ੍ਰਗਟਾਵਾ ਕੀਤਾ। ਉਹਨਾਂ ਇਹ ਵੀ ਸਾਂਝਾ ਕੀਤਾ ਕਿ ਬਹੁਗਿਣਤੀ ਪੰਜਾਬੀਆਂ ਦੇ ਇਸ ਹਵਾਈ ਅੱਡੇ ਦੇ ਕੋਲ ਹੋਣ ਨਾਲ, ਪੰਜਾਬ ਦੇ ਨਾਲ ਬਰਗਮੋ ਦੇ ਆਲੇ ਦੁਆਲੇ ਵਪਾਰਕ ਅਤੇ ਉਦਯੋਗਿਕ ਖੇਤਰਾਂ ਨੂੰ ਵੀ ਬਹੁਤ ਲਾਭ ਪਹੁੰਚੇਗਾ। ਇਹ ਇਕ ਕਾਮਯਾਬ ਹਵਾਈ ਸੰਪਰਕ ਸਾਬਤ ਹੋ ਸਕਦਾ ਹੈ। ਕਾਮਰਾ ਨੇ ਅਗਾਂਹ ਦੱਸਿਆ ਕਿ ਸਿੱਧੀਆਂ ਉਡਾਣਾਂ ਦੇ ਨਾਲ, ਯੂਰਪ ਦੇ ਹੋਰ ਮੁਲਕਾਂ, ਯੂਨਾਈਟਿਡ ਕਿੰਗਡਮ ਅਤੇ ਉੱਤਰੀ ਅਮਰੀਕਾ ਨਾਲ ਅਗਾਂਹ ਕਨੈਕਸ਼ਨ ਹੋਣ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਕੀਤੀ ਗਈ ਕਿਉਂਕਿ ਯੂਰਪ ਦੇ ਬਹੁਤ ਸਾਰੇ ਪ੍ਰਮੁੱਖ ਹਵਾਈ ਅੱਡੇ ਹੁਣ "ਸਵੈ-ਤਬਾਦਲਾ (ਸੈਲਫ ਟਰਾਂਸਫਰ)" ਦੀ ਸਹੂਲਤ ਪ੍ਰਦਾਨ ਕਰਦੇ ਹਨ।

# ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਫਰੀਮਾਂਟ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ 300- ਗੁਰਦੁਆਰਾ ਰੋਡ, ਫਰੀਮਾਂਟ ਵਿਖੇਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰ ਇਤਿਹਾਸ ਤੇ ਰੋਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਵਿਚ ਸ਼ਾਮਲ ਕਵੀ ਸਨ: ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਠਾਕੁਰ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਦੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਅਜਿਹੇ ਪ੍ਰੋਗਰਾਮ ਕਰਵਾਉਣ ਦੀ ਹਾਮੀ ਭਰੀ। ਇਸ ਧਾਰਮਿਕ ਕਵੀ ਦਰਬਾਰ ਦੀ ਸਫਲਤਾ ਵਿਚ ਜਸਦੇਵ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਦਵਿੰਦਰ ਸਿੰਘ ਅਤੇ ਕਮਲ ਸਿੰਘ ਅਟਵਾਲ ਦਾ ਭਰਪੂਰ ਸਹਿਯੋਗ ਰਿਹਾ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**


**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਨਿਊਜਰਸੀ ਵਿਚ ਦੋ ਪੁਲਿਸ ਅਫਸਰਾਂ ਨੂੰ ਮਾਰੀ ਗੋਲੀ, ਹਾਲਤ ਸਥਿਰ

**ਸੈਕਰਾਮੈਂਟੋ 2 ਨਵੰਬਰ (ਹੁਸਨ ਲੜੋਆ ਬੰਗਾ)–** ਨੇਵਾਰਕ (ਨਿਊਜਰਸੀ) ਵਿਚ ਇਕ ਵਿਅਕਤੀ ਨੇ ਅਚਨਚੇਤ ਗੋਲੀਆਂ ਚਲਾ ਕੇ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਦਿੱਤਾ। ਇਕ ਪੁਲਿਸ ਅਫਸਰ ਦੀ ਲੱਤ ਵਿਚ ਗੋਲੀ ਵੱਜੀ ਹੈ ਜਦ ਕਿ ਦੂਸਰੇ ਪੁਲਿਸ ਅਫਸਰ ਦੇ ਗਰਦਨ ਨੇੜੇ ਮੋਢੇ ਵਿਚ ਗੋਲੀ ਵੱਜੀ ਹੈ। ਦੋਨਾਂ ਪੁਲਿਸ ਅਫਸਰਾਂ ਦੀ ਹਾਲਤ ਸਥਿੱਰ ਹੈ। ਇਹ ਜਾਣਕਾਰੀ ਨੇਵਾਰਕ ਦੇ ਮੇਅਰ ਰਸ ਬਰਾਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ ਹੈ। ਉਨਾਂ ਕਿਹਾ ਹੈ ਕਿ ਜਿਸ ਇਮਾਰਤ ਵਿਚੋਂ ਗੋਲੀ ਚੱਲੀ ਹੈ ਉਹ ਖਾਲੀ ਕਰਵਾ



ਲਈ ਗਈ ਹੈ ਪਰੰਤੂ ਅਜੇ ਤੱਕ ਸ਼ੱਕੀ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਉਨਾਂ ਕਿਹਾ ਕਿ ਪੁਲਿਸ ਅਫਸਰਾਂ ਤੇ ਹਮਲਾਵਰ ਵਿਚਾਲੇ ਮਾਮੂਲੀ ਤਕਰਾਰ ਹੋਈ ਜਿਸ ਉਪਰੰਤ ਹਮਲਾਵਰ ਨੇ ਆਪਣੀ ਗੰਨ ਕੱਢ ਲਈ ਤੇ ਗੋਲੀ ਚਲਾ ਦਿੱਤੀ। ਪੁਲਿਸ ਅਫਸਰਾਂ ਨੇ ਵੀ ਮੋੜਵਾਂ ਜਵਾਬ ਦਿੱਤਾ ਪਰੰਤੂ ਸ਼ੱਕੀ ਫਰਾਰ ਹੋਣ ਵਿਚ ਸਫਲ ਹੋ ਗਿਆ। ਉਨਾਂ ਕਿਹਾ ਕਿ ਸ਼ੱਕੀ ਨੂੰ ਛੇਤੀ ਫੜ ਲਿਆ ਜਾਵੇਗਾ। ਇਸ ਮਾਮਲੇ ਦੀ ਜਾਂਚ ਵਿਚ ਐਫ ਬੀ ਆਈ ਵੀ ਸਹਾਇਤਾ ਕਰ ਰਹੀ ਹੈ।

# ਅਮਰੀਕਾ ਦੇ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ







**ਸਿਨਸਿਨਾਟੀ, ਹਾਇ ,1 ਨਵੰਬਰ (ਰਾਜ ਗੋਗਨਾ)—** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਤੋਂ ਇਲਾਵਾ ਚਾਰ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ। ਇਸ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸਿੱਖ ਪੱਥ ਦੇ ਮਹਾਨ ਕੀਰਤਨੀਏ ਭਾਈ ਹਰਚਰਨ ਸਿੰਘ ਜੀ ਖਾਲਸਾ, ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਬੂਟਾ ਸਿੰਘ ਅਤੇ ਭਾਈ ਮਨਜੀਤ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਦੇ ਰਾਗੀ ਜੱਥੇ ਨੇ ਵੀ ਸ਼ਬਦ ਕੀਰਤਨ ਗਾਇਨ ਕੀਤਾ। ਭਾਈ ਅਮਰੀਕ ਸਿੰਘ ਜੀ ਨੇ ਬਾਬਾ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ।

ਬਾਬਾ ਬੁੱਢਾ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਸਨ। ਬਾਬਾ ਜੀ ਨੂੰ 5 ਗੁਰੂਆਂ ਨੂੰ ਗੁਰਿਆਈ ਤਿਲਕ ਲਗਾਉਣ ਅਤੇ ਛੇ ਗੁਰੂ ਸਾਹਿਬਾਨ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੈ। ਭਾਈ ਹਰਚਰਨ ਸਿੰਘ ਜੀ ਦੇ ਜੱਥੇ ਨੂੰ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਵੀ ਕੀਤੀ ਗਈ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।

# ਕੈਲੇਫੋਰਨੀਆਂ ਦੇ ਸ਼ਹਿਰ ਫਾਊਲਰ ਵਿੱਚ "22 ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ" ਲਾਇਆ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 22ਵਾਂ ਯਾਦਗਾਰੀ ਮੇਲਾ ਲਾਇਆ ਗਿਆ। ਜਿਸ ਦੀ ਸ਼ੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਉਪਰੰਤ ਪਿਛਲੇ ਸਾਲਾ ਦੌਰਾਨ ਮੇਲਾ ਕਮੇਟੀ ਦੀਆਂ ਵਿੱਛੜ ਚੁੱਕੀਆਂ ਰੂਹਾਂ ਨੂੰ ਵੀ ਦੋ ਮਿੰਟ ਦਾ ਮੋਨ ਰੱਖਦੇ ਹੋਏ ਸਰਧਾਜ਼ਲੀ ਦਿੱਤੀ ਗਈ। ਇਸ ਬਾਅਦ ਚਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨੇ। ਜਿਸ ਬਾਅਦ ਗਾਇਕ ਅਵਤਾਰ ਗਰੇਵਾਲ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੌਗੀ ਸੰਧੂ, ਬਾਈ ਕੁੰਦਨ ਧਾਮੀ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਜਦ ਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਦੁਗਾਣਾ ਜੋੜੀ ਵਿੱਚ ਸੁਲਤਾਨ ਅਖਤਰ ਅਤੇ ਹਰਜੀਤ ਜੀਤੀ ਨੇ ਸੋਲੋ ਅਤੇ ਦੁਗਾਣਿਆਂ ਰਾਹੀ ਖੂਬ ਵਾਹ-ਵਾਹ ਖੱਟੀ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਕੁਲਵੰਤ ਉੱਭੀ ਧਾਲੀਆਂ ਅਤੇ ਜਸਵੰਤ ਮਹਿਮੀ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਸੁਆਦਿਸ਼ਟ ਖਾਣਿਆਂ



ਦੇ ਮਾਹਰ ਸ਼ੌਕਤ ਅਲੀ ਦੁਆਰਾ ਬਣਾਏ ਚਾਹ-ਪਕੌੜੇ, ਜਲੇਬੀਆਂ, ਛੋਲੇ-ਪੂਰੀਆਂ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਬੱਗਾ ਅਤੇ ਅਮਰੀਕ ਐਂਡ ਪਾਰਟੀ ਵੱਲੋਂ ਦਿੱਤਾ ਗਿਆ। ਜਦ ਕਿ ਖੁੱਲ੍ਹੇ ਅਖਾੜੇ ਵਿੱਚ ਸਪੀਕਰਾਂ ਦੀ ਗੂੰਜ਼ ਬਹੁ-ਪੱਖੀ ਸਖਸ਼ੀਅਤ ਵਿਜੈ ਸਿੰਘ ਨੇ ਪਵਾਈ। ਅੰਤ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖਾਲਸਾਈ ਰੰਗ

## (ਨਗਰ ਕੀਰਤਨ ਵਿੱਚ ਸਿੱਖ ਭਾਈਚਾਰੇ ਤੋਂ ਇਲਾਵਾ ਅਮੈਰੀਕਨ ਵੀ ਹੋਏ ਸਾਮਲ)

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)–** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਸਲਾਨਾ ਨਗਰ ਕੀਰਤਨ ਕਰਵਾਇਆ ਗਿਆ। ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾ ਅਤੇ ਦੁਪੱਟਿਆ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ। ਟਰੱਕਾਂ ਤੇ ਸਜੇ ਹੋਏ ਵੱਖੋ ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟਾ ਨੇ ਵਿਲੱਖਣ ਨਜਾਰਾ ਪੇਸ਼ ਕੀਤਾ। ਬੱਚਿਆ ਦੇ ਗੱਤਕਾ ਗਰੁੱਪਾ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਦੁਕਾਨਦਾਰਾ ਵੱਲੋਂ ਅਨੇਕਾ ਦੁਕਾਨਾਂ ਅਤੇ ਵੱਖ-ਵੱਖ ਬੂਥ ਵੀ ਸੰਗਤਾ ਲਈ ਖਿੱਚ ਦਾ ਕੇਂਦਰ ਬਣੇ ਨਜ਼ਰ ਆ ਰਹੇ ਸਨ। ਲਾਉਡ ਸਪੀਕਰਾ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ। ਨਗਰ ਕੀਰਤਨ ਦੀ



ਸੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਜਿਸ ਬਾਅਦ ਫਲੋਟ ਚਲ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਇਸ ਸਮੇਂ ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟ੍ਰਾਲੀਆਂ ਤੋਂ ਇਲਾਵਾ ਸਿੱਖ ਮੋਟਰ ਸਾਈਕਲ ਰਾਈਡਰ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣ ਰਹੇ ਸਨ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਇਹ ਨਗਰ ਕੀਰਤਨ ਫਾਊਲਰ ਸ਼ਹਿਰ ਦੇ ਮਿੱਥੇ ਰੂਟ ਨੂੰ ਤਹਿ ਕਰਦਾ ਹੋਇਆ ਵਾਪਸ ਗੁਰੂਘਰ ਪਹੁੰਚ ਸਮਾਪਤ ਹੋਇਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

# ਕੈਨੇਡਾ 'ਚ 85 ਸਾਲਾਂ ਬਾਅਦ ਮਿਲਿਆ ਅਮਰੀਕੀ ਖੋਜੀ ਦਾ ਕੈਮਰਾ ਤੇ ਉਪਕਰਨ

**ਮਾਂਟਰੀਅਲ (ਬਿਊਰੋ)–** ਮਸ਼ਹੂਰ ਅਮਰੀਕੀ ਖੋਜੀ ਬ੍ਰੈਡਫੋਰਡ ਵਾਸ਼ਬਰਨ ਦੇ ਕੈਮਰੇ ਅਤੇ ਉਪਕਰਣ ਯੂਕੋਨ ਗਲੇਸ਼ੀਅਰ (ਊਕੋਨ ਗਲਅਚਿਏਰ) ਵਿੱਚ ਪਏ ਮਿਲੇ ਹਨ। ਉਨ੍ਹਾਂ ਨੂੰ 1937 ਵਿੱਚ ਗਲੇਸ਼ੀਅਰ ਦੀ ਬਰਫ਼ ਵਿੱਚ ਛੱਡ ਦਿੱਤਾ ਗਿਆ ਸੀ। ਕੈਨੇਡੀਅਨ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਕਲਾਈਬਰ ਵਾਸ਼ਬਰਨ ਮੈਸੇਚਿਉਸੇਟਸ ਵਿੱਚ ਬੋਸਟਨ ਸਾਇੰਸ ਮਿਊਜ਼ੀਅਮ ਦਾ ਫੋਟੋਗ੍ਰਾਫਰ, ਕਾਰਟੋਗ੍ਰਾਫਰ ਅਤੇ ਡਾਇਰੈਕਟਰ ਵੀ ਸੀ, ਜਿਸਦੀ ਉਸਨੇ ਸਥਾਪਨਾ ਕੀਤੀ ਸੀ।

### ਕਲੂਏਨ ਪਾਰਕ ਪਹੁੰਚੀ ਟੀਮ

ਪਾਰਕਸ ਕੈਨੇਡਾ ਨੇ ਇਸ ਹਫਤੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਤਿੰਨ ਅਥਲੀਟ ਇਤਿਹਾਸ ਦੇ ਇੱਕ ਅਦੁੱਤੀ ਹਿੱਸੇ ਨੂੰ ਲੱਭਣ ਲਈ ਇੱਕ ਮਿਸ਼ਨ 'ਤੇ ਗਏ ਸਨ। ਟੀਮ



ਟੈਟਨ ਗ੍ਰੈਵਿਟੀ ਰਿਸਰਚ ਨੇ ਕੈਮਰੇ ਅਤੇ ਹੋਰ ਸਾਜ਼ੋ-ਸਾਮਾਨ ਦੀ ਖੋਜ ਕਰਨ ਦੇ ਮਿਸ਼ਨ ਨਾਲ ਯੂਕੋਨ ਪ੍ਰਦੇਸ਼ ਵਿੱਚ ਕਲੂਏਨ ਪਾਰਕ ਦੀ ਯਾਤਰਾ ਕੀਤੀ।

### 1937 ਵਿੱਚ ਵਾਸ਼ਬਰਨ ਨੇ ਸ਼ੁਰੂ ਕੀਤੀ ਸੀ ਮਾਊਂਟ ਲੂਕਾਨੀਆ ਦੀ ਚੜ੍ਹਾਈ

1937 ਵਿੱਚ ਵਾਸ਼ਬਰਨ ਤਿੰਨ ਹੋਰ ਪਰਬਤਰੋਹੀਆਂ ਨਾਲ 5,226 ਮੀਟਰ (17,145 ਫੁੱਟ) ਦੀ ਕੈਨੇਡਾ ਦੀ ਤੀਜੀ ਸਭ ਤੋਂ ਉੱਚੀ ਚੋਟੀ ਮਾਊਂਟ ਲੂਕਾਨੀਆ ਦੀ ਚੜ੍ਹਾਈ ਦੀ ਕੋਸ਼ਿਸ਼ ਕਰਨ ਲਈ ਇੱਕ ਮੁਹਿੰਮ 'ਤੇ ਸੀ। ਉਸ ਸਮੇਂ ਇਹ ਉੱਤਰੀ ਅਮਰੀਕਾ ਵਿੱਚ ਹੁਣ ਤੱਕ ਦੀ ਸਭ ਤੋਂ ਉੱਚੀ ਚੋਟੀ ਸੀ।

### ਮੁਸ਼ਕਲ ਹਾਲਾਤ ਦਾ ਕਰਨਾ ਪਿਆ ਸਾਹਮਣਾ

ਵਾਸ਼ਬਰਨ ਅਤੇ ਇਕ ਹੋਰ ਅਮਰੀਕੀ ਪਰਬਤਾਰੋਹੀ ਰੌਬਰਟ ਬੇਟਸ ਨੂੰ ਮਾਊਂਟ ਲੂਕਾਨੀਆ 'ਤੇ ਚੜ੍ਹਨ ਦੌਰਾਨ ਮਾੜੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਕੈਮਰੇ ਅਤੇ ਚੜ੍ਹਾਈ ਦਾ ਸਾਮਾਨ ਪਿੱਛੇ ਛੱਡਣਾ ਪਿਆ, ਜੋ ਕਿ ਹੁਣ ਇਕ ਖਜ਼ਾਨਾ ਬਣ ਗਿਆ ਹੈ।


### 2007 ਵਿੱਚ ਹੋਈ ਵਾਸ਼ਬਰਨ ਦੀ ਮੌਤ

ਟੈਟਨ ਗ੍ਰੈਵਿਟੀ ਰਿਸਰਚ ਨੇ ਫੇਸਬੁੱਕ 'ਤੇ ਕਿਹਾ, "1937 ਤੋਂ ਬਰਫ 'ਚ ਦੱਬੇ ਇਸ ਕੈਸ਼ 'ਚ ਤਿੰਨ ਇਤਿਹਾਸਕ ਕੈਮਰੇ ਸਨ, ਜਿਨ੍ਹਾਂ ਦੀਆਂ ਤਸਵੀਰਾਂ 85 ਸਾਲ ਪਹਿਲਾਂ ਇਹ ਪਹਾੜ ਕਿਹੋ ਜਿਹੇ ਲੱਗਦੇ ਸਨ।" ਵਾਸ਼ਬਰਨ ਦੀ 2007 ਵਿੱਚ 96 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਸੀ।



## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਦੇ ਕੈਰੀ ਕਸਬੇ ਵਿਚ ਸ਼ਾਨਦਾਰ ਮੰਦਿਰ ਦਾ ਸ਼ੁੱਭ ਆਰੰਭ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਉਤਰੀ ਕੈਰੋਲੀਨਾ ਵਿਚ ਕੈਰੀ ਕਸਬੇ (ਵੇਕ ਕਾਊਂਟੀ) ਵਿਖੇ ਦਿਵਾਲੀ ਦੇ ਮੌਕੇ 'ਤੇ ਭਾਰੀ ਤਾਦਾਦ ਵਿਚ ਮੌਜੂਦ ਹਿੰਦੂ ਸ਼ਰਧਾਲੂਆਂ ਦੀ ਮੌਜੂਦਗੀ ਵਿਚ ਸ਼ਾਨਦਾਰ ਮੰਦਿਰ ਦਾ ਸ਼ੁੱਭ ਆਰੰਭ ਹੋਇਆ। ਸ੍ਰੀ ਵੈਂਕਟੇਸਵਰਾ ਮੰਦਿਰ ਵਿਖੇ ਉਸਾਰੇ 87 ਫੁੱਟ ਉੱਚੇ "ਟਾਵਰ ਆਫ ਯੂਨਿਟੀ ਐਂਡ ਪ੍ਰਾਸਪੈਰਿਟੀ" ਵਿਚ ਨਵੇਂ ਮੰਦਿਰ ਦਾ ਉਦਘਾਟਨ ਉੱਤਰੀ ਕੈਰੋਲੀਨਾ ਦੇ ਗਵਰਨਰ ਰਾਇ ਕੂਪਰ ਨੇ ਕੀਤਾ। ਇਸ ਮੰਦਰ ਦੇ ਨਿਰਮਾਣ ਨੂੰ 13 ਸਾਲ ਲੱਗੇ ਹਨ। ਉੱਤਰੀ ਅਮਰੀਕਾ ਵਿਚ ਆਪਣੀ ਕਿਸਮ ਦੇ ਸਭ ਤੋਂ ਉੱਚੇ ਇਸ ਮੰਦਿਰ ਦੀ ਉਸਾਰੀ ਦਾ ਕੰਮ 2009 ਵਿਚ ਸ਼ੁਰੂ ਹੋਇਆ ਸੀ। ਇਸ ਮੌਕੇ ਕੂਪਰ ਨੇ ਮੰਦਿਰ ਦੇ ਸ਼ੁੱਭ ਆਰੰਭ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਮੁਸ਼ਕਿਲ ਸਮੇ ਵਿਚ ਆਪਣੀਆਂ ਚਿੰਤਾਵਾਂ ਤੇ ਫਿਕਰਾਂ ਨੂੰ ਪਰੇ ਰਖਕੇ ਪਵਿੱਤਰ ਮੰਦਿਰ ਵਿਚ ਮੱਥਾ ਟੇਕਣ ਨਾਲ ਇਕ ਨਵੀਂ ਊਰਜਾ ਪੈਦਾ ਹੁੰਦੀ ਹੈ।

ਮੰਦਿਰ ਦੇ ਟਰੱਸਟੀਆਂ ਦੇ ਬੋਰਡ ਦੇ ਜਨਰਲ ਸੱਕਤਰ ਲਕਸ਼ਮੀ ਨਰਾਇਣਨ ਸ੍ਰੀ ਨਿਵਾਸਨ ਅਨੁਸਾਰ ਮੰਦਿਰ ਟਾਵਰ ਦੇ ਨਿਰਮਾਣ ਵਿਚ 5000 ਤੋਂ ਵਧ ਦਾਨੀਆਂ ਨੇ 25 ਲੱਖ ਡਾਲਰ ਦਾਨ ਕੀਤੇ।

ਉਨਾਂ ਕਿਹਾ ਕਿ ਮੰਦਿਰ ਦਾ ਵਿਸਥਾਰ ਕੀਤਾ ਜਾਵੇਗਾ ਤੇ ਇਕ ਇਕਤਰਤਾ ਹਾਲ ਬਣਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਫੁਹਾਰਿਆਂ ਦਾ ਨਿਰਮਾਣ ਵੀ ਕੀਤਾ ਜਾਵੇਗਾ।

# ਪਿਟਸਬਰਗ ਵਿਚ ਇਕ ਚਰਚ ਦੇ ਬਾਹਰ ਹੋਈ ਗੋਲੀਬਾਰੀ ਵਿਚ 6 ਲੋਕ ਜ਼ਖਮੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਪਿਟਸਬਰਘ ਵਿਚ ਇਕ ਚਰਚ ਦੇ ਬਾਹਰਵਾਰ ਹੋਈ ਗੋਲੀਬਾਰੀ ਵਿਚ ਘੱਟੋ ਘੱਟ 6 ਲੋਕ ਜ਼ਖਮੀ ਹੋ ਗਏ। ਪਿਟਸਬਰਗ ਦੇ ਪੁਲਿਸ ਕਮਾਂਡਰ ਰਿਚਰਡ ਫੋਰਡ ਅਨੁਸਾਰ ਜਿਸ ਸਮੇ ਗੋਲੀਬਾਰੀ ਹੋਈ ਚਰਚ ਵਿਚ ਇਕ ਮ੍ਰਿਤਕ ਦੀਆਂ ਅੰਤਿਮ ਰਸਮਾਂ ਚਲ ਰਹੀਆਂ ਸਨ। ਉਨਾਂ ਕਿਹਾ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ ਪਰੰਤੂ ਉਹ ਵੀ ਸਥਿੱਰ ਹਾਲਤ ਵਿਚ ਹੈ। ਬਾਕੀ ਜ਼ਖਮੀਆਂ ਦਾ ਵੀ ਹਸਪਤਾਲ ਵਿਚ ਇਲਾਜ਼ ਚੱਲ ਰਿਹਾ ਹੈ। ਉਨਾਂ ਕਿਹਾ ਕਿ ਇਹ ਘਟਨਾ ਸੋਚੀ ਸਮਝੀ ਯੋਜਨਾ ਦਾ ਹਿੱਸਾ ਲੱਗਦੀ ਹੈ ਕਿਉਂਕਿ ਜ਼ਖਮੀ ਹੋਏ ਕੁਝ ਲੋਕ ਅੰਤਿਮ ਰਸਮਾਂ ਵਿਚ ਸ਼ਾਮਿਲ ਸਨ।

# ਗੂੱਗਲ ਮੁਲਾਜ਼ਮ ਦੀ ਹੱਤਿਆ ਕਰਨ ਵਾਲੇ ਨੂੰ ਉਮਰ ਭਰ ਲਈ ਰਹਿਣਾ ਪਵੇਗਾ ਜੇਲ ਵਿਚ



**ਸੈਕਰਾਮੈਂਟੋ –** 27 ਸਾਲਾ ਗੂੱਗਲ ਮੁਲਾਜ਼ਮ ਵਾਨੇਸਾ ਮਾਰਕੋਟ ਦੀ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਵੋਰਸੈਸਟਰ ਵਾਸੀ 36 ਸਾਲਾ ਐਂਗਲੋ ਕੋਲੋਨ ਓਰਟਿਜ਼ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਈ ਗਈ ਹੈ। ਫੈਸਲਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੇ ਆਪਣਾ ਗੁਨਾਹ ਅਦਾਲਤ ਵਿਚ ਕਬੂਲ ਕਰ ਲਿਆ । ਵੋਰਸੈਸਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਦੂਜਾ ਦਰਜਾ ਕਤਲ ਤੇ ਲੁੱਟਮਾਰ ਦੇ ਦੋਸ਼ਾਂ ਤਹਿਤ ਸੁਣਾਈ ਸਜ਼ਾ ਅਨੁਸਾਰ ਦੋਸ਼ੀ 45 ਸਾਲ ਬਾਅਦ ਹੀ ਪੈਰੋਲ ਉਪਰ ਰਿਹਾਈ ਲਈ ਦਰਖਾਸਤ ਦੇ ਸਕੇਗਾ। ਮਾਰਕੋਟ ਨਿਊਯਾਰਕ ਵਿਚ ਗੂੱਗਲ ਦੇ ਦਫਤਰ ਵਿਚ ਅਕਾਊਂਟ ਮੈਨੇਜਰ ਸੀ ਜੋ ਪ੍ਰਿੰਸਟੋਨ, ਮਾਸਾ-ਚੂਸੈਟਸ ਵਿਚ ਆਪਣੀ ਮਾਂ ਨੂੰ ਮਿਲਣ ਗਈ ਸੀ। 7 ਅਗਸਤ 2016 ਦੀ ਸ਼ਾਮ ਨੂੰ ਉਹ ਸੈਰ ਕਰਨ ਲਈ ਘਰ ਤੋਂ ਬਾਹਰ ਗਈ ਪਰੰਤੂ ਉਹ ਘਰ ਵਾਪਿਸ ਨਹੀਂ ਆਈ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਜਿਸ ਉਪਰੰਤ ਘਰ ਤੋਂ ਇਕ ਮੀਲ ਦੀ ਵੀ ਘੱਟ ਦੂਰੀ 'ਤੇ ਉਸ ਦੀ ਲਾਸ਼ ਬਰਾਮਦ ਹੋਈ ਸੀ।


ਡਿਸਟ੍ਰਿਕਟ ਅਟਾਰਨੀ ਜੋਸਫ ਅਰਲੀ ਜੁਨੀਅਰ ਨੇ ਮਾਸਾਚੂਸੈਟਸ ਸਟੇਟ ਪੁਲਿਸ, ਪ੍ਰਿੰਸਟੋਨ ਪੁਲਿਸ ਤੇ ਅਸਿਸਟੈਂਟ ਡਿਸਟ੍ਰਿਕਟ ਅਟਰਾਨੀ ਵੱਲੋਂ ਮਾਮਲੇ ਦੀ ਜਾਂਚ ਤੇ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੀਤੇ ਕੰਮ ਦੀ ਪ੍ਰਸੰਸਾ ਕੀਤੀ ਹੈ।

# ਅਮਰੀਕਾ ਵਿਚ ਘਰ ਨੂੰ ਲੱਗੀ ਅੱਗ ਵਿੱਚ 10 ਮਹੀਨਿਆਂ ਦੀ ਲੜਕੀ ਸਮੇਤ 4 ਮੌਤਾਂ



**ਸੈਕਰਾਮੈਂਟੋ 31 ਅਕਤੂਬਰ –** ਬਰੋਨਕਸੀ (ਨਿਊਯਾਰਕ) ਵਿਚ ਇਕ ਘਰ ਨੂੰ ਲੱਗੀ ਅੱਗ ਕਾਰਨ ਇਕ 10 ਮਹੀਨਿਆਂ ਦੀ ਲੜਕੀ ਸਮੇਤ 4 ਜਣਿਆਂ ਦੀ ਮੌਤ ਹੋ ਗਈ। ਇਹ ਪ੍ਰਗਟਾਵਾ ਨਿਊਯਾਰਕ ਪੁਲਿਸ ਵਿਭਾਗ ਨੇ ਕੀਤਾ ਹੈ। ਨਿਊਯਾਰਕ ਫਾਇਰ ਵਿਭਾਗ ਦੇ ਸਹਾਇਕ ਮੁੱਖੀ ਕੈਵਿਨ ਬਰੇਨਨ ਨੇ ਕਿਹਾ ਹੈ ਕਿ ਅੱਗ ਲੱਗਣ ਦੀ ਘਟਨਾ ਦੀ ਜਾਣਕਾਰੀ ਸਥਾਨਕ ਸਮੇ ਅਨੁਸਾਰ ਸਵੇਰੇ 6 ਵਜੇ ਮਿਲੀ ਜਿਸ ਉਪਰੰਤ ਤੁਰੰਤ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ। 10 ਤੇ 12 ਸਾਲ ਦੇ ਦੋ ਲੜਕਿਆਂ ਦੀ ਅੱਗ ਵਿਚ ਝੁਲਸਣ ਕਾਰਨ ਮੌਕੇ ਉਪਰ ਹੀ ਮੌਤ ਹੋ ਚੱਕੀ ਸੀ ਜਦ ਕਿ ਇਕ ਲੜਕੀ ਤੇ ਇਕ 22 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਜਿਥੇ ਉਹ ਦਮ ਤੋੜ ਗਏ। ਇਕ 21 ਸਾਲਾ ਔਰਤ ਤੇ 41 ਸਾਲਾ ਵਿਅਕਤੀ ਹਸਪਤਾਲ ਵਿਚ ਇਲਾਜ਼ ਅਧੀਨ ਹਨ ਜਿਨਾਂ ਦੀ ਹਾਲਤ ਗੰਭੀਰ ਹੈ। ਅੱਗ ਬੁਝਾਊ ਅਮਲੇ ਦੇ ਕੁਝ ਮੈਂਬਰ ਵੀ ਮਾਮੂਲੀ ਜ਼ਖਮੀ ਹੋਏ ਹਨ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਹੋਈ ਗੋਲੀਬਾਰੀ ਵਿੱਚ 1 ਮੌਤ, 8 ਜ਼ਖਮੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਟਾਲਾਹਾਸੀ (ਫਲੋਰਿਡਾ) ਵਿਚ ਹੋਈ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਜਦ ਕਿ 8 ਹੋਰ ਜ਼ਖਮੀ ਹੋ ਗਏ। ਟਾਲਾਹਾਸੀ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਪੱਛਮੀ ਪੈਨਸਾਕੋਲਾ ਸਟਰੀਟ ਉਪਰ ਹਾਫ ਟਾਈਮ ਲਿਕੁਰਜ ਸਟੋਰ ਤੇ ਲਾਸ ਕੰਪਾਡਰੈਸ ਵਿਖੇ ਅੱਧੀ ਰਾਤ ਤੋਂ ਪਹਿਲਾਂ ਇਕ ਤੋਂ ਵਧ ਲੋਕਾਂ ਨੇ ਗੋਲੀਆਂ ਚਲਾਈਆਂ। ਟਾਲਾਹਾਸੀ ਪੁਲਿਸ ਮੁੱਖੀ ਲਾਰੈਂਸ ਰੇਵੈਲ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਲਿਕੁਰ ਸਟੋਰ ਦੇ ਬਾਹਰ ਇਕ ਵਿਅਕਤੀ ਗੋਲੀਆਂ ਵੱਜਣ ਕਾਰਨ ਡਿੱਗਾ ਪਿਆ ਸੀ। ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਇਕ ਹਮਲਾਵਰ ਦਾ ਪਿੱਛਾ ਕੀਤਾ ਤੇ ਉਸ ਨੂੰ ਰੁਕ ਜਾਣ ਲਈ ਕਿਹਾ ਪਰੰਤੂ ਉਸ ਨੇ ਰੁਕਣ ਤੇ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ ਜਿਸ ਉਪਰੰਤ ਪੁਲਿਸ ਅਫਸਰਾਂ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਗਿਆ। ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਹ ਖਤਰੇ ਤੋਂ ਬਾਹਰ ਹੈ ਤੇ ਪੁਲਿਸ ਵੱਲੋਂ ਉਸ ਕੋਲੋਂ ਘਟਨਾ ਸਬੰਧੀ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਅਨੁਸਾਰ 8 ਜ਼ਖਮੀਆਂ ਵਿਚੋਂ ਕੁਝ ਗੰਭੀਰ ਹਨ। ਪੁਲਿਸ ਨੇ ਜ਼ਖਮੀਆਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ । ਪ੍ਰੈਸ ਰਲੀਜ਼ ਅਨੁਸਾਰ ਇਸ ਘਟਨਾ ਸਬੰਧੀ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਹੈ।


# ਅਮਰੀਕਾ ਵਿਚ ਨਸਲੀ ਟਿੱਪਣੀ ਕਰਨ ਦੇ ਦੋਸ਼ ਤਹਿਤ ਸਕੂਲ ਅਧਿਆਪਕ ਨੂੰ ਨੌਕਰੀ ਤੋਂ ਕੱਢਿਆ

**ਸੈਕਰਾਮੈਂਟੋ 31 ਅਕਤੂਬਰ –** ਅਮਰੀਕਾ ਦੇ ਇਲੀਨੋਇਸ ਰਾਜ ਦੇ ਇਕ ਸਕੂਲ ਦੇ ਅਧਿਆਪਕ ਨੂੰ ਇਕ ਕਾਲੇ ਵਿਦਿਆਰਥੀ ਉਪਰ ਨਸਲੀ ਟਿੱਪਣੀ ਕਰਨ ਦੇ ਦੋਸ਼




ਤਹਿਤ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਕਨਕਾਕੀ ਸਕੂਲ ਬੋਰਡ ਨੇ ਗਣਿਤ ਦੇ ਅਧਿਆਪਕ ਜੌਹਨ ਡੋਨੋਵੈਨ ਦੀਆਂ ਸੇਵਾਵਾਂ ਖਤਮ ਕਰਨ ਦਾ ਨਿਰਨਾ ਸਰਬਸੰਮਤੀ ਨਾਲ ਲਿਆ। ਵਿਦਿਆਰਥੀਆਂ ਨੇ ਅਧਿਆਪਕ ਵੱਲੋਂ ਸਿਆਹਫਿਆਮ ਵਿਦਿਆਰਥੀ ਉਪਰ ਨਸਲੀ ਟਿਪਣੀ ਕੀਤੇ ਜਾਣ ਦੀ ਵੀਡੀਓ ਬਣਾ ਸੀ ਜਿਸ ਦੇ ਵਾਇਰਲ ਹੋਣ ਤੋਂ ਬਾਅਦ ਵਿਦਿਆਰਥੀਆਂ ਤੇ ਮਾਪਿਆਂ ਵਿਚ ਜਬਰਦਸਤ ਰੋਸ ਪੈਦਾ ਹੋ ਗਿਆ। ਉਨਾਂ ਨੇ ਅਧਿਆਪਕ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਅਧਿਆਪਕ ਉਪਰ ਇਹ ਵੀ ਦੋਸ਼ ਹੈ ਕਿ ਉਸ ਨੇ ਇਸੇ ਵਿਦਿਆਰਥੀ ਉਪਰ ਇਸ ਘਟਨਾ ਤੋਂ ਪਹਿਲਾਂ ਪਿਛਲੇ ਮਹੀਨੇ ਸੰਤਬਰ ਵਿਚ ਕਿਤਾਬ ਵੀ ਵਗਾਹ ਮਾਰੀ ਸੀ ਪਰੰਤੂ ਕਨਕਾਕੀ ਸਕੂਲ ਡਿਸਟ੍ਰਿਕਟ ਸੁਪਰਡੈਂਟ ਡਾ ਕਟਰ ਜਨੇਵਰਾ ਵਾਲਟਰਜ ਨੇ ਅਜਿਹੀ ਘਟਨਾ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਸਕੂਲ ਬੋਰਡ ਦੀ ਮੀਟਿੰਗ ਵਿਚ ਪੀੜਤ 15 ਸਾਲਾ ਵਿਦਿਆਰਥੀ ਦਾ ਪੱਖ ਉਸ ਦੇ ਵਕੀਲ ਨੇ ਰੱਖਿਆ।

# ਇੰਡਿਆਨਾ ਵਿਚ ਸਾਢੇ 5 ਸਾਲ ਦੀ ਭਾਲ ਤੋਂ ਬਾਅਦ ਦੋ ਨਬਾਲਗ ਲੜਕੀਆਂ ਦਾ ਸ਼ੱਕੀ ਕਾਤਲ ਗ੍ਰਿਫਤਾਰ



**ਸੈਕਰਾਮੈਂਟੋ 1 ਨਵੰਬਰ-** ਅਮਰੀਕਾ ਦੇ ਇੰਡਿਆਨਾ ਰਾਜ ਦੇ ਡੈਲਫੀ ਸ਼ਹਿਰ ਵਿਚ ਫਰਵਰੀ 2017 ਵਿਚ ਦੋ ਨਬਾਲਗ ਲੜਕੀਆਂ ਦੇ ਸ਼ੱਕੀ ਕਾਤਲ ਨੂੰ ਆਖਰਕਾਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਜਾਂਚਕਾਰ ਨੇ ਡੈਲਫੀ ਵਾਸੀ 50 ਸਾਲਾ ਰਿਚਰਡ ਐਮ ਐਲਨ ਵਿਰੁੱਧ ਐਬੀਗੇਲ ਵਿਲੀਅਮਜ (13) ਤੇ ਲਿਬਰਟੀ ਜਰਮਨ (14) ਨਬਾਲਗ ਲੜਕੀਆਂ ਦੀਆਂ ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਹਨ ਹਾਲਾਂ ਕਿ ਅਦਾਲਤ ਨੇ ਅਜੇ ਮਾਮਲੇ ਦੀ ਜਾਂਚ ਬੰਦ ਨਹੀਂ ਕੀਤੀ ਹੈ। ਪ੍ਰੈਸ ਰਲੀਜ਼ ਅਨੁਸਾਰ ਐਲਨ ਨੂੰ ਪਿਛਲੇ ਬੁੱਧਵਾਰ ਗ੍ਰਿਫਤਾਰ ਕੀਤਾ ਗਿਆ ਤੇ ਉਸ ਵਿਰੁੱਧ ਦੋਸ਼ ਸ਼ੁੱਕਰਵਾਰ ਆਇਦ ਕੀਤੇ ਗਏ। ਉਸ ਨੂੰ ਵਾਈਟ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਇੰਡਿਆਨਾ ਸਟੇਟ ਪੁਲਿਸ ਸੁਪਰਡੈਂਟ ਡੌਗ ਕਾਰਟਰ ਨੇ ਕਿਹਾ ਹੈ ਕਿ ਇਹ ਦਿਨ ਜਸ਼ਨ ਮਣਾਉਣ ਦਾ ਨਹੀਂ ਹੈ ਪਰ ਯਕੀਨਨ ਪੁਲਿਸ ਦੀ ਇਹ ਵੱਡੀ ਪ੍ਰਾਪਤੀ ਹੈ।

# ਅਮਰੀਕਾ ਵਿਚ ਕਾਂਗਰਸ ਸਮਰਥਕਾਂ ਨੇ 'ਭਾਰਤ ਜੋੜੋ ਯਾਤਰਾ' ਕੱਢਕੇ ਇਕਜੁੱਟਤਾ ਦਾ ਦਿੱਤਾ ਸੁਨੇਹਾ

**ਸੈਕਰਾਮੈਂਟੋ 1 ਨਵੰਬਰ-** ਕਾਂਗਰਸ ਪਾਰਟੀ ਦੇ ਸਮਰਥਕਾਂ ਨੇ ਪਾਰਟੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਵਿਚ ਭਾਰਤ ਵਿਚ ਕੱਢੀ ਜਾ ਰਹੀ 'ਭਾਰਤ ਜੋੜੋ ਯਾਤਰਾ' ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਨਿਊਯਾਰਕ ਵਿਚ 'ਭਾਰਤ ਜੋੜੋ ਯਾਤਰਾ' ਕੱਢੀ। ਇੰਡੀਅਨ ਓਵਰਸੀਜ ਕਾਂਗਰਸ ਅਮਰੀਕਾ ਵੱਲੋਂ 'ਯੂਨ-ਾਈਟਿਡ ਵਾਕ ਇਨ ਨਿਊਯਾਰਕ' ਦੇ ਨਾਂ ਹੇਠ ਅਯੋਜਿਤ ਇਸ ਭਾਰਤ ਜੋੜੋ ਯਾਤਰਾ ਵਿਚ ਸਥਾਨਕ ਕਾਂਗਰਸ ਆਗੂਆਂ ਤੇ ਹੋਰ ਪਾਰਟੀ ਸਮਰਥਕਾਂ ਨੇ ਹਿੱਸਾ ਲਿਆ। ਇੰਡੀਅਨ ਓਵਰਸੀਜ ਕਾਂਗਰਸ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਭਾਰਤ ਜੋੜੋ ਯਾਤਰਾ ਟਾਈਮਜ਼ ਸਕੁਏਅਰ ਤੋਂ ਸ਼ੁਰੂ ਹੋ ਕੇ ਯੂਨੀਅਨ ਸਕੁਏਅਰ ਵਿਚ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਤੱਕ ਗਈ। ਆਈ ਓ ਸੀ ਚੇਅਰਮੈਨ ਸੈਮ ਪਿਟਰੋਡਾ ਨੇ ਯਾਤਰਾ ਦੀ ਸ਼ੁਰੂ-ਆਤ ਕੀਤੀ ਜਿਸ ਦਾ ਮਕਸਦ ਭਾਰਤ ਵਿਚ ਅਮਨ ਤੇ ਏਕਤਾ ਨੂੰ ਬੜਾਵਾ ਦੇਣਾ ਹੈ। ਯਾਤਰਾ ਵਿਚ ਸ਼ਾਮਿਲ ਪਾਰਟੀ ਆਗੂਆਂ ਨੇ ਕਿਹਾ ਕਿ ਕਾਂਗਰਸ ਭਾਰਤ ਦੀ ਮਾਂ ਪਾਰਟੀ ਹੈ ਜਿਸ ਨੇ ਆਜ਼ਾਦੀ ਦੀ ਲੜਾਈ ਲੜੀ। ਹਜਾਰਾਂ ਭਾਰਤੀਆਂ ਨੇ ਕੁਰਬਾਨੀਆਂ ਦੇ ਕੇ ਆਜ਼ਾਦੀ ਲਈ ਪਰ ਹੁਣ ਕੁਝ ਸਵਾਰਥੀ ਤਾਕਤਾਂ ਆਜ਼ਾਦੀ ਦਾ ਸਿਹਰਾ ਆਪਣੇ ਸਿਰ ਬੰਨਾਂ ਰਹੀਆਂ ਹਨ। ਇਹ ਤਾਕਤਾਂ ਭਾਰਤ ਦੀ ਇਕਜੁੱਟਤਾ ਲਈ ਖਤਰਾ ਹਨ। ਇਨਾਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੁਨੇਹਾ ਇਸ ਭਾਰਤ ਜੋੜੋ ਯਾਤਰਾ ਰਾਹੀਂ ਦਿੱਤਾ ਜਾ ਰਿਹਾ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰਦੀਪ ਆਰਟਸ ਅਕੈਡਮੀ ਕੈਨੇਡਾ ਵਲੋਂ ਖੇਡੇ ਗਏ ਨਾਟਕ 'ਵਿਜ਼ਿਟਰ ਵੀਜ਼ਾ' ਦੀ ਦਰਸ਼ਕਾਂ ਵੱਲੋਂ ਭਰਪੂਰ ਸ਼ਲਾਘਾ

## (ਸਮਕਾਲੀ ਵਿਸ਼ਿਆਂ ਨਾਲ ਦੋ ਹੱਥ ਕਰਦੀ ਕਲਾ ਹੀ ਸਰਵ ਸ੍ਰੇਸ਼ਟ ਹੁੰਦੀ ਹੈ-ਡਾ.ਸੁਖਵਿੰਦਰ ਕੰਬੋਜ)







**ਹੇਵਰਡ:** ਗੁਰਦੀਪ ਆਰਟਸ ਅਕੈਡਮੀ ਕੈਨੇਡਾ ਵਲੋਂ ਜ਼ਿੰਦਗੀ ਦਾ ਯਥਾਰਥ ਚਿਤਰਦਾ ਹਾਸਿਆਂ ਭਰਪੂਰ ਨਾਟਕ 'ਵਿਜ਼ਿਟਰ ਵੀਜ਼ਾ' ਜੇਮਜ ਲੋਗਨ ਹਾਈ ਸਕੂਲ ਦੇ ਸੈਂਟਰ ਫਾਰ ਦਾ ਪ੍ਰਫਾਰਮਿੰਗ ਆਰਟਸ ਵਿਖੇ ਖੇਡਿਆ ਗਿਆ।ਇਸ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਪਾਂਸਰਜ਼ ਦਾ ਸ਼ੁਕਰਾਨਾ ਕਰਨ ਲਈ ਦਿਲਕਸ਼ ਸਲਾਈਡ ਸ਼ੋਅ ਚੱਲਦਾ ਰਿਹਾ। ਪ੍ਰੋ. ਹਰਿੰਦਰਜੀਤ ਸਿੰਘ ਸੰਧੂ(ਕੈਨੇਡਾ) ਨੇ ਮੰਚ ਦਾ ਕਾਜ ਭਾਰ ਸੰਭਾਲਦੇ ਹੋਏ ਨਿਵੇਕਲੇ ਅੰਦਾਜ਼ ਵਿੱਚ ਸਮੂਹ ਦਰਸ਼ਕਾਂ, ਸਪਾਂਸਰਾਂ ਦਾ ਧੰਨਵਾਦ ਕਰਦਿਆਂ ਗੁਰਦੀਪ ਆਰਟਸ ਅਕੈਡਮੀ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਕਿਹਾ ਕਿ ਗੁਰਦੀਪ ਸਿੰਘ ਭੁੱਲਰ ਇਕ ਅਣਥੱਕ ਅਤੇ ਵਿਲੱਖਣ ਨਿਰਦੇਸ਼ਕ ਹੈ। ਇਸ ਨੇ ਹੁਣ ਤੱਕ ਮਨੁੱਖੀ ਜ਼ਿੰਦਗੀ ਨੂੰ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਵਿਸ਼ੇ ਬਣਾ ਕੇ ਮੰਚ 'ਤੇ ਕਲਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹੋ ਕਾਰਣ ਹੈ ਕਿ ਇਸ ਦੀ ਨਿਰਦੇਸ਼ਨਾ ਹੇਠ ਖੇਡੇ ਹਰ ਨਾਟਕ ਨੂੰ ਭਰਪੂਰ ਸਫ਼ਲਤਾ ਮਿਲੀ ਹੈ। ਇਸ ਉਪਰੰਤ ਉਨ੍ਹਾਂ ਰੰਗ ਮੰਚ ਨਾਲ ਜੁੜੀ ਕਲਾ ਦੀ ਇਕ ਹੋਰ ਸਿਨਫ਼ ਜੋੜਦਿਆਂ ਸਥਾਨਿਕ ਸ਼ਾਇਰ ਕੁਲਵਿੰਦਰ ਨੂੰ ਦਰਸ਼ਕਾਂ ਦੇ ਰੂ ਬ ਰੂ ਕੀਤਾ। ਧਰਤੀ ਨਾਲ ਜੁੜੇ ਸ਼ਾਇਰ ਕੁਲਵਿੰਦਰ ਦੀ ਸੰਵੇਦਨਾ ਵਾਲੇ ਸ਼ਿਅਰਾਂ ਤੋਂ ਬਾਅਦ ਨਾਟਕ 'ਵਿਜ਼ਿਟਰ ਵੀਜ਼ਾ' ਸ਼ੁਰੂ ਹੁੰਦੇ ਹੀ ਹਾਲ ਵਿੱਚ ਹਾਸਿਆਂ ਦੇ ਫ਼ੁਹਾਰੇ ਗੂੰਜਣ ਲੱਗੇ।ਇਹ ਨਾਟਕ ਇਕ ਪੇਂਡੂ ਪਰਿਵਾਰ ਦੀ ਮੂੰਹ ਬੋਲਦੀ ਤਸਵੀਰ ਸੀ। ਇੰਡੀਆਤੋਂ 'ਵਿਜ਼ਟਰ ਵੀਜ਼ਾ' ਮਿਲਣ ਤੋਂ ਬਾਅਦ ਕੈਨੇਡਾ ਤੱਕ ਦਾ ਸਫ਼ਰ ਤੈਅ ਕਰਦੇ ਹੋਏ ਮਾਪੇ ਅੰਤ ਵਿੱਚ ਨਾ 'ਘਰ ਦੇ ਨਾ ਘਾਟ ਦੇ' ਅਖਾਣ ਯਾਦ ਕਰਵਾ ਗਏ।

ਉਹ ਤਾਂ 'ਵਿਜ਼ਟਰ ਵੀਜ਼ਾ' ਲੈ ਕੇ ਚਾਈਂ-ਚਾਈਂ ਕੈਨੇਡਾ ਨੂੰਹ-ਪੁੱਤ ਕੋਲ ਆਏ ਸਨ। ਇਹ ਚਾਅ ਹੁਲਾਸ ਉਦੋਂ ਖ਼ਤਮ ਹੋ ਗਿਆ ਜਦੋਂ ਬੁੱਢੇ ਵੇਲੇ 'ਬੈਰੀ' ਤੋੜਨੀ ਪਈ। ਉਨ੍ਹਾਂ ਵਾਪਸ ਇੰਡੀਆ ਜਾਣ ਦਾ ਮਨ ਬਣਾਇਆ। ਇੰਡੀਆ ਫੋਨ



ਕਰਦੇ ਹੀ ਪਤਾ ਲੱਗਾ ਕਿ ਪਿੱਛੇ ਰਹਿ ਗਏ ਪੁੱਤ ਨੇ ਮੁਖਤਿਆਰਨਾਮੇ ਦੀ ਨਜਾਇਜ਼ ਵਰਤੋਂ ਕਰਦੇ ਹੋਏ ਪਿਤਾ ਅਤੇ ਪਰਦੇਸੀ ਭਰਾ ਵਲੋਂ ਬਣਾਈ ਹੋਈ ਸਾਰੀ ਜਾਇਦਾਦ ਆਪਣੇ ਨਾਂ ਕਰਵਾ ਲਈ। ਇਸਦਾ ਨਤੀਜਾ ਕੈਨੇਡਾ ਵਾਲੇ ਨੂੰਹ-ਪੁੱਤ ਕੋਲ ਵੀ ਇੰਡੀਆ ਖੜ੍ਹੇ ਹੋਣ ਲਈ ਥਾਂ ਨਾ ਰਹੀ ਤੇ ਮਾਪੇ ਬੋਝ ਬਣ ਗਏ।ਹਰ ਅੱਖ ਉਸ ਵਕਤ ਨਮ ਹੋ ਗਈ ਜਦੋਂ ਪੋਤੇ ਨੇ ਅੱਗੇ ਵਧ ਕੇ ਦਾਦੇ ਅਤੇ ਦਾਦੀ ਨੂੰ ਸਹਾਰਾ ਦਿੱਤਾ। ਇਸ ਨਾਟਕ ਰਾਹੀਂ ਅਵਾਸ ਤੇ ਪਰਵਾਸ ਦੀ ਸਮੱਸਿਆ ਦੇ ਨਾਲ਼-ਨਾਲ਼ ਸਿਆਸੀ ਢਾਂਚੇ, ਡੇਰਾਵਾਦ, ਗੁਰੂਘਰਾਂ ਤੇ ਫਿਊਨਰਲ ਹੋਮਜ਼ ਵਰਗੀਆਂ ਮੁਹਿੰਮਾਂ ਦਾ ਅਸਲ ਸੱਚ ਵੀ ਪੇਸ਼ ਕੀਤਾ ਗਿਆ। ਇਸ ਨਾਟਕ ਵਿੱਚ ਸ਼ਾਨ(ਪੋਤੇ) ਦੇ ਰੋਲ ਵਿਚ ਗੁਲਮਹਿਕ ਕੌਰ, ਉਸ ਦੇ ਦੋਸਤ ਨਵਰੀਤ, ਨਵਰੂਪ ਅਤੇ ਸਮਰ ਪੱਡਾ ਸਨ।ਇਹ ਤਿੰਨੇ ਬੱਚੇ ਅਮਰੀਕਾ ਤੋਂ ਸਨ ਤੇ ਇਨ੍ਹਾਂ ਨੇ ਇਕ ਦਿਨ ਦੀ ਨਿਰਦੇਸ਼ਨਾ ਨਾਲ਼ ਹੀ ਨਾਟਕ ਨੂੰ ਚਾਰ ਚੰਨ ਲਾ ਦਿੱਤੇ। ਗੁਰਦਵਾਰੇ ਦੇ ਪ੍ਰਧਾਨ ਦੇ ਰੂਪ ਵਿੱਚ ਸ਼ਾਨ ਸੇਖੋਂ (ਅਮਰੀਕਾ), ਸੇਵਾ ਸਿੰਘ ਦੇ ਰੋਲ



ਵਿੱਚ ਪ੍ਰੋ. ਸੁਖਦੇਵ ਸਿੰਘ (ਅਮਰੀਕਾ), ਕਲਾਕਾਰ, ਸੈਕਟਰੀ ਅਤੇ ਕਿਰਾਏਦਾਰ ਦੇ ਰੋਲ ਵਿੱਚ ਅਰਜਨ ਸਿੰਘ। ਚਾਚੀ ਦੇ ਰੋਲ ਵਿੱਚ ਇੰਦਰਪ੍ਰੀਤ ਕੌਰ ਸੈਣੀ, ਬੇਬੇ ਦੇ ਰੋਲ ਵਿੱਚ ਸੁੱਖੀ ਰੋਡੇ, ਬਾਪੂ ਦੇ ਰੋਲ ਵਿੱਚ ਬਲਵਿੰਦਰ ਸਿੰਘ ਰੋਡੇ, ਪੰਡਿਤ ਦੇ ਰੂਪ ਵਿੱਚ ਚਰਨਪ੍ਰੀਤ, ਲੱਕੀ(ਪੁੱਤ) ਦੇ ਰੋਲ ਵਿੱਚ ਬਿੱਲਾ ਤੱਖਰ, ਪ੍ਰੀਤ (ਨੂੰਹ) ਦੇ ਰੋਲ ਵਿੱਚ ਹਰਮੀਤ ਕੌਰ ਗਿੱਲ ਕਲਾਕਾਰਾਂ ਨੇ ਆਪਣੀ ਕਲਾ ਦਾ ਲੋਹਾ ਮਨਵਾਇਆ। ਇਨ੍ਹਾਂ ਮੰਝੇ ਹੋਏ ਕਲਾਕਾਰਾਂ ਵਿੱਚ ਫਿਲਮ ਅਦਾਕਾਰਾ ਰਹੀ ਇੰਦਰਪ੍ਰੀਤ ਕੌਰ ਸੈਣੀ ਦਾ ਇਹ ਇਕ ਸੌ ਇਕਵਾਂ ਸ਼ੋਅ ਸੀ।

ਹਰਮੀਤ ਕੌਰ ਗਿੱਲ ਨੂੰ ਵੀ ਪੰਜਾਬੀ ਫਿਲਮਾਂ ਵਿੱਚ ਕੰਮ ਕੀਤਾ ਹੋਣ ਦਾ ਮਾਣ ਪ੍ਰਾਪਤ ਹੈ। ਨਾਟਕ ਦੀ ਸਫ਼ਲਤਾ ਦੀ ਗਵਾਹੀ ਇਹ ਕਿ ਚੱਲਦੇ ਨਾਟਕ ਵਿੱਚ ਫੋਨ ਬੰਦ ਰਹੇ ਅਤੇ ਨਾਟਕ ਦਾ ਰੀਵੀਊ ਖ਼ਤਮ ਹੋਣ ਤੱਕ ਕੋਈ ਵੀ ਉੱਠ ਕੇ ਨਾ ਗਿਆ। ਡਾ. ਸੁਖਵਿੰਦਰ ਕੰਬੋਜ ਨੇ ਇਸ ਨਾਟਕ ਦੇ ਰੀਵੀਊ ਵਿੱਚ ਕਿਹਾ ਕਿ ਇਸ ਨਾਟਕ ਦੇ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ। ਨਾਟਕ ਦੀਵਿਲੱਖਣਤਾ ਇਹ ਹੈ ਕਿ ਇਸ ਵਿੱਚ ਸਮਕਾਲੀ ਵਿਸ਼ਿਆਂ ਨੂੰ ਛੋਹ ਦਿੱਤੀ ਗਈ ਹੈ।

ਅਜਿਹੀ ਕਲਾ ਹੀ ਸਰਵ ਸ੍ਰੇਸ਼ਟ ਹੁੰਦੀ ਹੈ। ਉਨ੍ਹਾਂ ਨਾਟਕ ਦੇ ਸਕਰਿਪਟ ਲੇਖਕ ਬਿੱਲਾ ਤੱਖਰ ਅਤੇ ਗੁਰਨਾਮ ਥਾਂਦੀ ਨੂੰ ਖ਼ੁਸ਼ ਹੋ ਕੇ ਇਨਾਮ ਵੀ ਦਿੱਤਾ। ਇਸ ਤੋਂ ਇਲਾਵਾ ਸਾਊਂਡ ਸਿਸਟਮ ਅਤੇ ਨਿਰਦੇਸ਼ਨ ਲਈ ਗਰਦੀਪ ਭੁੱਲਰ ਨੂੰ ਮੁਬਾਰਕ ਦਿੰਦੇ ਕਿਹਾ ਕਿ ਇਹ ਨਾਟਕ ਸਾਡੇ ਚੇਤਿਆਂ ਵਿੱਚ ਚਿਰਾਂ ਤੱਕ ਵੱਸਦਾ ਰਹੇਗਾ। ਇਸ ਮੌਕੇ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਵਲੋਂ ਲਾਈ ਪ੍ਰਦਰਸ਼ਨੀ ਵੀ ਸਭਿਆਚਾਰ ਦਾ ਸੁਨੇਹਾ ਦਿੰਦੀ ਰਹੀ।

ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਸਮੂਹ ਦਰਸ਼ਕਾਂ ਤੋਂ ਇਲਾਵਾ ਪ੍ਰਬੰਧਕ ਸਰਦੂਲ ਸਿੰਘ ਸਮਰਾ, ਪ੍ਰੋ. ਸੁਖਦੇਵ ਸਿੰਘ, ਬਲਜਿੰਦਰ ਸਿੰਘ ਅਤੇ ਸਪਾਂਸਰਾ ਵਿੱਚ ਮਿਹਰ ਸਿੰਘ ਮਾਹਲ, ਸੋਨੂੰ ਰਾਣਾ ਚੌਧਰੀ, ਬਲਵਿੰਦਰ ਸਿੰਘ ਧਨੋਆ,ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਸਰਬਜੀਤ ਸਿੰਘ ਸਰਾਓ, ਸਰਬਜੀਤ ਸਿੰਘ ਗਿੱਲ (ਵਕੀਲ), ਵਿਕਰਮ ਸਿੰਘ, ਜਸਵੰਤ ਸਿੰਘ ਸਰਾ, ਅਜੀਤ ਸਿੰਘ (ਕੇ ਐਫ ਸੀ), ਜਸਵਿੰਦਰ ਸਿੰਘ ਰਾਏ, ਮਿੱਕੀ ਸਰਾ, ਕਬੀਲਾ ਰੈਸਟੋਰੈਂਟ ਤੋਂ ਇਲਾਵਾ ਮੀਡੀਆ ਪਾਰਟਨਰਜ਼ ਪੰਜਾਬ ਟਾਈਮਜ਼, ਪਰਦੇਸ ਟਾਈਮਜ਼ ਅਤੇ ਰੇਡੀਓ ਮਿਰਚੀ ਆਦਿ ਦੇ ਨਾਮ ਜ਼ਿਕਰਯੋਗ ਹਨ।

**ਰਿਪੋਰਟ: ਲਾਜ ਨੀਲਮ ਸੈਣੀ**
**ਫੋਨ: 510-502-0551**

# ਹੱਕ ਹਮਾਰਾ ਵੀ ਹੈ ਮੁਹਿੰਮ ਤਹਿਤ ਕੈਦੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ

**ਪਠਾਨਕੋਟ 1 ਨਵੰਬਰ (ਰਾਜਿੰਦਰ ਸਿੰਘ ਰਾਜਨ)** ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਥਾਰਟੀ ਦੇ ਸਕੱਤਰ ਸੀ।ਜੀ।ਐਮ ਰੰਜੀਵ ਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਪਠਾਨਕੋਟ ਵਿਖੇ ਕੈਦੀਆਂ ਅਤੇ ਬੰਦੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ।ਇਸ ਮੁਹਿੰਮ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਕੀਲਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਦੀ ਟੀਮ ਬਣਾ ਕੇ ਕੈਦੀਆਂ ਅਤੇ ਬੰਦੀਆਂ ਦਾ ਸਾਰਾ ਡਾਟਾ ਤਿਆਰ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦਾ ਮੁੱਖ ਮੰਤਵ ਇਹ ਹੈ ਕਿ ਜਿਸ ਤਹਿਤ ਕਾਨੂੰਨੀ ਸਹਾਇਤਾ ਮੁਫ਼ਤ




ਪ੍ਰਾਪਤ ਕੀਤੀ ਜਾ ਸਕਦੀ ਹੈ, ਉਸੇ ਕੜੀ ਤਹਿਤ ਅੱਜ ਵਕੀਲ ਅਤੇ ਪੈਰਾ ਲੀਗਲ ਵਲੰਟੀਅਰ ਕੈਦੀਆਂ ਨਾਲ ਸੰਪਰਕ ਕਰ ਰਹੇ ਹਨ। ਇਹ ਮੁਹਿੰਮ 13 ਨਵੰਬਰ ਤੱਕ ਚਲਾਈ ਜਾਵੇਗੀ ਤਾਂ ਜੋ ਜੇਲ੍ਹ ਵਿੱਚ ਬੰਦ ਕੈਦੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ ਅਤੇ ਉਨ੍ਹਾਂ ਨੂੰ ਇਨਸਾਫ਼ ਮਿਲ ਸਕੇ। ਇਸ ਮੌਕੇ ਜੇਲ੍ਹ ਸੁਪਰਡੈਂਟ ਜੀਵਨ ਠਾਕੁਰ, ਐਡਵੋਕੇਟ ਵਿਨੋਦ ਮਹਾਜਨ, ਐਡਵੋਕੇਟ ਬਲਵਿੰਦਰ ਸੈਣੀ, ਐਡਵੋਕੇਟ ਜਤਿੰਦਰ ਜੱਗੀ, ਐਡਵੋਕੇਟ ਰੱਖੀਆ ਦੇਵੀ ਪੰਡਿਤ, ਪੀਐਲਬੀ ਵਿਨੋਦ ਕੁਮਾਰ, ਪੀਐਲਬੀ ਨੀਲਮ ਦੇਵੀ, ਪੀਐਲਬੀ ਕੁਲਵਿੰਦਰ ਕੌਰ, ਲਵਦੀਪ ਸਿੰਘ ਆਦਿ ਹਾਜ਼ਰ ਸਨ।

# ਡੈੱਨਮਾਰਕ ਪਾਰਲੀਮੈਂਟ ਦੀਆਂ ਚੋਣਾਂ ਲੜੇਗੀ ਪਿੰਡ ਜਟਾਣਾ ਦੀ ਧੀ ਜੈਸਮੀਨ ਕੌਰ

**ਰੋਪੜ-** ਐਸਵਾਈਐਲ ਨਾਲ ਦੇਸ਼-ਵਿਦੇਸ਼ ਵਿਚ ਚਰਚਾ ਵਿਚ ਆਇਆ ਰੋਪੜ ਜ਼ਿਲ੍ਹੇ ਦਾ ਪਿੰਡ ਜਟਾਣਾ ਇਕ ਵਾਰ ਫੇਰ ਤੋਂ ਚਰਚਾ ਵਿਚ ਹੈ ਕਿਉਂਕਿ ਪਿੰਡ ਜਟਾਣਾ ਦੇ ਨਿਰਵੈਰ ਸਿੰਘ ਜਟਾਣਾ ਦੀ ਹੋਣਹਾਰ ਪੁੱਤਰੀ ਜੈਸਮੀਨ ਕੌਰ (22) ਡੈੱਨਮਾਰਕ ਦੀਆਂ ਪਾਰਲੀਮਾਨੀ ਦੀਆਂ ਚੋਣਾਂ ਲੜ ਰਹੀ ਹੈ। ਇਸ ਸਬੰਧੀ ਜੈਸਮੀਨ ਕੌਰ ਦੇ ਤਾਇਆ ਨੰਬਰਦਾਰ ਜਸਵੀਰ ਸਿੰਘ ਜਟਾਣਾ ਨੇ ਦੱਸਿਆ ਕਿ ਇਕ ਨਵੰਬਰ ਨੂੰ ਡੈੱਨਮਾਰਕ ਵਿਚ ਹੋ ਰਹੀਆਂ ਪਾਰਲੀਮਾਨੀ ਚੋਣਾਂ 'ਚ ਉਨ੍ਹਾਂ ਦੀ ਭਤੀਜੀ ਜੈਸਮੀਨ ਕੌਰ ਪੁੱਤਰੀ ਨਿਰਵੈਰ ਸਿੰਘ ਜਟਾਣਾ ਨੂੰ ਉੱਥੋਂ ਦੀ ਪ੍ਰਮੁੱਖ ਪਾਰਟੀ ਫ੍ਰੀ ਗ੍ਰੀਨ ਡੈੱਨਮਾਰਕ ਨੇ ਡੈਨਸ਼ ਪੀਪਲਜ਼ ਪਾਰਟੀ ਦੀ ਪ੍ਰਮੁੱਖ ਆਗੂ ਜੋ ਕਿ 2014 ਤੋਂ 18 ਤਕ ਪਾਰਲੀਮੈਂਟ ਵਿਚ ਸਪੀਕਰ ਰਹਿ ਚੁੱਕੀ ਪ੍ਰਿਆ ਖੇਸਗੋਅ ਖ਼ਿਲਾਫ਼ ਗਰੇਓ ਸ਼ੀ ਲੈਂਡ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। ਉਨ੍ਹਾਂ ਦੱਸਿਆ ਕਿ ਡੈੱਨਮਾਰਕ ਦੀਆਂ ਪਾਰਲੀਮਾਨੀ ਚੋਣ ਲੜਨ ਲਈ ਘੱਟ ਤੋਂ ਘੱਟ ਵੀਹ ਹਜ਼ਾਰ ਵੋਟਰਾਂ ਦੇ ਦਸਤਖਤਾਂ ਦਾ ਸਮੱਰਥਨ ਦੀ ਲੋੜ ਹੁੰਦੀ ਹੈ ਜੋ ਕਿ ਜੈਸਮੀਨ ਕੌਰ ਨੂੰ ਥੋੜ੍ਹੇ ਹੀ ਸਮੇਂ ਵਿਚ ਪੰਜਾਹ ਹਜ਼ਾਰ ਤੋਂ ਵੀ ਵੱਧ ਵੋਟਰਾਂ ਦਾ ਸਮਰਥਨ ਹਾਸਲ ਹੋਇਆ ਹੈ।



ਜੈਸਮੀਨ ਕੌਰ ਡੈੱਨਮਾਰਕ ਦੀ ਪਾਰਲੀਮੈਂਟ ਦੀਆਂ ਚੋਣਾਂ ਲੜਨ ਵਾਲੀ ਪਹਿਲੀ ਭਾਰਤੀ ਲੜਕੀ ਹੈ ਜਦੋਂ ਕਿ ਜੈਸਮੀਨ ਕੌਰ ਦੀ ਪਾਰਟੀ ਵੱਲੋਂ ਖੰਨੇ ਜ਼ਿਲ੍ਹੇ ਦਾ ਨੌਜਵਾਨ ਯਾਦਵਿੰਦਰ ਸਿੰਘ ਵੀ ਚੋਣ ਮੈਦਾਨ ਵਿਚ ਹੈ। ਡੈੱਨਮਾਰਕ ਪਾਰਲੀਮੈਂਟ ਦੇ ਇਕ ਸੌ ਪਝੰਤਰ ਮੈਂਬਰਾਂ ਲਈ ਪੰਜ ਲੱਖ ਤੋਂ ਵੱਧ ਵੋਟਰ ਇਕ ਨਵੰਬਰ ਨੂੰ ਬੈਲਟ ਪੇਪਰਾਂ ਰਾਹੀਂ ਵੋਟ ਦਾ ਇਸਤੇਮਾਲ ਕਰਨਗੇ ਜਿਨ੍ਹਾਂ ਦਾ ਨਤੀਜਾ ਉਸੇ ਸ਼ਾਮ ਐਲਾਨਿਆ ਜਾਵੇਗਾ। ਜੈਸਮੀਨ ਕੌਰ ਦੇ ਡੈੱਨਮਾਰਕ ਵਿਚ ਚੋਣ ਲੜਨ ਦੀ ਖ਼ਬਰ ਮਿਲਣ 'ਤੇ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਹੈ। ਸਮੂਹ ਨਗਰ ਵਾਸੀ ਜੈਸਮੀਨ ਕੌਰ ਦੀ ਜਿੱਤ ਦੀਆਂ ਅਰਦਾਸਾਂ ਕਰ ਰਹੇ ਹਨ।

# 'ਟੂ-ਫਿੰਗਰ ਟੈਸਟ' ਔਰਤਾਂ ਦੇ ਸਨਮਾਨ ਦੀ ਉਲੰਘਣਾ-ਸੁਪਰੀਮ ਕੋਰਟ

**ਨਵੀਂ ਦਿੱਲੀ-** ਭਾਰਤ ਵਿਚ ਔਰਤਾਂ 'ਤੇ ਹੋ ਰਹੇ ਜ਼ਬਰ ਜਿਨਾਹ ਦੇ ਕੇਸਾਂ ਨੂੰ ਲੈ ਕੇ ਅਦਾਲਤ ਦਾ ਵੱਡਾ ਫੈਸਲਾ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਜਬਰ ਜ਼ਿਨਾਹ ਪੀੜਤਾਂ ਦੀ ਜਾਂਚ ਦੀ 'ਟੂ ਫਿੰਗਰ' ਪ੍ਰਣਾਲੀ ਸਮਾਜ 'ਚ ਅਜੇ ਵੀ ਜਾਰੀ ਹੈ। ਉਸ ਨੇ ਕੇਂਦਰ ਅਤੇ ਰਾਜ ਨੂੰ ਕਿਹਾ ਕਿ ਹੁਣ ਇਹ ਟੈਸਟ ਨਹੀਂ ਹੋਣਾ ਚਾਹੀਦਾ। ਜਸਟਿਸ ਡੀ।ਵਾਈ। ਚੰਦਰਚੂੜ ਅਤੇ ਹਿਮਾ ਕੋਹਲੀ ਦੀ ਬੈਂਚ ਨੇ ਝਾਰਖੰਡ ਹਾਈ ਕੋਰਟ ਵੱਲੋਂ ਜਬਰ ਜ਼ਿਨਾਹ ਅਤੇ ਕਤਲਕਾਂਡ 'ਚ ਦੋਸ਼ੀ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਪਲਟ ਦਿੱਤਾ ਅਤੇ ਹੇਠਲੀ ਅਦਾਲਤ ਦੇ ਉਸ ਨੂੰ ਦੋਸ਼ੀ ਠਹਿਰਾਏ ਜਾਣ ਦੇ ਹੁਕਮ ਨੂੰ ਬਰਕਰਾਰ ਰੱਖਿਆ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਕ ਦਹਾਕੇ ਪੁਰਾਣੇ ਫ਼ੈਸਲੇ 'ਚ 'ਟੂ-ਫਿੰਗਰ ਟੈਸਟ' ਨੂੰ ਔਰਤ ਦੇ ਸਨਮਾਨ ਅਤੇ ਨਿੱਜਤਾ ਦੀ ਉਲੰਘਣਾ ਦੱਸਿਆ ਗਿਆ ਸੀ। ਬੈਂਚ ਨੇ ਕਿਹਾ,"ਮੰਗਭਾਗੀ ਗੱਲ ਹੈ ਕਿ ਇਹ ਪ੍ਰਣਾਲੀ ਅਜੇ ਵੀ ਪ੍ਰਚਲਿਤ ਹੈ। ਔਰਤਾਂ ਦੀ ਜਣਨ ਜਾਂਚ ਉਨ੍ਹਾਂ ਦੀ ਇੱਜ਼ਤ 'ਤੇ ਹਮਲਾ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਜਿਨਸੀ ਤੌਰ 'ਤੇ ਸਰਗਰਮ ਔਰਤ ਨਾਲ ਜਬਰ ਜ਼ਿਨਾਹ ਨਹੀਂ ਕੀਤਾ ਜਾ ਸਕਦਾ।" ਸੁਪਰੀਮ ਕੋਰਟ ਨੇ ਕੇਂਦਰ ਅਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ ਕੁਝ ਨਿਰਦੇਸ਼ ਜਾਰੀ ਕੀਤੇ ਅਤੇ ਸੂਬਿਆਂ ਦੇ ਪੁਲਸ ਡਾਇਰੈਕਟਰ ਜਨਰਲਾਂ ਅਤੇ ਸਿਹਤ ਸਕੱਤਰਾਂ ਨੂੰ ਇਹ ਯਕੀਨੀ ਕਰਨ ਲਈ ਕਿਹਾ ਕਿ 'ਟੂ-ਫਿੰਗਰ ਟੈਸਟ' ਨਾ ਕਰਵਾਇਆ ਜਾਵੇ। ਬੈਂਚ ਨੇ ਕੇਂਦਰ ਅਤੇ ਸੂਬੇ ਦੇ ਸਿਹਤ ਸਕੱਤਰਾਂ ਨੂੰ ਨਿਰਦੇਸ਼ ਦਿੱਤਾ ਕਿ ਸਰਕਾਰੀ ਅਤੇ ਨਿੱਜੀ ਮੈਡੀਕਲ ਕਾਲਜਾਂ ਦੇ ਪਾਠਕ੍ਰਮ ਤੋਂ 'ਟੂ-ਵਿੰਗਰ' ਟੈਸਟ ਨਾਲ ਸੰਬੰਧਤ ਅਧਿਐਨ ਸਮੱਗਰੀ ਹਟਾਈ ਜਾਵੇ। 'ਟੂ-ਫਿਗਰ' ਟੈਸਟ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾਵੇਗਾ।

# ਚੰਡੀਗੜ੍ਹ ਯੂਨੀਵਰਸਿਟੀ ਵਿਖੇ 'ਫੈਪ ਨੈਸ਼ਨਲ ਐਵਾਰਡ-2022' ਦੇ ਦੂਜੇ ਦਿਨ ਦੇਸ਼ ਭਰ ਦੇ 213 ਸਕੂਲਾਂ ਅਤੇ 63 ਪ੍ਰਿੰਸੀਪਲਾਂ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ

ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ (ਫੈਪ) ਵੱਲੋਂ ਗੁਣਵੱਤਾਪੂਰਨ ਸਕੂਲ ਸਿੱਖਿਆ ਦੇ ਖੇਤਰ 'ਚ ਵਢਮੁੱਲਾ ਯੋਗਦਾਨ ਪਾਉਣ ਵਾਲੇ ਪ੍ਰਾਈਵੇਟ ਸਕੂਲਾਂ ਦੇ ਸਨਮਾਨ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਇਆ ਦੋ ਰੋਜ਼ਾ 'ਨੈਸ਼ਨਲ ਸਕੂਲ ਐਵਾਰਡ-2022' ਸਮਾਗਮ ਅੱਜ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ।ਐਵਾਰਡ ਸਮਾਗਮ ਦੇ ਦੂਜੇ ਦਿਨ ਦੇਸ਼ ਭਰ ਤੋਂ 213 ਸਕੂਲਾਂ ਨੂੰ 'ਬੈਸਟ ਨੈਸ਼ਨਲ ਸਕੂਲ' ਐਵਾਰਡ ਦਿੱਤੇ ਗਏ ਜਦਕਿ 63 ਪ੍ਰਿੰਸੀਪਲਾਂ ਦਾ ਬੈਸਟ ਪ੍ਰਿੰਸੀਪਲ ਐਵਾਰਡ ਸ਼੍ਰੇਣੀ ਅਧੀਨ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਕੇਂਦਰੀ ਵਣਜ ਅਤੇ ਉਦਯੋਗਿਕ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਐਵਾਰਡਾਂ ਦੀ ਵੰਡ ਕੀਤੀ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ, ਫੈਡਰੇਸ਼ਨ ਪੁਰਸਕਾਰਾਂ ਨਾਲ ਸਨਮਾਨ ਕੀਤਾ ਗਿਆ।

ਕੇਂਦਰੀ ਰਾਜ ਮੰਤਰੀ ਵੱਲੋਂ ਧਨਵੰਤਰੀ ਧਰਮ ਵੀਰ ਪਬਲਿਕ ਸਕੂਲ ਮੇਰਠ, ਮੈਰੀ ਮਿੰਟ ਪਬਲਿਕ ਸਕੂਲ, ਪੰਜਾਬ ਅਤੇ ਇਨਡਸ ਪਬਲਿਕ ਗਲੋਬਲ ਸਕੂਲ ਮੰਡੀ ਨੂੰ ਬੈਸਟ ਇਨੋਵੇਟਿਵ ਟੀਚਿੰਗ ਪ੍ਰੈਕਟਿਸਸ ਐਵਾਰਡ ਸੌਂਪਿਆ ਗਿਆ ਜਦਕਿ ਸ਼ਹੀਦ ਗੰਜ ਪਬਲਿਕ ਸਕੂਲ ਮੁੜਕੀ, ਜੱਜ ਮਾਡਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਅਤੇ ਗਿਆਨ ਗੰਗਾ ਇੰਟਰਨੈਸ਼ਨਲ ਪਬਲਿਕ ਸਕੂਲ ਨੂੰ ਬੈਸਟ ਸਕੂਲ ਇਨ ਅਕੈਡਮਿਕ ਪ੍ਰਫਾਰਮੈਸ ਐਵਾਰਡ ਪ੍ਰਦਾਨ ਕੀਤਾ ਗਿਆ।ਇਸੇ ਤਰ੍ਹਾਂ ਸਵਾਮੀ ਮੋਹਨਦਾਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਕੌਰ ਮਾਨ, ਮਹਾਂਵੀਰ ਸੀਨੀਅਰ ਸੈਕੰਡਰੀ ਸਕੂਲ ਦਿੱਲੀ ਤੋਂ ਰੁਚਿਕਾ ਸੁਖੇਜਾ, ਈਸਟ ਵੁੱਡ ਇੰਟਰਨੈਸ਼ਨਲ ਸਕੂਲ ਲੁਧਿਆਣਾ ਤੋਂ ਡਾ. ਅਮਨਦੀਪ ਕੌਰ, ਕੈਂਬਰਿਜ ਸਕੂਲ ਪ੍ਰਿੰਸੀਪਲਾਂ ਦਾ ਕੌਮੀ ਪੱਧਰ 'ਤੇ ਸਨਮਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਐਵਾਰਡ ਸਮਾਗਮ ਸੰਸਥਾਵਾਂ 'ਚ ਮੁਕਾਬਲੇ ਦੀ ਭਾਵਨਾ ਜਗ੍ਹਾ ਕੇ ਵਿਦਿਅਕ ਸੰਸਥਾਵਾਂ ਦੀ ਕਾਰਗੁਜ਼ਾਰੀ ਨੂੰ ਹੋਰ ਗੁਣਵੱਤਾਪੂਰਨ ਬਣਾਉਣ 'ਚ ਸਾਰਥਿਕ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੇ ਮੁਕਾਬਲੇ ਦੇ ਦੌਰ 'ਚ ਸਮੇਂ ਦੇ ਹਾਣ ਦੀ ਮਿਆਰੀ ਵਿਦਿਆ ਪ੍ਰਦਾਨ ਕਰਵਾ ਕੇ ਚੰਗੇ ਵਿਦਿਆਰਥੀ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਅਤੇ ਅਮੀਰ ਵਿਰਾਸਤ ਵਾਲਾ ਸੂਬਾ ਹੈ, ਸਾਨੂੰ ਇਸ ਨੂੰ ਮੁੜ ਤੋਂ ਰੰਗਲਾ ਅਤੇ ਖੁਸ਼ਹਾਲ ਬਣਾਉਣ ਲਈ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੁਰਾਤਨ ਸਮੇਂ ਤੋਂ ਸਮਾਜ 'ਚ ਅਧਿਆਪਕਾਂ ਨੂੰ ਵੱਡਾ ਰੁਤਬਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਇੱਕ ਅਜਿਹੇ ਪੰਜਾਬ ਸਿਰਜਣ ਲਈ ਯੋਗਦਾਨ ਪਾਉਣ ਜਿਸ ਦੀ ਮੁਲਕ ਬਣ ਗਿਆ ਹੈ। ਭਾਰਤ 'ਚ ਨੌਜਵਾਨੀ ਨੂੰ ਸਟਾਰਟਅੱਪ ਸੱਭਿਆਚਾਰ ਵੱਲ ਉਤਸ਼ਾਹਿਤ ਕਰਕੇ ਰੋਜ਼ਗਾਰਦਾਤਾ ਵਜੋਂ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਦੁਨੀਆਂ ਦੇ ਸਮੁੱਚੇ ਵਿਕਸਤ ਦੇਸ਼ ਸਟਾਰਟਅੱਪ ਦੇ ਮਾਮਲੇ 'ਚ ਭਾਰਤ ਤੋਂ ਸੇਧ ਹਾਸਲ ਕਰ ਰਹੇ ਹਨ।

ਇਸ ਮੌਕੇ ਗੱਲਬਾਤ ਕਰਦਿਆਂ ਫੈਡਰੇਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਨੇ ਪੰਜਾਬ ਦੀਆਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੂੰ ਅੱਗੇ ਆਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸੂਬੇ ਦੀਆਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ 'ਚ ਦੇਸ਼ ਦਾ ਮੁਹਾਂਦਰਾ ਬਦਲਣ ਦੀ ਸਮਰੱਥਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕੁੱਲ ਵਿਚੋਂ 55 ਫ਼ੀਸਦੀ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕਰਵਾ ਕੇ ਪ੍ਰਾਈਵੇਟ ਸਕੂਲਾਂ ਨੇ ਰਾਸ਼ਟਰ ਵਿਕਾਸ 'ਚ ਵੱਡਾ ਯੋਗਦਾਨ ਪਾਇਆ ਹੈ।










ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਅਤੇ ਵੱਖ-ਵੱਖ ਖੇਤਰਾਂ 'ਚ ਸਮਾਜ ਭਲਾਈ ਲਈ ਤੱਤਪਰ ਸਖ਼ਸ਼ੀਅਤਾਂ ਵਿਸ਼ੇਸ਼ ਰੂਪ 'ਚ ਹਾਜ਼ਰ ਸਨ। ਦੋ ਦਿਨ ਚੱਲੇ ਐਵਾਰਡ ਸਮਾਗਮ ਦੌਰਾਨ ਸਕੂਲਾਂ 'ਚ ਸੰਸਥਾਗਤ ਮਾਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਰਾਸ਼ਟਰ ਵਿਕਾਸ 'ਚ ਉਨ੍ਹਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ 'ਨੈਸ਼ਨਲ ਸਕੂਲ ਐਵਾਰਡ' ਭੇਂਟ ਕੀਤੇ ਗਏ।ਸਮਾਗਮ ਦੇ ਦੂਜੇ ਦਿਨ 8 ਵੱਖ-ਵੱਖ ਸ਼੍ਰੇਣੀਆਂ ਅਧੀਨ ਕੁੱਲ 213 ਐਵਾਰਡ ਦਿੱਤੇ ਗਏ, ਜਿਸ ਤਹਿਤ 40 ਸਕੂਲਾਂ ਨੂੰ 'ਬੈਸਟ ਇੰਨਫ੍ਰਾਸਟ੍ਰਕਚਰ ਸਕੂਲ', 16 ਨੂੰ ਬੈਸਟ ਸਪੋਰਟਸ ਸਕੂਲ, 22 ਸਕੂਲਾਂ ਨੂੰ ਬੈਸਟ ਇਕੋ-ਫ੍ਰੈਂਡਲੀ ਸਕੂਲ, 8 ਸਕੂਲਾਂ ਨੂੰ ਬੈਸਟ ਸਕੂਲ ਫ਼ਾਰ ਅਕੈਡਮਿਕ ਪ੍ਰਫਾਰਮੈਂਸ, 52 ਸਕੂਲਾਂ ਨੂੰ ਬੈਸਟ ਕਲੀਨ ਐਂਡ ਹਾਈਜ਼ੀਨ ਵਾਤਾਵਰਣ, 16 ਨੂੰ ਬੈਸਟ ਟੀਚਿੰਗ ਪ੍ਰੈਕਟਿਸ, 43 ਸਕੂਲਾਂ ਨੂੰ ਬੈਸਟ ਬਜਟ ਸਕੂਲ ਵਿੱਦ ਮੈਕਸੀਮਮ ਫੈਸੀਲਿਟੀਜ਼ ਅਤੇ 15 ਬੈਸਟ ਡਿਜੀਟਲ ਐਵਾਰਡ ਪ੍ਰਦਾਨ ਕੀਤੇ ਗਏ। ਸਮਾਗਮ ਦੌਰਾਨ ਦੇਸ਼ ਭਰ ਤੋਂ ਵੱਖ-ਵੱਖ ਪ੍ਰਾਈਵੇਟ ਸਕੂਲਾਂ ਨਾਲ ਸਬੰਧਿਤ 63 ਪ੍ਰਿੰਸੀਪਲਾਂ ਦਾ 'ਬੈਸਟ ਪ੍ਰਿੰਸੀਪਲ ਨੈਸ਼ਨਲ ਐਵਾਰਡ' ਨਾਲ ਸਨਮਾਨ ਕੀਤਾ ਗਿਆ, ਜਿਸ ਦੇ ਅੰਤਰਗਤ 11 ਪ੍ਰਿੰਸੀਪਲਾਂ ਦਾ ਲਾਈਫ਼ ਟਾਈਮ ਅਚੀਵਮੈਂਟ, 48 ਪ੍ਰਿੰਸੀਪਲਾਂ ਦਾ ਡਾਇਨੈਮਿਕ ਪ੍ਰਿੰਸੀਪਲ ਅਤੇ 4 ਪ੍ਰਿੰਸਪਲਾਂ ਦਾ ਯੰਗ ਪ੍ਰਿੰਸੀਪਲ ਐਵਾਰਡ ਨਾਲ ਸਨਮਾਨ ਕੀਤਾ ਗਿਆ।ਜ਼ਿਕਰਯੋਗ ਹੈ ਕਿ ਦੋ ਦਿਨ ਚੱਲੇ ਸਮਾਗਮ ਦੌਰਾਨ ਕੁੱਲ 443 ਸਕੂਲਾਂ ਅਤੇ 198 ਪ੍ਰਿੰਸੀਪਲਾਂ ਦਾ ਵਕਾਰੀ ਮਲੇਰਕੋਟਲਾ ਤੋਂ ਡਾ. ਸੋਮ ਪ੍ਰਕਾਸ਼, ਆਰਿਆ ਸਕੂਲ ਮਾਨਸਾ ਤੋਂ ਮਹੇਸ਼ ਕੁਮਾਰ, ਨਾਰਥ ਦਿੱਲੀ ਪਬਲਿਕ ਸਕੂਲ ਤੋਂ ਪੁਨਿਤਾ ਅਤੇ ਪ੍ਰਤਾਪ ਵਰਲਡ ਸਕੂਲ ਪਠਾਨਕੋਟ ਤੋਂ ਸ਼ੁਭਰਾ ਰਾਣੀ ਦਾ 'ਡਾਇਨੈਮਿਕ ਪ੍ਰਿੰਸੀਪਲ ਐਵਾਰਡ' ਨਾਲ ਸਨਮਾਨ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਐਲਾਨੀ ਨਵੀਂ ਸਿੱਖਿਆ ਨੀਤੀ 'ਚ ਸਥਾਨਕ ਭਾਸ਼ਾਵਾਂ 'ਚ ਵਿਦਿਆ ਪ੍ਰਾਪਤ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆਏ ਹਨ, ਜਿਸ ਦੇ ਅੰਤਰਗਤ 50 ਹਜ਼ਾਰ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਭਾਰਤ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ 'ਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਵਿਦਿਆਰਥੀਆਂ ਦੇ ਦਿਮਾਗੀ ਨਿਕਾਸ (ਬ੍ਰੇਨ ਡਰੇਨ) 'ਤੇ ਚਿੰਤਾ ਜਾਹਿਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿਚੋਂ ਹਰ ਸਾਲ 3 ਲੱਖ ਤੋਂ ਵੱਧ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਜਾ ਰਿਹਾ ਹੈ ਅਤੇ ਇਸ ਰਿਵਾਇਤ ਨੂੰ ਠੱਲ੍ਹ ਪਾਉਣ 'ਚ ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਅਤੇ ਅਧਿਆਪਕਾਂ ਨੂੰ ਸੰਜ਼ੀਦਾ ਕਦਮ ਚੁੱਕਣੇ ਪੈਣਗੇ।

ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਹੁਨਰ ਅਤੇ ਗੁਣਵੱਤਾਪੂਰਨ ਸਿੱਖਿਆ ਨੂੰ ਉਤਸ਼ਾਹਿਤ ਕਰਨ 'ਚ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਫੈਡਰੇਸ਼ਨ ਦਾ ਸ਼ਾਲਾਘਾਯੋਗ ਉਪਰਾਲਾ ਹੈ ਕਿ ਦੇਸ਼ ਭਰ ਦੇ ਪ੍ਰਾਈਵੇਟ ਸਕੂਲਾਂ ਅਤੇ ਪਛਾਣ ਦੁਨੀਆਂ ਭਰ 'ਚ ਮੁੜ ਤੋਂ ਕਾਇਮ ਹੋਵੇ।

ਪੰਜਾਬ ਵਿਚ ਆਰਥਿਕਤਾ ਦੀ ਸਥਿਤੀ ਬਾਰੇ ਗੱਲ ਕਰਦੇ ਹੋਏ ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿਹਾ ਸਾਲ 2001 ਤੋਂ ਪਹਿਲਾਂ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਦੂਜੇ ਰਾਜਾਂ ਦੇ ਮੁਕਾਬਲੇ ਸਿਖਰ 'ਤੇ ਸੀ, ਜੋ ਅੱਜ ਘੱਟ ਕੇ 16ਵੇਂ ਸਥਾਨ 'ਤੇ ਹੈ। ਉਨ੍ਹਾਂ ਦੱਸਿਆ ਕਿ ਦੂਜੇ ਰਾਜ ਜੀ.ਡੀ.ਪੀ. ਦੇ ਮੁਕਾਬਲੇ ਵੀ ਪੰਜਾਬ ਤੋਂ ਵੀ ਅੱਗੇ ਨਿਕਲ ਗਏ ਹਨ ਜਦਕਿ ਸੂਬੇ ਸਿਰ ਅੱਜ 3 ਲੱਖ ਕਰੋੜ ਦਾ ਕਰਜ਼ਾ ਹੈ।

ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੰਜਾਬ ਦੀ ਆਰਥਿਕ ਸਥਿਤੀ ਬਾਰੇ ਆਤਮ ਚਿੰਤਨ ਕਰਨ ਦੀ ਲੋੜ ਹੈ ਅਤੇ ਸਾਨੂੰ ਪੰਜਾਬ ਨੂੰ ਮੁੜ ਤੋਂ ਅਗਾਂਹਵਧੂ ਸੂਬਾ ਬਣਾਉਣ ਲਈ ਮਿਲ ਕੇ ਕੰਮ ਕਰਨਾ ਪਵੇਗਾ।

ਕੇਂਦਰੀ ਰਾਜ ਮੰਤਰੀ ਕਿਹਾ ਕਿ ਨਿਰਸੰਦੇਹ ਭਾਰਤ ਤੇਜ਼ੀ ਨਾਲ ਵਿਕਾਸ ਦੀ ਰਾਹ 'ਤੇ ਤੁਰਿਆ ਹੈ, ਜਿਸ ਦੇ ਚੱਲਦੇ ਵੱਖ-ਵੱਖ ਦੇਸ਼ ਨਿਵੇਸ਼ ਲਈ ਭਾਰਤ ਨੂੰ ਮੁੱਢਲੀ ਪਸੰਦ ਵਜੋਂ ਵੇਖਦੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ 'ਚ ਸਾਲ 2047 'ਚ ਭਾਰਤ ਸੱਭ ਤੋਂ ਵੱਧ ਵਿਕਸਿਤ ਦੇਸ਼ ਵਜੋਂ ਉਭਰੇਗਾ ਅਤੇ ਆਜ਼ਾਦੀ ਦੇ 100 ਸਾਲਾਂ ਦੌਰਾਨ ਭਾਰਤ 'ਵਿਸ਼ਵ ਗੁਰੂ' ਵਜੋਂ ਸਥਾਪਿਤ ਹੋਵੇਗਾ। ਉਨ੍ਹਾਂ ਕਿਹਾ ਕਿ ਪੀ.ਐਲ.ਆਈ ਸਕੀਮ ਵਰਗੀਆਂ ਯੋਜਨਾਵਾਂ ਦੇਸ਼ ਨੂੰ ਤਰੱਕੀ ਦੀ ਰਾਹ 'ਤੇ ਲੈ ਜਾਣਗੀਆਂ ਅਤੇ ਸਟਾਰਅੱਪ ਇਕੋ ਸਿਸਟਮ ਕਾਇਮ ਕਰਨ 'ਚ ਭਾਰਤ ਦੁਨੀਆਂ ਦਾ ਤੀਜਾ ਸੱਭ ਤੋਂ ਵੱਡਾ

ਸ. ਧੂਰੀ ਨੇ ਕਿਹਾ ਕਿ ਸਕੂਲੀ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੈਲਫ਼ ਫਾਈਨਾਂਸਡ ਸਕੂਲਾਂ ਦੀ ਅਹਿਮ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਨਾ ਕੇਵਲ ਸੂਬਾ ਪੱਧਰ 'ਤੇ ਬਲਕਿ ਕੌਮੀ ਪੱਧਰ 'ਤੇ ਪ੍ਰਾਈਵੇਟ ਸਕੂਲਾਂ ਨੇ ਇੱਕ ਸੁਚੱਜਾ ਵਿਦਿਅਕ ਮਾਡਲ ਅਪਣਾਉਂਦਿਆਂ ਇੱਕ ਵਿਸ਼ਵਪੱਧਰੀ ਵਿਦਿਅਕ ਪ੍ਰਣਾਲੀ ਸਥਾਪਿਤ ਕੀਤੀ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਫੈਪ ਦੇ ਉਪਰਾਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪ੍ਰਾਈਵੇਟ ਸਕੂਲਾਂ ਨੂੰ ਕੌਮੀ ਪੱਧਰ 'ਤੇ ਸਨਮਾਨ ਭੇਂਟ ਕਰਕੇ ਫੈਡਰੇਸ਼ਨ ਨੇ ਪੰਜਾਬ 'ਚ ਨਵੀਂ ਪਿਰਤ ਪਾਈ ਹੈ।ਉਨ੍ਹਾਂ ਕਿਹਾ ਕਿ ਹੱਕਾਂ, ਹਿੱਤਾਂ ਅਤੇ ਸਰੋਕਾਰਾਂ ਲਈ ਸੰਘਰਸ਼ ਕਰਦਿਆਂ ਸ. ਧੂਰੀ ਦੀ ਅਗਵਾਈ 'ਚ ਫੈਡਰੇਸ਼ਨ ਨੇ ਸੂਬੇ ਦੀਆਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੀ ਹੋਂਦ ਨੂੰ ਬਚਾਉਣ ਲਈ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੇ ਲੀਡਰ, ਡਿਪਲੋਮੈਟ, ਆਈ.ਐਸ, ਆਈ.ਪੀ.ਐਸ, ਇੰਜੀਨੀਅਰ ਅਤੇ ਸਮਾਜ ਸੇਵੀ ਪੈਦਾ ਕਰਨ 'ਚ ਵੱਡੀ ਭੂਮਿਕਾ ਨਿਭਾਈ ਹੈ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਨਵੀਂ ਸਿੱਖਿਆ ਨੀਤੀ ਲਾਗੂ ਕਰਨ 'ਚ ਪ੍ਰਾਈਵੇਟ ਸਕੂਲਾਂ ਨੂੰ ਹਰ ਮੱਦਦ ਦੇਣ ਦੇ ਨਾਲ-ਨਾਲ ਅਦਾਰਿਆਂ ਦੇ ਅਧਿਆਪਕਾਂ ਨੂੰ ਟੀਚਰ ਟ੍ਰੇਨਿੰਗ, ਪੀ.ਐਚ.ਡੀ ਡਿਗਰੀ ਸਬੰਧੀ ਸਹੂਲਤਾਂ ਦੇਣ ਲਈ ਵਚਨਬੱਧ ਹੈ।

# ਸ਼ਰਧਾ ਨਾਲ ਮਨਾਇਆ ਲੱਧੜ ਜਠੇਰਿਆਂ ਦਾ ਸਲਾਨਾ ਜੋੜ ਮੇਲਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**– ਪਿਛਲੇ ਸਾਲ ਦੀ ਤਰਾਂ ਇਸ ਸਾਲ ਵੀ ਗੜੁਪੜ ਤੋ ਮੱਲਾ ਬੇਦੀਆਂ ਰੋਡ ਤੇ ਸਥਿਤ ਲੱਧੜ ਜਠੇਰਿਆਂ ਦੇ ਧਾਰਮਿਕ ਅਸਥਾਨ ਤੇ ਸਲਾਨਾ ਜੋੜ ਮੇਲਾ ਸਮੂੰਹ ਲੱਧੜ ਜਠੇਰੇ ਪ੍ਰਬੰਧਕ ਕਮੇਟੀ ਅਤੇ ਸਮੂਹ ਲੱਧੜ ਪ੍ਰਵਿਾਰ ਦੇ ਮੈਂਬਰ ਸਹਿਬਾਨਾਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ ਅਸਥਾਨ ਸਵੇਰ ਤੋਂ ਹੀ ਸੰਗਤਾਂ ਧਾਰਮਿਕ ਅਸਥਾਨ ਤੇ ਆਉਣੀਆਂ ਸ਼ੁਰੂ ਹੋ ਗਈਆਂ ਤੇ ਬੜੀ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਪ੍ਰਬੰਧਕ ਕਮੇਟੀ ਵਲੋਂ ਅਨੇਕਾ ਧਾਰਮਿਕ ਰਸਮਾਂ ਸੰਗਤਾਂ ਦੇ ਸਹਿਜੋਗ ਨਾਲ ਅਦਾ ਕੀਤੀਆਂ ਗਈਆਂ ਉਪਰੰਤ ਖੁੱਲੇ ਪੰਡਾਲ ਸਜਾਏ ਗਏ ਜਿਸ ਵਿੱਚ ਅਨੇਕਾ ਕਲਾਕਾਰਾਂ ਤੋਂ ਇਲਾਵਾ ਪ੍ਰਸਿੱਧ ਗਾਇਕ ਜੋੜੀ ਬਲਜਿੰਦਰ ਬੈਂਸ ਤੇ ਕੋਮਲ ਬੈਂਸ ਵਲੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਅਧਾਰਤ ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਸਮਰਪਿਤ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ ਇਸ ਮੇਲੇ ਦੋਰਾਨ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਆਮ ਆਦਮੀ ਪਾਰਟੀ ,ਤੇ ਐਸਆਰ ਲੱਧੜ ਰਿਟਾਟਿਡ ਡੀਸੀ ਵਿਸੇਸ਼ ਤੋਰ ਤੇ ਪੁਜੇ ਉਨਾ ਆਪਣੇ ਸੰਬੋਧਨ ਚ ਆਖਿਆ ਕਿ ਸਾਨੂੰ ਆਪਣੇ ਵੱਡੇ ਵਡੇਰਿਆਂ ਦੇ ਸਲਾਨਾ ਜੋ ਮੇਲੇ ਬੜੀ ਸ਼ਰਧਾ ਨਾਲਮਨਾਉਣੇ ਚਾਹੀਦੇ ਹਨਤੇ ਘਰਾਂ ਚ ਬੈਠੇ ਆਪਣੇ ਬਜੁਰਗਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿ ਅੱਜ ਅਸੀਂ ਜੋ ਵੀ ਹਾ ਉਨਾਂ ਬਜੁਰਗਾਂ ਦੀ ਬਦੋਲਤ ਹਾਂ ਉਨਾ ਸਾਨੂੰ ਮਿਹਨਤ ਕਰਕੇ ਇਸ ਮੁਕਾਮ ਤੇ ਖੜਾ ਕੀਤਾ ਸਾਡਾ ਫਰਜ ਹੈ ਕਿ ਅਸੀਂ ਉਨਾਂ ਦੀ ਸੇਵਾ ਕਰੀਏ ਤੇ ਤਾਂਹੀ ਸਾਡੀ ਨੋਜਵਾਨ ਪੀੜੀ ਨੂੰ ਵੀ ਨਵੀਂ ਸੇਧ ਮਿਲੇਗੀ ਉਨਾ ਸੰਗਤਾਂ ਨੂੰ ਮੇਲੇ ਚ ਸਹਿਜੋਗ ਦੇਣ ਦੀ ਅਪੀਲ ਕੀਤੀ ਅਤੇ ਪ੍ਰਬੰਧਕਾਂ ਵਲੋਂ ਉਨਾ ਦਾ ਵਿਸੇਸ਼ ਸਨਮਾਨ ਕੀਤਾ ਤੇ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਗੁਰੂ ਕੇ ਲੰਗਰ ਵੀ ਵਰਤਾਏ ਗਏ ਇਸ ਮੋਕੇ ਪ੍ਰਧਾਨ ਰਾਮ ਲੁਭਾਇਆ ਲੱਧੜ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਅਤੇ ਸ਼ਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ ਇਸ ਮੋਕੇ ਚੇਅਰਪਰਸਨ ਹਰਮੇਸ਼ ਕੋਰ, ਰਕੇਸ਼ ਕੁਮਾਰ, ਬਲਵੀਰ ਕਰਨਾਣਾ, ਸੱਤਪਾਲ ਸਿੰਘ ਡਾ ਮਨਜੀਤ ਲੱਧੜ, ਦਾਰਾ ਸਿੰਘ,ਸੰਤੋਖ ਬੀਕਾ, ਰਾਮਪਾਲ ਬੀਕਾ, ਜਸਵਿੰਦਰ ਹੰਸਰੋਂ, ਕਮਲਜੀਤ ਹੰਸਰੋਂ, ਧਰਮਵੀਰ, ਜੋਗਿੰਦਰ ਸਿੰਘ,ਪਰੇਮ ਲਾਲ, ਗੁਰਦੀਪ ਸਿੰਘ, ਸੋਦਾਗਰ ਸਿੰਘ ਤੋਂ ਇਲਾਵਾ ਹੋਰ ਵੀ ਹਾਜਰ ਸਨ।




# ਸੰਦੀਪ ਸਿੰਘ ਧਾਲੀਵਾਲ ਦੇ ਕਾਤਲ ਨੂੰ ਮੌਤ ਦੀ ਸਜ਼ਾ

**ਟੈਕਸਾਸ**–ਅਮਰੀਕੀ ਰਾਜ ਟੈਕਸਾਸ ਵਿੱਚ 2019 ਵਿੱਚ ਪਹਿਲੇ ਦਸਤਾਰਧਾਰੀ ਭਾਰਤੀ-ਅਮਰੀਕੀ ਸਿੱਖ ਪੁਲੀਸ ਅਧਿਕਾਰੀ ਸੰਦੀਪ ਧਾਲੀਵਾਲ ਦੀ ਹੱਤਿਆ ਦੇ ਦੋਸ਼ੀ ਰਾਬਰਟ ਸੋਲਿਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਹ ਫੈਸਲਾ ਨਾਗਰਿਕਾਂ ਦੇ ਬਣੇ ਪੈਨਲ ਜਿਊਰੀ ਵੱਲੋਂ ਦਿੱਤਾ ਗਿਆ। ਸੋਲਿਸ ਨੇ ਸਜ਼ਾ ਸੁਣਨ ਤੋਂ ਬਾਅਦ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਯਾਦ ਰਹੇ ਕਿ ਸਤੰਬਰ, 2019 ਵਿੱਚ ਅਮਰੀਕਾ ਹੈਰਿਸ ਕਾਉਂਟੀ ਸ਼ੈਰਿਫ ਦੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਟ੍ਰੈਫ਼ਿਕ ਸਿਗਨਲ 'ਤੇ ਰੋਕੀ ਗਈ ਗੱਡੀ ਵਿਚੋਂ ਨਿਕਲ ਕੇ ਇੱਕ ਗੁੰਡੇ ਨੇ ਗੋਲੀ ਮਾਰੀ ਸੀ। ਇਸ ਤੋਂ ਬਾਅਦ ਮੁਲਜ਼ਮ ਅਤੇ ਔਰਤ ਦੋਵਾਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ ਗਿਆ ਸੀ। ਹੈਰਿਸ ਕਾਉਂਟੀ ਸ਼ੈਰਿਫ ਦੇ ਦਫ਼ਤਰ ਵੱਲੋਂ ਜਾਣਕਾਰੀ ਦਿੱਤੀ ਗਈ ਸੀ ਕਿ 47 ਸਾਲਾ ਰੌਬਰਟ ਸੋਲਿਸ 'ਤੇ ਡਿਪਟੀ ਧਾਲੀਵਾਲ ਦੀ ਮੌਤ ਲਈ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ। ਤਿੰਨ ਬੱਚਿਆਂ ਦੇ ਪਿਤਾ, ਸੰਦੀਪ ਧਾਲੀਵਾਲ ਦਾ ਕਤਲ, ਅਮਰੀਕਾ ਅਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਲਈ ਵਡਾ ਸਦਮਾ ਸੀ। ਡਿਪਟੀ ਧਾਲੀਵਾਲ ਨੇ ਟੈਕਸਸ ਦੀ ਹੈਰਿਸ ਕਾਉਂਟੀ ਵਿੱਚ ਸ਼ੈਰਿਫ ਦੇ ਡਿਪਟੀ ਬਣਨ ਵਾਲੇ ਪਹਿਲੇ ਸਿੱਖ ਵਜੋਂ ਇਤਿਹਾਸ ਰਚਿਆ ਸੀ। ਸਾਲ 2015 ਤੋਂ ਲੈ ਕੇ ਸੰਦੀਪ ਧਾਲੀਵਾਲ ਟੈਕਸਸ ਵਿੱਚ ਆਪਣੇ ਸਿੱਖੀ ਸਰੂਪ ਸਣੇ ਆਪਣੀਆਂ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਗਸ਼ਤ ਦੌਰਾਨ ਆਪਣੀ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਵੀ ਹਾਸਿਲ ਕੀਤੀ ਸੀ।

ਸ਼ੈਰਿਫ ਈਡੀ ਗੋਂਜ਼ਾਲੇਜ਼ ਨੇ ਉਸ ਵੇਲੇ ਕਿਹਾ ਸੀ, ''ਉਸ ਨੇ ਪੱਗ ਬੰਨ੍ਹੀ ਸੀ, ਉਸਨੇ ਇਮਾਨਦਾਰੀ, ਸਤਿਕਾਰ ਅਤੇ ਮਾਣ ਨਾਲ ਆਪਣੇ ਭਾਈਚਾਰੇ ਦੀ ਨੁਮਾਇੰਦਗੀ ਕੀਤੀ ਸੀ। ਹੈਰਿਸ ਕਾਉਂਟੀ ਸ਼ੈਰਿਫ ਨੇ ਕਿਹਾ ਸੀ ਕਿ ਡਿਪਟੀ ਧਾਲੀਵਾਲ ''ਇੱਕ ਨਾਇਕ ਸੀ, ਉਹ ਭਾਈਚਾਰੇ ਦਾ ਇੱਕ



ਸਤਿਕਾਰਤ ਮੈਂਬਰ ਸੀ ਅਤੇ ਉਹ ਇੱਕ ਟ੍ਰੇਲਬਲੇਜ਼ਰ ਸੀ।'' ਪੁਲਿਸ ਅਧਿਕਾਰੀਆਂ ਨੇ ਉਸ ਵੇਲੇ ਸੰਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਕੈਂਡਲ ਮਾਰਚ ਸਣੇ ਕਈ ਪ੍ਰੋ-ਗਰਾਮ ਵੀ ਉਲੀਕੇ ਸਨ।ਅਮਰੀਕਾ ਦੇ ਨਾਲ-ਨਾਲ ਯੂਕੇ ਦੇ ਵੌਲਵਰਹੈਂਪਟਨ ਵਿੱਚ ਵੀ ਸੈਂਕੜੇ ਲੋਕਾਂ ਨੇ ਸਿੱਖ ਅਮਰੀਕੀ ਪੁਲਿਸ ਅਫ਼ਸਰ ਸੰਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ ਸੀ। ਸ਼ੈਰਿਫ਼ ਈਡੀ ਗੌਂਜ਼ਾਲੇਜ਼ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਹੈ ਧਾਲੀਵਾਲ ਕਤਲ ਕੇਸ ਦਾ ਫ਼ੈਸਲਾ ਆ ਗਿਆ ਹੈ। ਉਨ੍ਹਾਂ ਨੇ ਲਿਖਿਆ, ''ਜੱਜਾਂ ਨੇ ਰੌਬਰਟ ਸੋਲਿਸ (ਕਾਤਲ) ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਇਨਸਾਫ਼ ਮਿਲਿਆ ਹੈ।''

# ਗੁਜਰਾਤ ਦੇ ਮੋਰਬੀ 'ਚ ਡਿੱਗਿਆ ਅੰਗਰੇਜ਼ਾਂ ਦੇ ਦੌਰ ਦਾ ਪੁਲ

## ਡੇਢ ਸੌ ਲੋਕਾਂ ਦੀ ਹੋ ਚੁੱਕੀ ਮੌਤ, ਦੇਸ਼ ਵਿਦੇਸ਼ ਦੇ ਸਿਆਸਤਦਾਨਾਂ ਵਲੋਂ ਦੁੱਖ ਦਾ ਪ੍ਰਗਟਾਵਾ

**ਵਿਸੇਸ਼ ਰਿਪੋਰਟ- ਜੇ ਸਿੰਘ 'ਭਡਿਆਰ'**

ਗੁਜਰਾਤ ਦੇ ਮੋਰਬੀ ਵਿੱਚ ਕਈ ਸਾਲ ਪੁਰਾਣਾ ਇੱਕ ਸਸਪੈਂਸ਼ਨ ਕੇਬਲ ਬ੍ਰਿਜ ਅਚਾਨਕ ਟੁੱਟ ਗਿਆ। ਇਸ ਕਾਰਨ ਪੁਲ 'ਤੇ ਮੌਜੂਦ ਸੈਂਕੜੇ ਲੋਕ ਮੱਛੂ ਨਦੀ 'ਚ ਡਿੱਗ ਗਏ ਅਤੇ ਡੂਢ ਸੌ ਤੋਂ ਵਧ ਲੋਕਾਂ ਦੀ ਜਾਨ ਚਲੀ ਗਈ। ਇਹ ਛੇ ਮਹੀਨਿਆਂ ਤੋਂ ਮੁਰ-ਮਤ ਲਈ ਬੰਦ ਸੀ। ਦੀਵਾਲੀ ਤੋਂ ਕੁਝ ਦਿਨ ਪਹਿਲਾਂ ਮੁਰੰਮਤ ਦਾ ਕੰਮ ਮੁਕੰਮਲ ਕਰ ਲਿਆ ਗਿਆ ਸੀ ਅਤੇ 5 ਦਿਨ ਪਹਿਲਾਂ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਸੀ।ਦੱਸਿਆ ਜਾ ਰਿਹਾ ਹੈ ਕਿ ਛਠ ਪੂਜਾ ਅਤੇ ਐਤਵਾਰ ਦੀ ਛੁੱਟੀ ਹੋਣ ਕਾਰਨ ਇਸ ਪੁਲ 'ਤੇ 400 ਤੋਂ 500 ਲੋਕ ਸਨ।

ਪੁਲ ਦੀ ਮੁਰੰਮਤ ਕਰਨ ਵਾਲੀ ਕੰਪਨੀ ਓਰੇਵਾ ਦੇ ਅਧਿਕਾਰੀਆਂ ਸਮੇਤ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰੀ ਦੀ ਪੁਸ਼ਟੀ ਰਾਜਕੋਟ ਰੇਂਜ ਦੇ ਆਈ।ਜੀ। ਅਸ਼ੋਕ ਯਾਦਵ ਨੇ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੋਵਿਡ ਦੀ ਜਾਂਚ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਹ ਓਰੇਵਾ ਦੇ ਮੱਧ ਪੱਧਰ ਦੇ ਮੁਲਾਜ਼ਮ ਹਨ। ਜਾਣਕਾਰੀ ਇਹ ਵੀ ਹੈ ਕਿ ਕੰਪਨੀ ਦੇ ਸੀਨੀਅਰ ਅਧਿਕਾਰੀ ਪੁਲ 'ਤੇ ਹਾਦਸਾ ਹੋਣ ਤੋਂ ਬਾਅਦ ਲਾਪਤਾ ਹਨ। 'ਬੀ' ਡਿਵੀਜ਼ਨ ਦੇ ਪੁਲਸ ਇੰਸਪੈਕਟਰ ਪ੍ਰਕਾਸ਼ ਦੇਕੀਵਾਡੀਆ ਵੱਲੋਂ ਦਰਜ ਕਰਵਾਈ ਗਈ ਐੱਫ।ਆਈ।ਆਰ। 'ਚ ਕਿਹਾ ਗਿਆ ਹੈ ਕਿ ਮੋਰਬੀ ਸ਼ਹਿਰ 'ਚ ਮੱਛੂ ਨਦੀ 'ਤੇ ਬਣਿਆ ਪੁਲ ਤਕਰੀਬਨ ਅੱਠ ਮਹੀਨਿਆਂ ਤੋਂ ਵਰਤੋਂ 'ਚ ਨਹੀਂ ਸੀ ਕਿਉਂਕਿ ਸਥਾਨਕ ਪ੍ਰਸ਼ਾਸਨ ਨੇ ਇਸ ਦੀ ਸਾਂਭ-ਸੰਭਾਲ ਲਈ ਇਕ 'ਪ੍ਰਾਈਵੇਟ ਏਜੰਸੀ' ਨੂੰ ਸੌਂਪਿਆ ਸੀ।

**ਪੁਲ ਦਾ ਇਤਿਹਾਸ**

ਇਹ ਸਸਪੈਂਸ਼ਨ ਬ੍ਰਿਜ 140 ਸਾਲ ਤੋਂ ਵੱਧ ਪੁਰਾਣਾ ਹੈ ਅਤੇ ਇਸ ਦੀ ਲੰਬਾਈ ਲਗਭਗ 765 ਫੁੱਟ ਹੈ। ਪੁਲ ਦਾ ਸਭ ਤੋਂ ਪਹਿਲਾਂ ਉਦਘਾਟਨ 20 ਫਰਵਰੀ 1879 ਨੂੰ ਮੁੰਬਈ ਦੇ ਗਵਰਨਰ ਰਿਚਰਡ ਟੈਂਪਲ ਨੇ ਕੀਤਾ ਸੀ। ਇਹ 1880 ਵਿੱਚ ਲਗਭਗ 3।5 ਲੱਖ ਰੁਪਏ ਦੀ ਲਾਗਤ ਨਾਲ ਪੂਰਾ ਹੋਇਆ ਸੀ। ਇਸ ਦਾ ਸਾਰਾ ਮਾਲ ਇੰਗਲੈਂਡ ਤੋਂ ਆਇਆ ਸੀ ਅਤੇ ਇਹ ਦਰਬਾਰਗੜ੍ਹ ਨੂੰ ਨਾਜ਼ਰਬਾਗ ਨਾਲ ਜੋੜਨ ਲਈ ਬਣਾਇਆ ਗਿਆ ਸੀ। ਇਹ ਲਟਕਣ ਵਾਲਾ ਪੁਲ ਮਹਾਪ੍ਰਭੂਜੀ ਦੇ ਆਸਨ ਅਤੇ ਪੂਰੇ ਸਮਕੰਠਾ ਖੇਤਰ ਨੂੰ ਜੋੜਦਾ ਸੀ। ਲੋਕ ਇਸ ਸਸਪੈਂਸ਼ਨ ਬ੍ਰਿਜ ਰਾਹੀਂ ਸ਼ਹਿਰ ਤੱਕ ਪਹੁੰਚਦੇ ਸਨ, ਅਤੇ ਇਸਨੂੰ ਉਸ ਸਮੇਂ ਦਾ ਇੱਕ ਕਲਾਤਮਕ ਅਤੇ ਤਕਨੀਕੀ ਚਮਤਕਾਰ ਮੰਨਿਆ ਜਾਂਦਾ ਹੈ। ਇਹ ਪੁਲ ਮੋਰਬੀ ਦਾ ਇੱਕ ਵੱਡਾ ਆਕਰਸ਼ਣ ਸੀ, ਜਿਸ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਸੈਲਾਨੀ ਆਉਂਦੇ ਸਨ।

**ਗੁਜਰਾਤ ਸਰਕਾਰ ਨੇ ਮੋਰਬੀ ਹਾਦਸੇ ਦੀ ਲਈ ਜ਼ਿੰਮੇਵਾਰੀ**

ਗੁਜਰਾਤ ਦੇ ਮੋਰਬੀ 'ਚ ਹੋਏ ਪੁਲ ਹਾਦਸੇ 'ਚ ਹੁਣ ਤੱਕ 91 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ, ਜਦਕਿ ਕਈ ਲੋਕ ਅਜੇ ਵੀ ਲਾਪਤਾ ਹਨ। ਮੌਕੇ 'ਤੇ ਰਾਹਤ ਅਤੇ ਬਚਾਅ ਕਾਰਜ ਜਾਰੀ ਹੈ। ਇਸ ਸਭ ਦੇ ਵਿਚਕਾਰ ਗੁਜਰਾਤ ਸਰਕਾਰ ਨੇ ਇਸ ਵੱਡੇ ਹਾਦਸੇ ਦੀ ਜ਼ਿੰਮੇਵਾਰੀ ਲਈ ਹੈ। ਗੁਜਰਾਤ ਸਰਕਾਰ ਦੇ ਮੰਤਰੀ ਬ੍ਰਿਜੇਸ਼ ਮੇਰਜਾ ਨੇ ਕਿਹਾ ਕਿ ਅਸੀਂ ਇਸ ਹਾਦਸੇ ਦੀ ਜ਼ਿੰ-ਮੇਵਾਰੀ ਲੈਂਦੇ ਹਾਂ। ਪਿਛਲੇ ਹਫ਼ਤੇ ਹੀ ਇਸ ਪੁਲ ਦੀ ਮੁਰੰਮਤ ਕੀਤੀ ਗਈ ਸੀ। ਅਸੀਂ ਹੈਰਾਨ ਹਾਂ ਕਿ ਇਹ ਹਾਦਸਾ ਕਿਵੇਂ ਵਾਪਰ ਗਿਆ। ਫਿਲਹਾਲ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

**ਪੀਐੱਮ ਮੋਦੀ ਵਲੋਂ ਦੁਖ ਦਾ ਪ੍ਰਗਟਾਵਾ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਾਦਸੇ ਨੂੰ ਲੈ ਕੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਅਤੇ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਬਚਾਅ ਕਾਰਜ ਲਈ ਤੁਰੰਤ ਟੀਮਾਂ ਤਾਇਨਾਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਸਥਿਤੀ 'ਤੇ ਨੇੜਿਓਂ ਅਤੇ ਲਗਾਤਾਰ ਨਜ਼ਰ ਰੱਖਣ ਅਤੇ ਪ੍ਰਭ-ਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦੇਣ ਲਈ ਕਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਮੋਰਬੀ 'ਚ ਹੋਏ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਲਈ 2-2 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਹਰੇਕ ਜ਼ਖਮੀ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਸੂਬਾ ਸਰਕਾਰ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 4 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਮੁਆਵਜ਼ਾ ਦੇਵੇਗੀ।

**ਰਾਸ਼ਟਰਪਤੀ ਵਲੋਂ ਦੁਖ ਦਾ ਪ੍ਰਗਟਾਵਾ**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਜਰਾਤ ਦੇ ਮੋਰਬੀ ਕੇਬਲ ਪੁਲ ਦੇ ਡਿੱਗਣ ਦੀ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੋਰਬੀ 'ਚ ਹੋਏ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੇ ਇਸ ਸਬੰਧ 'ਚ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਹਰਸ਼ ਸੰਘਵੀ ਤੇ ਹੋਰ ਅਧਿਕਾਰੀਆਂ ਨਾਲ ਗੱਲ ਕੀਤੀ ਹੈ। ਸਥਾਨਕ ਪ੍ਰਸ਼ਾਸਨ ਪੂਰੀ ਤਿਆਰੀ ਨਾਲ ਰਾਹਤ ਕਾਰਜਾਂ 'ਚ ਲੱਗਾ ਹੋਇਆ ਹੈ।

**ਅਮਿਤ ਸ਼ਾਹ ਨੇ ਮੋਰਬੀ ਘਟਨਾ 'ਤੇ ਜਤਾਇਆ ਡੂੰਘਾ ਦੁੱਖ**



ਗੁਜਰਾਤ ਦੇ ਮੋਰਬੀ ਵਿੱਚ ਐਤਵਾਰ ਸ਼ਾਮ ਨੂੰ ਇੱਕ ਕੇਬਲ ਵਾਲਾ ਪੁਲ ਡਿੱਗ ਗਿਆ। ਇਸ ਹਾਦਸੇ ਵਿੱਚ 140 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਸੀ। ਕਈ ਲੋਕ ਅਜੇ ਵੀ ਲਾਪਤਾ ਹਨ। ਬਚਾਅ ਕਾਰਜ ਜਾਰੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ਾਹ ਨੇ ਕਿਹਾ ਕਿ ਗੁਜਰਾਤ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ। ਇਸ ਘਟਨਾ ਵਿੱਚ ਬੱਚਿਆਂ ਸਮੇਤ ਕਈ ਲੋਕਾਂ ਦੀ ਜਾਨ ਚਲੀ ਗਈ। ਹਾਦਸਿਆਂ 'ਤੇ ਕੋਈ ਕਾਬੂ ਨਹੀਂ ਪਾ ਸਕਦਾ ਪਰ ਪੂਰੇ ਦੇਸ਼ ਦੀਆਂ ਭਾਵਨਾਵਾਂ ਨੂੰ ਝੰਜੋੜਨ ਵਾਲੀ ਇਸ ਘਟਨਾ ਨੇ ਲੋਕਾਂ ਨੂੰ ਠੇਸ ਪਹੁੰਚਾਈ ਹੈ ਅਤੇ ਦੁਖੀ ਕੀਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੈਂ ਦੁਖੀ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ। ਵਿਛੜੀ ਆਤਮਾ ਨੂੰ ਸ਼ਾਂਤੀ ਮਿਲੇ।

**ਮੋਰਬੀ 'ਚ ਸੰਸਦ ਮੈਂਬਰ ਮੋਹਨ ਕੁੰਡਾਰੀਆ ਦੇ 12 ਰਿਸ਼ਤੇਦਾਰਾਂ ਦੀ ਮੌਤ**

ਰਾਜਕੋਟ ਤੋਂ ਭਾਜਪਾ ਸੰਸਦ ਮੈਂਬਰ ਮੋਹਨ ਭਾਈ ਕੁੰਡਾਰੀਆ ਦੇ ਰਿਸ਼ਤੇਦਾਰ ਵੀ ਸ਼ਾਮਲ ਹਨ। ਕੁੰਡਾਰੀਆ ਨੇ ਇਕ ਨਿਊਜ਼ ਏਜੰਸੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਐਤਵਾਰ ਨੂੰ ਜਦੋਂ ਇਹ ਹਾਦਸਾ ਵਾਪਰਿਆ, ਉਦੋਂ ਉਹ ਪਿ-ਕਨਿਕ ਮਨਾਉਣ ਗਏ ਸਨ। ਕੁੰਡਾਰੀਆ ਨੇ ਕਿਹਾ ਕਿ ਜਾਨ ਗੁਆਉਣ ਵਾਲੇ ਉਨ੍ਹਾਂ ਦੇ ਰਿਸ਼ਤੇਦਾਰਾਂ 'ਚ 5 ਬੱਚੇ, 4 ਔਰਤਾਂ ਅਤੇ 3 ਪੁਰਸ਼ ਸ਼ਾਮਲ ਹਨ। ਸਾਰੇ ਉਨ੍ਹਾਂ ਦੇ ਵੱਡੇ ਭਰਾ ਦੇ ਕਰੀਬੀ ਰਿਸ਼ਤੇਦਾਰ ਹਨ। ਉਨ੍ਹਾਂ ਨੇ ਕਿਹਾ ਕਿ ਹਾਦਸੇ ਲਈ ਜ਼ਿੰਮੇਵਾਰ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕੁੰਡਾਰੀਆ ਨੇ ਅੱਗੇ ਕਿਹਾ ਕਿ ਮੇਰੇ ਵੱਡੇ ਭਰਾ ਦੇ ਸਾਲੇ ਦੀਆਂ 4 ਧੀਆਂ, ਉਨ੍ਹਾਂ 'ਚੋਂ 3 ਦੇ ਪਤੀ ਅਤੇ 5 ਬੱਚੇ ਇਸ ਹਾਦਸੇ 'ਚ ਮਾਰੇ ਗਏ। ਉਨ੍ਹਾਂ ਕਿਹਾ ਕਿ ਉਹ ਟੰਕਾਰਾ ਤਾਲੁਕਾ ਦੇ ਵੱਖ-ਵੱਖ ਪਿੰਡਾਂ ਨਾਲ ਸਬੰਧ ਰੱਖਦੇ ਸਨ ਅਤੇ ਬੱਸ 'ਚ ਮੋਰਬੀ ਗਏ ਸਨ। ਮੈਂ ਘਟਨਾ ਦੇ ਅੱਧੇ ਘੰਟੇ ਬਾਅਦ ਇੱਥੇ ਪਹੁੰਚਿਆ ਅਤੇ ਕੱਲ ਤੋਂ ਹੀ ਬਚਾਅ ਕੰਮ 'ਚ ਮਦਦ ਕਰ ਰਿਹਾ ਹਾਂ। ਕੁੰਦਰੀਆ ਨੇ ਕਿਹਾ ਕਿ ਪੁਲ ਡਿੱਗਣ ਦੀ ਘਟਨਾ ਮਗਰੋਂ ਗੁਜਰਾਤ ਦੇ ਮੁੱਖ ਮੰਤਰੀ ਭੁਪਿੰਦਰ ਪਟੇਲ ਮੋਰਬੀ 'ਚ ਹੀ ਹਨ। ਅਸੀਂ ਇਹ ਯਕੀਨੀ ਕਰਾਂਗੇ ਕਿ ਇੰਨੇ ਲੋਕਾਂ ਦੀ ਜਾਨ ਜਾਣ ਲਈ ਜ਼ਿੰਮੇਵਾਰ ਕਿਸੇ ਨੂੰ ਵੀ ਬਖ਼ਸ਼ਿਆ ਨਾ ਜਾਵੇ।

**ਦੁਨੀਆ ਦੇ ਕਈ ਦੇਸ਼ਾਂ ਨੇ ਪ੍ਰਗਟਾਇਆ ਦੁੱਖ**

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਗੁ-ਜਰਾਤ ਦੇ ਮੋਰਬੀ 'ਚ ਪੁਲ ਢਹਿ ਜਾਣ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟਾਈ ਹੈ। ਪੁਤਿਨ ਨੇ ਪੀੜਤਾਂ ਦੇ ਪਰਿਵਾਰਾਂ ਅਤੇ ਦੋਸਤਾਂ ਪ੍ਰਤੀ ਹਮਦਰਦੀ ਅਤੇ ਸਮਰਥਨ ਦੇ ਆਪਣੇ ਸ਼ਬਦ ਵੀ ਪ੍ਰਗਟ ਕੀਤੇ ਅਤੇ ਸਾਰੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ।

ਭਾਰਤ ਵਿੱਚ ਸਿੰਗਾਪੁਰ ਦੇ ਹਾਈ ਕਮਿਸ਼ਨਰ ਸਾਈਮਨ ਵੋਂਗ ਨੇ ਕਿਹਾ ਕਿ ਕੇਬਲ ਪੁਲ ਦੇ ਡਿੱਗਣ ਨਾਲ ਗੁ-ਜਰਾਤ ਦੇ ਮੋਰਬੀ ਵਿੱਚ ਕਈ ਲੋਕਾਂ ਦੀ ਮੌਤ ਦਾ ਡੂੰਘਾ ਦੁੱਖ ਹੈ। ਮ੍ਰਿਤਕਾਂ ਦੇ ਪਰਿਵਾਰਾਂ, ਜ਼ਖਮੀਆਂ ਅਤੇ ਉਨ੍ਹਾਂ ਦੇ ਦੋਸਤਾਂ ਪ੍ਰਤੀ ਸਾਡੀ ਡੂੰਘੀ ਸੰਵੇਦਨਾ ਹੈ। ਸਾਡਾ ਦਿਲ ਗੁਜਰਾਤ ਦੇ ਲੋਕਾਂ ਨਾਲ ਹੈ।

ਨੇਪਾਲ ਦੇ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ ਨੇ ਕਿਹਾ ਕਿ ਮੈਂ ਗੁਜਰਾਤ ਦੇ ਮੋਰਬੀ ਵਿੱਚ ਪੁਲ ਡਿੱਗਣ ਦੀ ਦੁਖਦਾਈ ਘਟਨਾ ਤੋਂ ਬਹੁਤ ਦੁਖੀ ਹਾਂ। ਅਸੀਂ ਕੀਮਤੀ ਜਾਨਾਂ ਦੇ ਨੁਕਸਾਨ 'ਤੇ ਭਾਰਤ ਸਰਕਾਰ ਅਤੇ ਭਾਰਤ ਦੇ ਲੋਕਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ। ਸਾਡੀ ਸੰਵੇਦਨਾ ਅਤੇ ਪ੍ਰਾਰਥਨਾਵਾਂ ਦੁਖੀ ਪਰਿਵਾਰਾਂ ਦੇ ਨਾਲ ਹਨ।



# ਲੋਕਾਂ 'ਚ ਜੋਸ਼-ਖਰੋਸ਼ ਕਾਰਨ ਇੱਕ ਦਿਨ ਪਹਿਲਾਂ ਹੀ ਜੁੜ ਗਿਆ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ





**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗ਼ਦਰੀ ਬਾਬਿਆਂ ਦੇ ਮੇਲੇ ਪ੍ਰਤੀ ਲੋਕਾਂ 'ਚ ਡੁੱਲ੍ਹ-ਡੁੱਲ੍ਹ ਪੈਂਦੇ ਉਤਸ਼ਾਹ ਕਾਰਨ ਤਿੰਨ ਰੋਜ਼ਾ ਮੇਲਾ, ਆਪਣੇ ਆਪ ਹੀ ਚਾਰ ਰੋਜ਼ਾ ਹੋ ਗਿਆ।

ਦੇਸ਼ ਭਗਤ ਯਾਦਗਾਰ ਹਾਲ 'ਚ 30 ਅਕਤੂਬਰ ਤੋਂ ਲੱਗਣ ਵਾਲਾ ਮੇਲਾ 29 ਅਕਤੂਬਰ ਨੂੰ ਹੀ ਆਪਣੇ ਪੂਰੇ ਜਲੌਅ ਨਾਲ ਸਜ ਗਿਆ ਪ੍ਰਤੀਕ ਹੁੰਦਾ ਹੈ।

ਅੱਜ ਸਾਰਾ ਦਿਨ ਦੇਸ਼ ਭਗਤ ਯਾਦਗਾਰ ਹਾਲ ਅੰਦਰ ਅਤੇ ਦਫ਼ਤਰ ਆਉਂਦੇ ਬੇਸ਼ੁਮਾਰ ਫੋਨਾਂ 'ਚ ਲਹਿੰਦੇ ਪੰਜਾਬ ਤੋਂ ਆਉਣ ਵਾਲੇ ਕਲਾਕਾਰ ਅਤੇ ਰੰਗ ਕਰਮੀਆਂ ਸਬੰਧੀ ਉਤਸੁਕਤਾ ਚਰਚਾਵਾਂ ਹੁੰਦੀਆਂ ਰਹੀਆਂ। ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਖ਼ਬਰ ਲਿਖਣ ਵੇਲੇ ਤੱਕ ਵੀ ਅਜੇ ਅਨਿਸ਼ਚਤਾ ਵਾਲੀ ਹਾਲਤ ਬਣੀ ਹੋਈ ਹੈ।

ਦੇਸ਼ ਭਗਤ ਯਾਦਗਾਰ ਹਾਲ ਦਾ ਮੁੱਖ ਦੁਆਰ ਅਤੇ ਸਾਰਾ ਕੰਪਲੈਕਸ 'ਮੁਹੰਮਦ ਸਿੰਘ ਆਜ਼ਾਦ ਨਗਰ' ਵਜੋਂ ਸ਼ਿੰਗਾਰਿਆ ਗਿਆ ਹੈ। ਸ਼ਹੀਦ ਊਧਮ ਸਿੰਘ ਭਾਵੇਂ ਗੁਪਤਵਾਸ ਨਾਮ 'ਮੁਹੰਮਦ ਸਿੰਘ ਆਜ਼ਾਦ' ਲਿਖਦਾ ਸੀ, ਪਰ ਮੁਲਕ ਅੰਦਰ ਭਾਈਚਾਰਕ ਸਾਂਝ ਐਨੀ ਗੂੜ੍ਹੀ ਸੀ ਕਿ ਲੋਕ ਉਸਨੂੰ ਰਾਮ ਮੁਹੰਮਦ ਸਿੰਘ ਆਜ਼ਾਦ ਕਹਿਕੇ ਹੀ ਯਾਦ ਕਰਦੇ ਆ ਰਹੇ ਹਨ। ਇਸ ਸਾਂਝੀ ਵਿਰਾਸਤ ਨੂੰ ਬੁਲੰਦ ਕਰਦਿਆਂ ਸਾਮਰਾਜਵਾਦ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਮੇਲਾ ਗ਼ਦਰੀ ਬਾਬਿਆਂ ਦਾ ਅਤੀਤ, ਵਰਤਮਾਨ ਅਤੇ ਭਵਿੱਖ ਦੇ ਸਰੋਕਾਰਾਂ ਦਾ ਜੋੜ ਮੇਲਾ ਹੋਏਗਾ।

ਮੇਲੇ ਵਿੱਚ ਇੱਕ ਹੋਰ ਮੇਲਾ; ਪੁਸਤਕ ਮੇਲਾ ਇਸ ਵਾਰ ਉਮੀਦ ਹੈ 100 ਤੋਂ ਵੀ ਵੱਧ ਸਟਾਲਾਂ ਤੱਕ ਜਾਏਗਾ। ਮੇਲਾ 30 ਅਕਤੂਬਰ ਤੋਂ ਹੈ ਜਦ ਕਿ 29 ਅਕਤੂਬਰ ਨੂੰ ਹੀ 50 ਸਟਾਲਾਂ ਸਜ ਗਈਆਂ ਹਨ। ਮੇਲੇ 'ਚ ਵਿਸ਼ੇਸ਼ ਖਿੱਚ ਦਾ ਕੇਂਦਰ ਚਿਤ੍ਰਕਲਾ ਅਤੇ ਫੋਟੋਕਲਾ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਹਾਲ ਵਿੱਚ ਲੱਗਣੀ ਸ਼ੁਰੂ ਹੋ ਗਈ। ਸਾਰਾ ਦਿਨ ਗੁਰਦੀਸ਼, ਅਮਿਤ ਦੀ ਬੇਟੀ ਮੰਜ਼ਲ ਜ਼ਰਫ਼, ਇੰਦਰਜੀਤ ਅਤੇ ਹਰਮੀਤ ਆਰਟਿਸਟ ਅੰਮ੍ਰਿਤਸਰ ਆਪਣੀਆਂ ਕਲਾ ਕਿਰਤਾਂ ਨੂੰ ਸਜਾਉਂਦੇ ਰਹੇ।

ਅਮੋਲਕ ਸਿੰਘ ਵੱਲੋਂ ਲਿਖੇ 'ਗ਼ਦਰ ਦਾ ਪੈਗ਼ਾਮ: ਜਾਰੀ ਰੱਖਣਾ ਸੰਗਰਾਮ' ਸੰਗੀਤ ਨਾਟ ਓਪੇਰਾ ਝੰਡੇ ਦੇ ਗੀਤ ਦੀ ਲੱਗੀ ਵਰਕਸ਼ਾਪ 'ਚ ਜੁੜੇ ਪੰਜਾਬ ਭਰ ਤੋਂ ਆਏ ਕਲਾਕਾਰ ਰੀਹਰਸਲਾਂ ਕਰ ਰਹੇ ਹਨ।

30 ਅਕਤੂਬਰ ਨੂੰ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ ਸ਼ਮਾਂ ਰੌਸ਼ਨ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਕਾਫ਼ਲਾ ਚਿਤ੍ਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕਰੇਗਾ।

30 ਅਕਤੂਬਰ ਨੂੰ ਹੀ ਗਾਇਨ ਅਤੇ ਭਾਸ਼ਣ ਮੁਕਾਬਲਾ ਹੋਏਗਾ। ਦੂਜੇ ਦਿਨ 31 ਅਕਤੂਬਰ ਕੁਇਜ਼, ਪੇਟਿੰਗ ਮੁਕਾਬਲਾ, ਕਵੀ ਦਰਬਾਰ, 'ਰੱਬਾ ਹੁਣ ਕੀ ਕਰੀਏ' ਫ਼ਿਲਮ ਅਤੇ 'ਜੂਠ' ਸੋਲੋ ਨਾਟਕ ਡਾ. ਜਸਮੀਤ ਦੁਆਰਾ ਖੇਡਿਆ ਜਾਏਗਾ।

**ਜਾਰੀ ਕਰਤਾ: ਅਮੋਲਕ ਸਿੰਘ**

# ਜੋਸ਼-ਖਰੋਸ਼ ਨਾਲ ਸ਼ੁਰੂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ- ਗਾਇਨ ਅਤੇ ਭਾਸ਼ਣ ਮੁਕਾਬਲੇ 'ਚ ਕੁੜੀਆਂ ਨੇ ਗੱਡੀ ਝੰਡੀ






**ਜਲੰਧਰ–** ਆਜ਼ਾਦੀ ਸੰਗਰਾਮ ਦੇ ਅਮਰ ਸ਼ਹੀਦਾਂ, ਗ਼ਦਰੀ ਇਨਕਲਾਬੀਆਂ ਦੀਆਂ ਅਥਾਹ ਕੁਰਬਾਨੀਆਂ ਨੂੰ ਸਿਜਦਾ ਕਰਦਿਆਂ ਸ਼ਮ੍ਹਾ ਰੌਸ਼ਨ ਕਰਕੇ, ਜੋਸ਼-ਖ਼ਰੋਸ਼ ਨਾਲ ਸ਼ੁਰੂ ਹੋਇਆ, ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ। ਮੇਲੇ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜ਼ਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਉਪਰ ਬੋਲੇ ਜਾ ਰਹੇ ਚੌਤਰਫ਼ੇ ਹੱਲਿਆਂ ਨੂੰ ਪਛਾੜਨ ਲਈ ਮੇਲਾ ਲੋਕਾਂ 'ਚ ਸੂਝ-ਬੂਝ ਪੈਦਾ ਕਰਨ ਲਈ ਚੌਮੁਖੀਏ ਚਿਰਾਗ਼ ਦਾ ਕੰਮ ਕਰੇਗਾ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਾਡੇ ਪੁਰਖ਼ਿਆਂ ਦੇ ਇਤਿਹਾਸ ਨੂੰ ਸੰਭਾਲਣ, ਉਸਦੀ ਪ੍ਰਸੰਗਕਤਾ ਉਭਾਰਨ ਲਈ ਮੇਲਾ ਬਹੁਤ ਹੀ ਸਾਰਥਕ ਭੂਮਿਕਾ ਨਿਭਾ ਰਿਹਾ ਹੈ। ਮੇਲੇ ਨੂੰ ਮਿਲ ਰਹੇ ਸਹਿਯੋਗ 'ਤੇ ਉਹਨਾਂ ਨੇ ਲੋਕਾਂ ਦਾ ਧੰਨਵਾਦ ਕੀਤਾ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਬਹੁਤ ਹੀ ਪੀੜ੍ਹ-ਪਰੁੰਨੇ ਮਨ ਨਾਲ ਅਸੀਂ ਮਹਿਸੂਸ ਕਰ ਰਹੇ ਹਾਂ ਕਿ ਅੱਜ ਉਦਘਾਟਨੀ ਸਮਾਗਮ ਦੀ ਸ਼ਮ੍ਹਾ ਰੌਸ਼ਨ, ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਰੰਗ ਕਰਮੀਆਂ, ਕਵੀਆਂ ਨੇ ਮਿਲਕੇ ਜਗਾਉਣੀ ਸੀ ਪਰ ਅਜੇ ਤੱਕ ਵੀ ਲਹਿੰਦੇ ਪੰਜਾਬ ਦੀਆਂ ਨਾਟਕ ਮੰਡਲੀਆਂ ਅਤੇ ਕਵੀ ਬਾਬਾ ਨਜ਼ਮੀ ਦੇ ਵੀਜ਼ੇ ਸਬੰਧੀ ਕੁਝ ਵੀ ਨਾ ਦੱਸਣਾ ਬਹੁਤ ਹੀ ਦੁਖ਼ਦਾਇਕ ਹੈ। ਪਹਿਲੇ ਦਿਨ ਹੀ ਚਿਤ੍ਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ। ਜਿਸ ਵਿੱਚ ਗੁਰਦੀਸ਼ ਜਲੰਧਰ, ਰਵਿੰਦਰ ਰਵੀ ਲੁਧਿਆਣਾ, ਗੁਰਪ੍ਰੀਤ ਬਠਿੰਡਾ ਤੇ ਉਨ੍ਹਾਂ ਦੀ ਬੇਟੀ, ਅਮਿਤ ਜ਼ਰਫ਼, ਹਰਮੀਤ ਆਰਟਿਸਟ ਅੰਮ੍ਰਿਤਸਰ, ਇੰਦਰਜੀਤ ਜਲੰਧਰ, ਵਰੁਣ ਟੰਡਨ ਅਤੇ ਕੰਵਰਦੀਪ ਸਿੰਘ ਦੀਆਂ ਕਲਾ ਕ੍ਰਿਤਾਂ ਮੇਲੇ 'ਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸਿੰਘ ਸੰਘੇੜਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਕ੍ਰਿਸ਼ਨਾ, ਪ੍ਰੋ. ਗੋਪਾਲ ਸਿੰਘ ਬੁੱਟਰ, ਹਰਮੇਸ਼ ਮਾਲੜੀ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ ਅਤੇ ਵਿਜੈ ਬੰਬੇਲੀ ਤੋਂ ਇਲਾਵਾ ਮੇਲੇ ਨਾਲ ਜੁੜੀਆਂ ਪ੍ਰਬੰਧਕ ਟੀਮਾਂ ਹਾਜ਼ਰ ਸਨ। ਮੇਲੇ ਦੇ ਪਹਿਲੇ ਦਿਨ ਹੋਏ ਭਾਸ਼ਣ ਮੁਕਾਬਲੇ ਵਿੱਚ ਕਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਬਲਪ੍ਰੀਤ ਕੌਰ (ਲਾਇਲਪੁਰ ਖਾਲਸਾ ਕਾਲਜ ਜਲੰਧਰ), ਗੁਰਸਿਮਰਨ ਕੌਰ (ਐਮ.ਡੀ.ਦਾਇਆਨੰਦ ਮਾਡਲ ਸਕੂਲ ਨਕੋਦਰ) ਅਤੇ ਤਾਨੀਆਂ (ਗੌਰਮਿੰਟ ਕਾਲਜ, ਹੁਸ਼ਿਆਰਪੁਰ) ਨੇ ਪ੍ਰਾਪਤ ਕੀਤਾ। ਗਾਇਨ ਮੁਕਾਬਲਾ (ਸੀਨੀਅਰ ਸੋਲੋ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਜੈਸਮੀਨ (ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ, ਕਾਲਾ ਸੰਘਿਆ), ਹਰਸ਼ (ਬਿਲਗਾ), ਜਸਕੀਤ (ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ) ਅਤੇ (ਸੀਨੀਅਰ ਸਮੂਹ ਗਾਇਨ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ, ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ ਕਾਲਾ ਸੰਘਿਆ, ਐਸ.ਡੀ.ਦਾਇਆਨੰਦ ਮਾਡਲ ਸਕੂਲ ਨਕੋਦਰ ਨੇ ਪ੍ਰਾਪਤ ਕੀਤਾ। ਗਾਇਨ ਮੁਕਾਬਲਾ (ਜੂਨੀਅਰ ਸੋਲੋ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਇੰਦਰਜੀਤ ਸਿੰਘ (ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ), ਭਵਨਦੀਪ (ਜਲੰਧਰ ਮਾਡਲ ਸਕੂਲ, ਜਲੰਧਰ) ਤੇ ਕੋਮਲ (ਦੇਵਰਾਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਜਲੰਧਰ) ਅਤੇ (ਜੂਨੀਅਰ ਸਮੂਹ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਸ਼ਿਵਾਂਗੀ ਅਤੇ ਸਾਥੀ (ਦੇਵਰਾਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਜਸਮੀਨ ਅਤੇ ਸਾਥੀ (ਸੇਂਟ ਜੋਸਫ਼ ਕਾਨਵੈਂਟ ਸਕੂਲ, ਜਲੰਧਰ) ਤੇ ਕਾਮੀਆਂ ਅਤੇ ਸਾਥੀ (ਜਲੰਧਰ ਮਾਡਲ ਸਕੂਲ, ਜਲੰਧਰ) ਨੇ ਪ੍ਰਾਪਤ ਕੀਤਾ। ਸਮੂਹ ਜੇਤੂਆਂ ਨੂੰ ਇਨਾਮ, ਸਨਮਾਨ ਪੱਤਰ ਅਤੇ ਪੁਸਤਕਾਂ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਸਮੂਹ ਪ੍ਰਤੀਯੋਗੀਆਂ ਨੂੰ ਸਨਮਾਨ-ਪੱਤਰ ਦਿੱਤੇ ਗਏ। ਮੇਲੇ 'ਚ ਸਾਰਾ ਦਿਨ ਖਿੱਚ-ਭਰਪੂਰ ਚਹਿਲ-ਪਹਿਲ ਬਣੀ ਰਹੀ। ਪਹਿਲੇ ਦਿਨ ਹੀ ਪੁਸਤਕ ਪ੍ਰਦਰਸ਼ਨੀ ਦੀ ਥਾਂ ਭਰ ਗਈ ਅਤੇ ਖੜ੍ਹੇ ਪੈਰ ਬਦਲਵੇਂ ਪ੍ਰਬੰਧ ਕਰਨੇ ਪੈ ਰਹੇ ਹਨ।

# ਮੇਲਾ ਗ਼ਦਰੀ ਬਾਬਿਆਂ: ਦੂਜਾ ਦਿਨ- ਕੁਇਜ਼ ਅਤੇ ਚਿਤਰਕਲਾ ਮੁਕਾਬਲੇ 'ਚ ਕੁੜੀਆਂ ਨੇ ਮਾਰੀ ਬਾਜ਼ੀ

**ਜਲੰਧਰ 31 ਅਕਤੂਬਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗ਼ਦਰੀ ਬਾਬਿਆਂ ਦੇ ਮੇਲੇ ਦੇ ਦੂਜੇ ਦਿਨ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕਲਾਕਾਰਾਂ ਅਤੇ ਮੇਲਾ ਪ੍ਰੇਮੀਆਂ ਦੀ ਵਿਸ਼ਾਲ ਭੀੜ ਜੁੜੀ। ਪੰਜਾਬ, ਹਰਿਆਣਾ, ਯੂ.ਪੀ., ਰਾਜਸਥਾਨ ਤੋਂ ਕਲਾਕਾਰਾਂ ਅਤੇ ਜਮਹੂਰੀ ਸੰਸਥਾਵਾਂ ਦੇ ਜੱਥਿਆਂ ਦੇ ਜੱਥੇ ਮੇਲੇ 'ਚ ਜੁੜ ਰਹੇ ਹਨ। ਉੱਘੇ ਵਿਦਵਾਨ, ਲੇਖਕ, ਸਮਾਜਕ, ਜਮਹੂਰੀ ਕਾਮੇ ਹਿਮਾਂਸ਼ੂ ਕੁਮਾਰ ਛਤੀਸਗੜ੍ਹ ਤੋਂ ਅਤੇ ਵਿਨੈ, ਚਾਰੁਲ ਅਹਿਮਦਾਬਾਦ (ਗੁਜਰਾਤ) ਸਮੇਤ ਬਾਹਰਲੇ ਮੁਲਕਾਂ ਤੋਂ ਮੇਲਾ-ਪ੍ਰੇਮੀ ਵੀ ਪੁੱਜ ਗਏ ਹਨ। ਨੰਨ੍ਹੇ ਮੁੰਨੇ ਬਾਲ ਕਲਾਕਾਰਾਂ ਸਮੇਤ ਸੀਨੀਅਰ ਗਰੁੱਪਾਂ ਦੇ ਕਲਾਕਾਰਾਂ ਨੇ ਕੁਇਜ਼ ਅਤੇ ਪੇਂਟਿੰਗ ਮੁਕਾਬਲੇ ਵਿੱਚ ਅੱਜ ਬਹੁਤ ਹੀ ਫਸਵੇਂ ਮੁਕਾਬਲਿਆਂ ਵਿੱਚ ਹਿਸਾ ਲੈਂਦਿਆਂ ਆਪਣੀ ਯੋਗਤਾ ਅਤੇ ਸਮਰੱਥਾ ਦੇ ਹੈਰਾਨੀਜਨਕ ਝਲਕਾਂ ਪੇਸ਼ ਕੀਤੀਆਂ।

ਅੱਜ ਕੁਇਜ਼ ਮੁਕਾਬਲੇ ਵਿੱਚ 34 ਟੀਮਾਂ ਦੇ 150 ਪ੍ਰਤੀਯੋਗੀਆਂ ਨੇ ਭਾਗ ਲਿਆ। ਮੁੱਢਲੀ ਪ੍ਰੀਖਿਆ ਵਿਚੋਂ ਜੇਤੂ ਉਪਰਲੀਆਂ ਪੰਜ ਟੀਮਾਂ ਵਿੱਚ ਦਿਲਚਸਪ ਅੰਤਿਮ ਮੁਕਾਬਲਾ ਹੋਇਆ।

ਇਸ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਗੁਰੂ ਹਰਗੋਬਿੰਦ ਪਬਲਿਕ ਸੀ.ਸੈਕ. ਸਕੂਲ ਜੌੜਕੀਆਂ, ਲਿਟਲ ਏਂਜਲਜ਼ ਕੋ-ਐਡ ਸਕੂਲ ਕਪੂਰਥਲਾ ਅਤੇ ਡੀ.ਏ.ਵੀ. ਸਕੂਲ ਬਿਲਗਾ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਚਿਤਰਕਲਾ ਦੇ ਸੀਨੀਅਰ ਗਰੁੱਪ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਪਵਨਦੀਪ ਕੌਰ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਪਰੁਲ (ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਜਲੰਧਰ) ਅਤੇ ਕਾਮੀਆ (ਜਲੰਧਰ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜਲੰਧਰ) ਨੇ ਪ੍ਰਾਪਤ ਕੀਤਾ।

ਚਿਤਰਕਲਾ ਦੇ ਜੂਨੀਅਰ ਗਰੁੱਪ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਨਰਿੰਦਰ ਕੁਮਾਰ (ਐੱਸ.ਆਰ.ਟੀ. ਡੀ.ਏ.ਵੀ. ਪਬਲਿਕ ਸਕੂਲ, ਬਿਲਗਾ), ਤਰੁਣ ਸੁਮਨ (ਡੀ.ਏ.ਵੀ. ਪਬਲਿਕ ਸਕੂਲ, ਬਿਲਗਾ) ਅਤੇ ਸਾਹਿਲ ਕੁਮਾਰ (ਲਾਲਾ ਜਗਤ ਨਰੈਣ ਡੀ.ਏ.ਵੀ. ਮਾਡਲ ਸਕੂਲ) ਨੇ ਪ੍ਰਾਪਤ ਕੀਤਾ। ਚਿਤਰਕਲਾ ਦੇ



ਸਬ-ਜੂਨੀਅਰ ਗਰੁੱਪ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਯਸਮੀਨ ਕੁਮਾਰੀ (ਐਸ.ਡੀ.ਮਾਡਲ ਸਕੂਲ, ਜਲੰਧਰ ਕੈਂਟ), ਆਸ਼ੂ (ਐਸ.ਐਚ.ਡੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ) ਅਤੇ ਚਿਰਾਗ (ਲਾਲਾ ਜਗਤ ਨਰੈਣ ਡੀ.ਏ.ਵੀ. ਮਾਡਲ ਸਕੂਲ) ਨੇ ਪ੍ਰਾਪਤ ਕੀਤਾ। ਜੇਤੂਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਨਾਮ-ਸਨਮਾਨ ਨਾਲ ਨਿਵਾਜਿਆ ਗਿਆ। ਇਸ ਮੌਕੇ ਸਮੂਹ ਜੱਜ ਸਾਹਿਬਾਨ, ਚਿਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦੇ ਨਾਮਵਰ ਕਲਾਕਾਰ ਗੁਰਦੀਸ਼ ਜਲੰਧਰ, ਰਵਿੰਦਰ ਰਵੀ ਲੁਧਿਆਣਾ, ਗੁਰਪ੍ਰੀਤ ਬਠਿੰਡਾ ਤੇ ਉਨ੍ਹਾਂ ਦੀ ਬੇਟੀ, ਅਮਿਤ ਜ਼ਰਫ਼, ਹਰਮੀਤ ਆਰਟਿਸਟ ਅੰਮ੍ਰਿਤਸਰ, ਇੰਦਰਜੀਤ ਜਲੰਧਰ, ਵਰੁਣ ਟੰਡਨ ਅਤੇ ਕੰਵਰਦੀਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸਿੰਘ ਸੰਘੇੜਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਕ੍ਰਿਸ਼ਨਾ, ਪ੍ਰੋ. ਗੋਪਾਲ ਸਿੰਘ ਬੁੱਟਰ, ਹਰਮੇਸ਼ ਮਾਲੜੀ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਦੇਵ ਅਰਸ਼ੀ, ਜਗਰੂਪ, ਰਮਿੰਦਰ ਪਟਿਆਲਾ, ਬਲਵੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ ਅਤੇ ਵਿਜੈ ਬੰਬੇਲੀ ਤੋਂ ਇਲਾਵਾ ਮੇਲੇ ਨਾਲ ਜੁੜੀਆਂ ਪ੍ਰਬੰਧਕ ਟੀਮਾਂ ਹਾਜ਼ਰ ਸਨ। ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿੱਚ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਕਮੇਟੀ ਮੈਂਬਰ ਦਰਸ਼ਨ ਖਟਕੜ, ਪ੍ਰੋ. ਸੁਰਜੀਤ ਜੱਜ ਅਤੇ ਪਾਲ ਕੌਰ ਸਸ਼ੋਭਿਤ ਹੋਏ। ਸ਼ਬਦੀਸ਼, ਹਰਮੀਤ ਵਿਦਿਆਰਥੀ, ਜਗਵਿੰਦਰ ਜੋਧਾ, ਵਾਹਿਦ, ਮਨਦੀਪ ਔਲਖ, ਪਾਲ ਕੌਰ, ਸ਼ਮਸ਼ੇਰ ਮੋਹੀ, ਨਰਿੰਦਰਪਾਲ ਕੰਗ, ਸਵਾਮੀ ਅੰਤਰ ਨੀਰਵ, ਤਲਵਿੰਦਰ ਸ਼ੇਰਗਿੱਲ, ਸਤੀਸ਼ ਗੁਲਾਟੀ, ਸਰਬਜੀਤ ਕੌਰ 'ਜੱਸ', ਮਦਨ ਵੀਰਾ, ਸੁਸ਼ੀਲ ਦੁਸਾਂਝ, ਹਿਮਾਂਸ਼ੂ ਕੁਮਾਰ, ਸੁਰਜੀਤ ਜੱਜ ਅਤੇ ਦਰਸ਼ਨ ਖੜਕੜ ਨੇ ਆਪਣੀਆਂ ਨਜ਼ਮਾਂ ਸਰੋਤਿਆਂ ਦੇ ਰੂ-ਬ-ਰੂ ਕੀਤੀਆਂ। ਕਵੀ ਦਰਬਾਰ ਨੇ ਅਜੋਕੇ ਸਿਆਸੀ ਅਤੇ ਸਮਾਜੀ ਲੋਕ-ਸਰੋਕਾਰਾਂ ਦੀ ਬਾਤ ਪਾਉਂਦਿਆਂ ਭਵਿੱਖ ਅੰਦਰ ਦਰਪੇਸ਼ ਚੁਣੌਤੀਆਂ 'ਤੇ ਉਂਗਲ ਰੱਖੀ। ਕਵੀ ਦਰਬਾਰ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਨੇ ਕੀਤਾ।

ਸ਼ਾਮ ਵੇਲੇ ਪੀਪਲਜ਼ ਵਾਇਸ ਵੱਲੋਂ ਅਜੈ ਭਾਰਦਵਾਜ ਦੀ ਫ਼ਿਲਮ 'ਰੱਬਾ ਹੁਣ ਕੀ ਕਰੀਏ' ਅਤੇ ਡਾ. ਜਸਮੀਤ ਦੁਆਰਾ ਓਮ ਪ੍ਰਕਾਸ਼ ਵਾਲਮੀਕ ਦੀ ਕਹਾਣੀ 'ਤੇ ਅਧਾਰਤ ਰਚਿਤ ਅਤੇ ਨਿਰਦੇਸ਼ਿਤ ਸੋਲੋ ਨਾਟਕ 'ਜੂਠ' ਪੇਸ਼ ਕੀਤਾ ਗਿਆ। ਮੇਲੇ ਦੇ ਤੀਜੇ ਅਤੇ ਆਖਰੀ ਦਿਨ 1 ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਉਪਰੰਤ ਅਮੋਲਕ ਸਿੰਘ ਵਲੋਂ ਲਿਖਿਆ ਅਤੇ ਸਤਪਾਲ ਪਟਿਆਲਾ ਦੁਆਰਾ ਨਿਰਦੇਸ਼ਿਤ 100 ਤੋਂ ਵੱਧ ਕਲਾਕਾਰਾਂ ਵਲੋਂ ਝੰਡੇ ਦਾ ਗੀਤ ਸੰਗੀਤ ਨਾਟ ਓਪੇਰਾ ਦੇ ਰੂਪ ਵਿੱਚ ਪੇਸ਼ ਕੀਤਾ ਜਾਏਗਾ। ਭਾਸ਼ਨ ਅਤੇ ਵਿਚਾਰ-ਚਰਚਾ ਵਿੱਚ ਨਾਮਵਾਰ ਵਿਦਵਾਨ ਡਾ. ਨਵਸ਼ਰਨ, ਡਾ. ਰਾਜ ਰਤਨ ਅੰਬੇਡਕਰ, ਹਿਮਾਂਸ਼ੂ ਕੁਮਾਰ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਮੰਗਤ ਰਾਮ ਪਾਸਲਾ, ਹਰਦੇਵ ਅਰਸ਼ੀ ਅਤੇ ਡਾ. ਪਰਮਿੰਦਰ ਸਿੰਘ ਵਕਤਾ ਹੋਣਗੇ।

# ਤੀਜੇ ਦਿਨ ਮੇਲੇ ਨੇ ਦਿੱਤਾ ਹੱਕੀ ਸੰਗਰਾਮ ਦਾ ਹੋਕਾ















**ਜਲੰਧਰ–** ਗ਼ਦਰੀ ਬਾਬਿਆਂ ਦੇ ਮੇਲੇ ਦੇ ਤੀਜੇ ਅਤੇ ਸਿਖਰਲੇ ਦਿਨ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਵੱਲੋਂ 'ਜੀ ਆਇਆਂ' ਸ਼ਬਦਾਂ ਨਾਲ ਹੋਇਆ। ਉਹਨਾਂ ਕਿਹਾ ਕਿ ਅੱਜ ਅਸੀਂ ਗ਼ਦਰ ਪਾਰਟੀ ਅਤੇ ਗ਼ਦਰ ਅਖ਼ਬਾਰ ਦੀ ਸਥਾਪਨਾ ਦੇ 109 ਵਰ੍ਹੇ ਬਾਅਦ ਵੀ ਗੁਲਾਮੀ, ਵਿਤਕਰੇ, ਅਨਿਆਂ ਅਤੇ ਜ਼ਬਰ-ਜ਼ੁਲਮ ਦੀ ਕਾਲੀ ਤੰਗ ਗਲੀ ਵਿੱਚ ਸਾਹ ਲੈ ਰਹੇ ਹਾਂ। ਇਸ ਹਨੇਰੇ ਨੂੰ ਚੀਰਨ ਲਈ ਚਾਨਣ ਦੀ ਲੀਕ ਦਾ ਕੰਮ ਕਰ ਰਿਹਾ ਹੈ, ਮੇਲਾ ਗ਼ਦਰੀ ਬਾਬਿਆਂ ਦਾ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਮੁਲਕ ਨੂੰ ਲੋਕ-ਦੋਖੀ ਤਾਕਤਾਂ ਨੇ ਨਿਘਾਰ 'ਚ ਸੁੱਟ ਦਿੱਤਾ। ਇਸ ਵਿਚੋਂ ਕੱਢਣ ਲਈ ਆਪਣੀ ਬਣਦੀ ਭੂਮਿਕਾ ਅਦਾ ਕਰਨ ਲਈ ਯਤਨਸ਼ੀਲ ਹੈ ਮੇਲਾ ਗ਼ਦਰੀ ਬਾਬਿਆਂ ਦਾ। ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਭਾਰਤ ਪਿੰਡਾਂ ਦਾ ਦੇਸ਼ ਹੈ। ਜਦੋਂ ਹੁਣ ਪਿੰਡ ਉਜਾੜੇ ਜਾ ਰਹੇ ਹਨ। ਸਾਰੀ ਮੁਲਕ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਭੰਨਣ ਦਾ ਕੰਮ ਕੀਤਾ ਜਾ ਰਿਹਾ ਹੈ।



ਤਿੰਨ ਰੋਜ਼ਾ 31ਵੇਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ ਨੇ ਕੀਤੀ। ਉਹਨਾਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਆਜ਼ਾਦੀ ਦੀ ਜਦੋ ਜਹਿਦ ਸਭ ਨੇ ਸਾਂਝੇ ਤੌਰ 'ਤੇ ਲੜੀ ਅੱਜ ਵੱਖ-ਵੱਖ ਧਰਮਾਂ, ਫ਼ਿਰਕੇਦਾਰਾਨਾ ਵੰਡੀਆਂ 'ਚ ਲੋਕਾਂ ਨੂੰ ਵੰਡਿਆ ਜਾ ਰਿਹਾ ਹੈ ਤਾਂ ਪਹਿਲਾਂ ਨਾਲੋਂ ਵੀ ਵੱਧ ਸ਼ਿਦਤ ਨਾਲ ਇਹ ਲੋੜ ਬਣ ਗਈ ਹੈ ਕਿ ਅਸੀਂ ਲੁੱਟੇ ਪੁੱਟੇ ਲੋਕ ਇਹਨਾ ਵਿਖਰੇਵਿਆਂ ਤੋਂ ਉਪਰ ਉੱਠਕੇ ਆਪਣੇ ਸਾਂਝੇ ਹਿੱਤਾਂ ਲਈ ਸਾਂਝੀ ਜਦੋ ਜਹਿਦ ਹੋਰ ਵੀ ਵਿਸ਼ਾਲ ਅਤੇ ਪਰਚੰਡ ਕਰੀਏ। ਗ਼ਦਰੀ ਦੇਸ਼ ਭਗਤਾਂ ਦੇ ਸਮੂਹ ਵਾਰਸਾਂ ਤੋਂ ਸਮਾਂ ਅੱਜ ਇਹ ਤਿੱਖੀ ਮੰਗ ਕਰਦਾ ਹੈ ਕਿ ਉਹ ਸਭੇ ਮਿ਼ਲਕੇ ਵਿਸ਼ਾਲ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਕਰਨ ਲਈ ਅੱਗੇ ਆਉਣ। ਅਮੋਲਕ ਸਿੰਘ ਦਾ ਲਿਖਿਆ ਸਤਪਾਲ ਬੰਗਾ ਪਟਿਆਲਾ ਦਾ ਨਿਰਦੇਸ਼ਤ ਕੀਤਾ 110 ਕਲਾਕਾਰਾਂ ਵੱਲੋਂ ਪੇਸ਼ ਸੰਗੀਤ-ਨਾਟ ਓਪੇਰਾ ਝੰਡੇ ਦਾ ਗੀਤ 'ਗ਼ਦਰ ਦਾ ਪੈਗ਼ਾਮ: ਜਾਰੀ ਰੱਖਣਾ ਸੰਗਰਾਮ' ਨੇ ਲੋਕਾਂ ਦੀਆਂ ਅੱਖੀਆਂ 'ਚੋਂ ਭਰ ਵਗਦੇ ਦਰਿਆਵਾਂ ਅਤੇ ਰੋਹ ਦੀਆਂ ਝਲਕਾਂ ਸਿਰਜੀ। ਖਚਾਖਚ ਭਰਿਆ ਪੰਡਾਲ ਵਾਰ-ਵਾਰ ਤਾੜੀਆਂ ਅਤੇ ਨਾਅਰਿਆਂ ਨਾਲ ਝੰਡੇ ਦੇ ਗੀਤ ਦੀ ਪੇਸ਼ਕਾਰੀ ਨੂੰ ਸਲਾਮ ਕਰਦਾ ਰਿਹਾ। ਝੰਡੇ ਦੇ ਗੀਤ ਨੇ ਪੰਜਾਬ ਵੰਡ ਦੇ ਦੁਖ਼ਾਤ ਤੋਂ ਲੈ ਕੇ ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ, ਬੁੱਧੀਜੀਵੀਆਂ ਦੀ ਰਿਹਾਈ, ਦਲਿਤਾਂ 'ਤੇ ਜ਼ਬਰ, ਪੰਜਾਬ ਵਿੱਚ ਫ਼ਿਰਕੂ ਹਵਾਵਾਂ ਵਗਾਉਣ ਦੇ ਕੋਝੇ ਮਨਸ਼ਿਆਂ ਅਤੇ ਲੋਕਾਂ ਦੇ ਚੱਲ ਰਹੇ ਸੰਗਰਾਮਾਂ ਦੀ ਖ਼ੂਬਸੂਰਤੀ ਨਾਲ ਬਾਤ ਪਾਈ।

ਅੱਜ ਦੇ ਮੇਲੇ ਦੇ ਦਿਨ ਦੇ ਸੈਸ਼ਨ ਦੇ ਸਭ ਤੋਂ ਪਹਿਲੇ ਬੁਲਾਰੇ ਡਾ. ਨਵਸ਼ਰਨ ਨੇ ਬੋਲਦਿਆਂ ਕਿਹਾ ਕਿ ਧੰਨ ਕੁਬੇਰਾਂ ਨੇ ਮੁਲਕ ਦਾ ਸਭ ਕੁਝ ਹੂੰਝ ਲਿਆ। ਉਹਨਾਂ ਕਿਹਾ ਕਿ ਅਸੀਂ ਫਾਸ਼ੀਵਾਦ, ਕਾਰਪੋਰੇਟ ਖਿਲਾਫ਼ ਸੰਗਰਾਮ ਕਰਾਂਗੇ ਤਾਂ ਜੋ ਕੁਦਰਤੀ ਸੋਮਿਆਂ, ਜੰਗਲ, ਜਲ, ਜ਼ਮੀਨ ਉਪਰ ਏਕਾ ਅਧਿਕਾਰ ਸਥਾਪਤ ਕਰਨ ਤੁਰੇ ਧੰਨ ਕੁਬੇਰਾਂ ਨੂੰ ਪਛਾੜਿਆ ਜਾ ਸਕੇ। ਸਮਾਗਮ ਦੇ ਦੂਜੇ ਬੁਲਾਰੇ ਡਾ. ਰਾਜ ਰਤਨ ਅੰਬੇਡਕਰ ਨੇ ਕਿਹਾ ਕਿ ਜਦੋਂ ਹਾਕਮ, ਪੌਣੀ ਸਦੀ ਬਾਅਦ ਵੀ ਆਜ਼ਾਦੀ ਦੇ ਅਖੌਤੀ ਅੰਮ੍ਰਿਤ ਉਤਸਵ ਦਾ ਖੇਖ਼ਣ ਕਰ ਰਹੇ ਹਨ। ਇਸਦਾ ਕੌੜਾ ਸੱਚ ਇਹ ਹੈ ਕਿ ਭਾਰਤ ਦੇ ਆਮ ਬੰਦੇ ਨੂੰ ਸਮਾਜਕ, ਆਰਥਕ ਅਤੇ ਸਿਆਸੀ ਨਿਆਂ ਨਹੀਂ ਮਿਲਿਆ। ਵੇਲਾ ਹੈ ਕਿ ਗ਼ਦਰੀ ਬਾਬਿਆਂ ਦੀ ਵਿਚਾਰ-ਧਾਰਾ ਤਹਿਤ ਸਿਰ ਜੋੜਕੇ ਵੱਖ-ਵੱਖ ਚਿੰਤਨਸ਼ੀਲ ਸਮਾਜੀ ਸਰੋਕਾਰਾਂ ਨਾਲ ਜੁੜੇ ਲੋਕ-ਹਿੱਸੇ ਸਿਰ ਜੋੜਕੇ ਮਾਨਵਵਾਦੀ, ਲੋਕ-ਪੱਖੀ ਅਤੇ ਨਿਆਂ ਸੰਗਤ ਨਿਜ਼ਾਮ ਦੀ ਸਿਰਜਣਾ ਲਈ ਸਾਂਝੇ ਕਦਮ ਅੱਗੇ ਵਧਾਉਣ। ਉਹਨਾਂ ਕਿਹਾ ਕਿ ਮੋਦੀ ਹਕੂਮਤ ਦੀ ਵਿਚਾਰਧਾਰਕ ਸੰਸਥਾ ਆਰ.ਐਸ.ਐਸ. ਨੂੰ ਲੋਕ ਤਾਕਤ ਨਾਲ ਲੱਕ ਤੋੜਵੀਂ ਹਾਰ ਦੇਣ ਦੀ ਲੋੜ ਹੈ।

ਪਹਿਲਾਂ ਵਾਂਗ ਹੀ ਜੰਤਾ ਅਤੇ ਔਕਸਫੋਰਡ ਹਸਪਤਾਲ ਵੱਲੋਂ ਮੈਡੀਕਲ ਸਹਾਇਤਾ ਕੈਂਪ ਲਗਾਇਆ ਗਿਆ।

ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਮਾਲ ਸਿੰਘ ਦੀ ਅਗਵਾਈ 'ਚ ਆਏ ਜੱਥੇ ਨੇ ਇਨਕਲਾਬੀ ਗੀਤਾਂ 'ਚ ਪਰੋਇਆ 'ਹੱਲਾ' ਪੇਸ਼ ਕੀਤਾ। ਹੱਲਾ ਨੇ ਇਸ ਵਾਰ ਮੇਲੇ 'ਚ ਸੰਗੀਤ ਦੀ ਨਵੀਂ ਪਰਵਾਜ਼ ਭਰੀ। ਹਰਿੰਦਰ ਸੋਹਲ ਅੰਮ੍ਰਿਤਸਰ ਅਤੇ ਉਸਦੇ ਸਾਥੀਆਂ ਨੇ ਗਾਇਕੀ ਨਾਲ ਲੋਕਾਂ ਦਾ ਮਨ ਮੋਹ ਲਿਆ। ਖਾਲਸਾ ਕਾਲਜ ਗੜ੍ਹਦੀਵਾਲਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਗੁਰਪਿੰਦਰ ਸਿੰਘ ਦੀ ਅਗਵਾਈ 'ਚ ਗੀਤ-ਸੰਗੀਤ ਪੇਸ਼ ਕੀਤਾ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਕਵੀਸ਼ਰੀਆਂ ਰਾਹੀਂ ਮੇਲੇ 'ਚ ਗਾਇਕੀ ਦਾ ਰੰਗ ਭਰਿਆ।

ਮੇਲੇ ਦੇ ਇੱਕ ਹੋਰ ਭਾਵਪੂਰਤ ਸੈਸ਼ਨ ਵਿਚਾਰ-ਚਰਚਾ ਵਿੱਚ ਬੋਲਦਿਆਂ ਕੁਦਰਤੀ ਸਰੋਤਾ ਅਤੇ ਆਦਿਵਾਸੀਆਂ ਦੇ ਹਿੱਤਾਂ ਲਈ ਸਰਗਰਮ ਕਾਰਕੁੰਨ ਹਿਮਾਂਸ਼ੂ ਕੁਮਾਰ ਜੀ ਨੇ ਕਿਹਾ ਕਿ ਕਿਤੇ ਵੀ ਜ਼ਬਰ ਹੁੰਦਾ ਹੈ, ਉਸ ਸਾਰੇ ਮੁਲਕ ਉੱਤੇ ਜ਼ਬਰ ਸਮਝਿਆ ਜਾਵੇ। ਸਾਡੇ ਪ੍ਰਬਧਕੀ ਅਤੇ ਨਿਆਂ ਦੇਣ ਵਾਲੇ ਅਦਾਰੇ ਹਕੂਮਤ ਨੇ ਹਥਿਆ ਲਏ ਹਨ। ਡਰ, ਹਕੀਕਤ, ਸਾਡੇ ਸਭ ਦੇ ਮਸਲੇ ਅਤੇ ਲੜਾਈ ਸਾਂਝੀ ਹੈ।

ਦੂਜੇ ਬੁਲਾਰੇ ਜਮਹੂਰੀ ਕਾਰਕੁੰਨ ਐਡਵੋਕੇਟ ਰਾਜਵਿੰਦਰ ਬੈਂਸ ਨੇ ਕਿਹਾ ਕਿ ਮੌਜੂਦਾ ਹਾਕਮ ਆਮ ਬੰਦੇ ਦੇ ਜਮਹੂਰੀ ਹੱਕਾਂ ਨੂੰ ਹੀ ਨਹੀਂ ਕੁਚਲ ਰਹੇ ਸਗੋਂ ਮੁਲਕ ਦੀ ਵੰਨ-ਸੁਵੰਤਾ ਨੂੰ ਵੀ ਬੁਰੀ ਤਰ੍ਹਾਂ ਢਾਹ ਲਾ ਰਹੇ ਹਨ। ਸਾਮਰਾਜੀਆਂ ਵਲੋਂ ਕੁਦਰਤੀ ਸਰੋਤਾ ਉਤੇ ਕੀਤੇ ਜਾ ਰਹੇ ਕਬਜ਼ਿਆਂ ਪ੍ਰਤੀ ਵੀ ਸਾਡੇ ਹਾਕਮਾਂ ਦੀ ਮੁਕੰਮਲ ਸਹਿਮਤੀ ਹੈ।

ਵਿਚਾਰ-ਚਰਚਾ 'ਚ ਹਿੱਸਾ ਲੈਂਦਿਆਂ ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਜਿੱਥੇ ਅੰਤਰਰਾਸ਼ਟਰੀ ਸਾਮਰਾਜੀਆਂ ਵਲੋਂ ਬੀਤੇ ਤਿੰਨ ਦਹਾਕਿਆਂ ਵਿੱਚ ਕੀਤੀਆਂ ਕਰਤੂਤਾਂ ਦਾ ਚਿੱਠਾ ਬਿਆਨਦਿਆਂ ਵਿਸ਼ਾਲ ਲੋਕ ਏਕਤਾ ਦਾ ਸੱਦਾ ਦਿੱਤਾ, ਉਥੇ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਆਰਥਕ ਮੁੱਦਿਆਂ 'ਤੇ ਸੰਘਰਸ਼ ਕਰਨ ਸਮੇਤ ਰਾਜਨੀਤਕ ਲੜਾਈ ਲੜਣੀ ਵੀ ਸਮੇਂ ਦੀ ਅਹਿਮ ਲੋੜ ਹੈ। ਇਸ ਵਿਚਾਰ-ਚਰਚਾ ਦਾ ਮੰਚ ਸੰਚਾਲਨ ਜਿਥੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਨੇ ਬੇਹੱਦ ਭਾਵਪੂਰਤ ਢੰਗ ਕੀਤਾ, ਉਥੇ ਪ੍ਰਧਾਨ ਅਜਮੇਰ ਸਿੰਘ ਨੇ ਧੰਨਵਾਦੀ ਤਕਰੀਰ ਕਰਦਿਆਂ ਅਦਾਰੇ ਵਲੋਂ ਲੋਕ-ਹੱਕਾਂ ਅਤੇ ਲੋਕ-ਸੰਘਰਸ਼ਾਂ ਨੂੰ ਥੜਾ ਮੁਹੱਇਆ ਕਰਵਾਉਣ ਅਤੇ ਹਰ ਸੰਭਵ ਮਦਦ ਕਰਨ ਦਾ ਅਹਿਦ ਦੁਹਰਾਇਆ।

# ਪਰਾਲੀ ਨਾ ਸਾੜਨ ਸਬੰਧੀ ਖੇਤੀਬਾੜੀ ਵਿਭਾਗ ਦੀ ਪਿੰਡ ਜਰਖੜ ਵਿਖੇ ਕਿਸਾਨਾਂ ਨਾਲ ਹੋਈ ਅਹਿਮ ਮੀਟਿੰਗ

**ਲੁਧਿਆਣਾ 27 ਅਕਤੂਬਰ–** ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ, ਪੰਜਾਬ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਆਰੰਭੀ ਮੁਹਿੰਮ ਤਹਿਤ ਅੱਜ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਸਰਪ੍ਰਸਤੀ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪੰਜਾਬ ਪੁਲੀਸ ਦੇ ਸਹਿਯੋਗ ਨਾਲ ਪਿੰਡ ਜਰਖੜ ਵਿਖੇ ਵਿਭਾਗੀ ਅਧਿਕਾਰੀਆਂ ਨੇ ਕਿਸਾਨਾਂ ਨਾਲ ਅਹਿਮ ਮੀਟਿੰਗ ਕੀਤੀ। ਜਿਸ ਵਿੱਚ ਪੰਜਾਬ ਖੇਤੀਬਾੜੀ ਵਿਭਾਗ ਦੇ ਬਲਾਕ ਅਫ਼ਸਰ ਡਾਂ ਨਿਰਮਲ ਸਿੰਘ ਅਤੇ ਖੇਤੀਬਾੜੀ ਵਿਭਾਗ ਦੇ ਐਕਸਟੈਂਸ਼ਨ ਅਫਸਰ ਗੁਰਮੀਤ ਕੌਰ ਧਾਲੀਵਾਲ ਅਤੇ ਹੋਰ ਪ੍ਰਬੰਧਕੀ ਅਫਸਰਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਆਖਿਆ ਇਸ ਮੌਕੇ ਖੇਤੀਬਾੜੀ ਦੇ ਬਦਲਦੇ ਹਾਲਾਤਾਂ ਵਿਚ ਕਿਸਾਨਾਂ ਨੂੰ ਪਰਾਲੀ ਕਿਸੇ ਵੀ ਹਾਲਤ ਵਿੱਚ ਨਹੀਂ ਸਾੜਨੀ ਚਾਹੀਦੀ , ਇਸ ਨਾਲ ਜਿੱਥੇ ਖੇਤੀਬਾੜੀ ਤੇ ਮਾੜਾ ਅਸਰ ਪੈਂਦਾ ਹੈ ਉਥੇ ਮਨੁੱਖੀ ਜੀਵਨ ਦਾਅ ਤੇ ਲੱਗਦਾ ਹੈ। ਇਸ ਲਈ "ਪਰਾਲੀ ਪ੍ਰਬੰਧਨ" ਸਕੀਮ ਅਧੀਨ "ਆਈ ਖੇਤੀ ਐਪ" ਬਣਾਈ ਗਈ ਹੈ । ਇਸ ਐਪ ਤੋਂ ਕਿਸਾਨਾਂ ਨੂੰ ਪਰਾਲੀ ਸੰਭਾਲਣ ਲਈ ਆਸ ਪਾਸ ਦੇ ਪਿੰਡਾਂ ਵਿਚ ਮੌਜੂਦ ਮਸ਼ੀਨਾਂ ਸਬੰਧੀ ਜਾਣਕਾਰੀ ਮਿਲ ਸਕਦੀ ਹੈ। ਉਨ੍ਹਾਂ ਆਖਿਆ ਕਿ





ਕਿਸਾਨਾਂ ਨੂੰ ਝੋਨੇ ਵਾਲੇ ਖੇਤਾਂ ਦੀ ਸੁਪਰ ਸੀਡਰ ਨਾਲ ਬਿਜਾਈ ਕਰਨੀ ਚਾਹੀਦੀ ਹੈ, ਜਦ ਕਿ ਝੋਨੇ ਦੀ ਵਢਾਈ ਐੱਸਐੱਮਐੱਸ ਲੱਗੀ ਕੰਬਾਈਨ ਦੇ ਨਾਲ ਹੀ ਕਰਨੀ ਚਾਹੀਦੀ ਹੈ । ਇਸ ਮੌਕੇ ਕਿਸਾਨਾਂ ਨੇ ਵੀ ਆਪਣੇ ਖੇਤੀਬਾੜੀ ਸਬੰਧੀ ਅਹਿਮ ਵਿਚਾਰ ਰੱਖੇ ਅਤੇ ਪੰਜਾਬ ਸਰਕਾਰ ਦੀਆਂ ਖੇਤੀਬਾੜੀ ਸਬੰਧੀ ਹਦਾਇਤਾਂ ਦੀ ਪਾਲਣਾ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਰੂਪ ਸਿੰਘ ਜਰਖੜ, ਥਾਣੇਦਾਰ ਧਰਮਜੀਤ ਸਿੰਘ, ਸਾਹਿਬਜੀਤ ਸਿੰਘ ਜਰਖੜ਼, ਸੰਦੀਪ ਸਿੰਘ ਪੰਧੇਰ, ਤੇਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਸਵਰਨ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ , ਤਪਿੰਦਰ ਸਿੰਘ , ਦਿਲਬਾਗ ਸਿੰਘ ਜਰਖੜ, ਜਰਨੈਲ ਸਿੰਘ, ਅਮਰੀਕ ਸਿੰਘ, ਪ੍ਰੀਤ ਮਹਿੰਦਰ ਸਿੰਘ, ਹਰਪ੍ਰੀਤ ਸਿੰਘ ਮਿੱਠੂ, ਕਾਮਰੇਡ ਗੁਰਦੀਪ ਸਿੰਘ, ਹੈਰੀ ਜਰਖੜ, ਗੁਰਿੰਦਰ ਸਿੰਘ, ਰਾਜ ਸਿੰਘ, ਪਿੰਦਰ ਸਿੰਘ, ਸੁਰਿੰਦਰ ਸਿੰਘ ਗਗੜੀ, ਨਿਰਮਲ ਸਿੰਘ ਨਿੰਮੀ ਆਦਿ ਹੋਰ ਪਿੰਡ ਜਰਖੜ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਫੇਰ ਸੜੀ ਨਾੜ, ਫੇਰ ਉੱਠਿਆ ਧੂੰਆਂ

ਸਰਕਾਰੀ ਨਿਯਮਾਂ ਨੂੰ ਅਣਗੌਲਿਆਂ ਕਰਕੇ ਝੋਨੇ ਦੀ ਨਾੜ ਸਾੜਨ ਦਾ ਸਿਲਸਿਲਾ ਮੋਗਾ ਜ਼ਿਲੇ ਦੇ ਪਿੰਡਾਂ ਦੇ ਖੇਤਾਂ ਵਿਚ ਸ਼ਨੀਵਾਰ (ੌਚਟੋਬਇਰ 29, 2022), ਦੀ ਸ਼ਾਮ ਨੂੰ ਉਦੋਂ ਰਫ਼ਤਾਰ ਫ਼ੜਦਾ ਨਜ਼ਰ ਆਇਆ ਜਦੋਂ ਲਪਟਾਂ ਛੱਡਦੀ ਨਾੜ ਦੇ



ਦਰਿੱਸ਼ਾਂ ਸਣੇ ਅੱਖਾਂ ਚੁੰਧਿਆਉਂਦੇ ਤੇ ਸਾਹਾਂ ਨੂੰ ਔਖਾ ਕਰਦੇ ਧੂਏਂ ਨੇ ਆਪਣਾ ਜਲਵਾ ਵਿਖਾਇਆ।

ਨਾੜ ਨੂੰ ਬੰਨੇ ਲਾਉਣ ਲਈ ਖੇਤੀਬਾੜੀ ਯੂਨੀਵਰਸਿਟੀਆਂ ਕਈ ਸੁਝਾਅ ਅਤੇ ਉਪਰਾਲੇ, ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰਾਂ ਆਦਿ ਰਾਹੀਂ ਦੱਸ-ਦੀਆਂ ਹਨ, ਤੇ ਸਰਕਾਰਾਂ ਵੀ ਭਾਵੇਂ ਸਹਿਯੋਗ ਦੇ ਦਾਅਵੇ ਕਰਦੀਆਂ ਹਨ, ਪਰ ਜੇਕਰ ਇਹ ਉਪਰਾਲੇ ਨਾਕਾਮਯਾਬ ਤੇ ਦਾਅਵੇ ਹਰ ਵਾਰ ਬੇਨਤੀਜਾ ਹੀ ਰਹਿੰਦੇ ਹਨ ਤਾਂ ਕਿਧਰੇ ਨਾ ਕਿਧਰੇ ਤਾਂ ਕਮੀਆਂ ਜ਼ਰੂਰ ਹਨ।

ਜਾਂ ਤਾਂ ਵਿਦਵਾਨ, ਵਿਗਿਆਨੀ ਤੇ ਸਰਕਾਰਾਂ ਹਾਲੇ ਤੱਕ ਕਿਸਾਨਾਂ ਦੀਆਂ ਰਮਜ਼ਾਂ ਨੂੰ ਇੰਨ ਬਿੰਨ ਨਹੀਂ ਪੜ੍ਹ ਸਕੀਆਂ ਤੇ ਜਾਂ ਫੇਰ ਕਿਸਾਨ ਵੀਰ ਵਾਤਾਵਰਣ ਦੀ ਸੰਭਾਲ ਤੇ ਅਗਲੀਆਂ ਨਸਲਾਂ ਸਣੇ ਮੌਜੂਦਾ ਜੀਆਂ ਦੀ ਸਿਹਤ ਸੰਭਾਲ ਪ੍ਰਤੀ ਸੁਚੇਤ ਨਹੀਂ ਹਨ। ਦੋਹਾਂ ਧਿਰਾਂ ਵੱਲੋਂ ਨਿਰਪੱਖ ਆਤਮ ਪੜਚੋਲ ਕਰਨੀ ਬੇਹੱਦ ਜ਼ਰੂਰੀ ਹੈ ਤਾਂ ਜੋ ਮੁੜ ਮੁੜ ਦੁਹਰਾਉਣ ਵਾਲੇ ਮਸਲੇ ਦਾ ਸਰਬ ਸਾਂਝਾ ਤੇ ਨਿਰੋਆ ਹੱਲ ਭਾਲਿਆ ਜਾ ਸਕੇ।

**ਸੁਨੀਲ ਕੁਮਾਰ ਨੀਲ, ਮੋਗਾ, ਪੰਜਾਬ – 142001**

# ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਮਿਡ ਡੇਅ ਮੀਲ ਸਕੀਮ ਪੁੱਜੀ ਬੰਦ ਹੋਣ ਕਿਨਾਰੇ: ਜੀਵਨ ਗੁਪਤਾ

**ਚੰਡੀਗੜ੍ਹ: 29 ਅਕਤੂਬਰ (ਵਿਵੇਕ ਭਾਟੀਆ)–** ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਵਿਦਿਆਰਥੀਆਂ ਪ੍ਰਤੀ ਬਦਨੀਅਤੀ ਅਤੇ ਸਰਕਾਰੀ ਸਕੂਲਾਂ ਦੀ ਅਣਦੇਖੀ ਦੇ ਚਲਦਿਆਂ ਸਰਕਾਰੀ ਸਕੂਲਾਂ 'ਚ ਚੱਲ ਰਹੀ ਮਿਡ ਡੇਅ ਮੀਲ ਸਕੀਮ ਬੰਦ ਹੋਣ ਕਿਨਾਰੇ ਪੁੱਜਣ 'ਤੇ ਪੰਜਾਬ ਸਰਕਾਰ ਦੀ ਕਰੜੀ ਨਿਖੇਧੀ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਜਵਾਨ ਗੁਪਤਾ ਨੇ ਕਿਹਾ ਕਿ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੇ ਸਿਖਿਆ ਮੰਤਰੀ ਹਰਜੋਤ ਬੈਂਸ ਪੰਜਾਬ ਦੇ ਵਿਦਿਆਰਥੀਆਂ ਦੇ ਭੱਵਿਖ ਨਾਲ ਖਿਲਵਾੜ ਕਰ ਰਹੇ ਹਨੀ ਭਗਵੰਤ ਮਾਨ ਖੁੱਦ ਤਾਂ ਹੋਰਨਾਂ ਸੂਬਿਆਂ ਦੀ ਸਿਰ ਕਰਦੇ ਫਿਰਦੇ ਹਨ ਅਤੇ ਪੰਜਾਬ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ ਹੈ

ਜੀਵਨ ਗੁਪਤਾ ਨੇ ਕਿਹਾ ਕਿ ਚੋਣਾਂ 'ਤੋਂ ਪਹਿਲਾਂ ਭਗਵੰਤ ਮਾਨ ਪੰਜਾਬ 'ਚ ਦਿੱਲੀ ਦਾ ਸਿਖਿਆ ਮਾਡਲ ਲਾਗੂ ਕਰਨ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਥਕਦੇ ਨਹੀਂ ਸਨੀ ਪਰ ਹੁਣ ਸਰਕਾਰੀ ਸਕੂਲਾਂ 'ਚ ਰਹੀ ਮਿਡ ਡੇਅ ਮੀਲ ਸਕੀਮ ਨੂੰ ਵੀ ਬੰਦ ਕਰਨ ਨੂੰ ਫਿਰਦੇ ਹਨੀ ਚੋਣਾਂ 'ਤੋਂ ਬਾਅਦ ਹੁਣ ਪੰਜਾਬ ਦੇ ਸਕੂਲਾਂ ਦਾ ਕੀ ਹਾਲ ਹੈ ਇਸ ਦਾ ਪਤਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਹਾਲਤ ਵੇਖ ਕੇ ਹੀ ਲੱਗਦਾ ਹੈਂ ਗੁਪਤਾ ਨੇ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਕਿ ਇਹੀ ਹੈ ਦਿੱਲੀ



ਦਾ ਸਿਖਿਆ ਮਾਡਲ ਜਿਸ ਨੂੰ ਪੰਜਾਬ 'ਚ ਲਾਗੂ ਕੀਤਾ ਜਾਣਾ ਸੀ?

ਜੀਵਨ ਗੁਪਤਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ 8ਵੀਂ ਤੱਕ ਦੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਦੇਣ ਲਈਂ ਚਲਾਈ ਜਾ ਰਹੀ ਮਿਡ ਡੇਅ ਮੀਲ ਸਕੀਮ ਪਿਛਲੇ ਕਈ ਮਹੀਨਿਆਂ ਤੋਂ ਪੈਸੇ ਦਾ ਭੁਗਤਾਨ ਨਾ ਮਿਲਣ ਕਾਰਨ ਬੰਦ ਹੋਣ ਕਿਨਾਰੇ ਪੁੱਜ ਗਈ ਹੈ। ਇਸ ਪਿੱਛੇ ਮੁਖਮੰਤਰੀ ਭਗਵੰਤ ਮਾਨ, ਸਿਖਿਆ ਮੰਤਰੀ ਹਰਜੋਤ ਬੈਂਸ ਅਤੇ ਸਿਖਿਆ ਵਿਭਾਗ ਅਤੇ ਸਰਕਾਰੀ ਉਦਾਸੀਨਤਾ ਨੀਤੀ ਜਿੰਮੇਵਾਰ ਹੈ। ਪੰਜਾਬ ਸਰਕਾਰ ਨੇ ਪਿਛਲੇ ਤਿੰਨ ਮਹੀਨੇ ਤੋਂ ਮਿਡ ਡੇਅ ਮੀਲ ਦੀ ਰਾਸ਼ੀ ਸਕੂਲਾਂ ਵਿੱਚ ਨਹੀਂ ਭੇਜੀ ਗਈ, ਜਿਸ ਕਾਰਨ ਅਧਿਆਪਕ ਆਪਣੇ ਕੋਲੋਂ ਜਾਂ ਦੁਕਾਨਦਾਰਾਂ ਤੋਂ ਉਧਾਰ ਲੈ ਕੇ ਮਿਡ ਡੇਅ ਮੀਲ ਚਲਾ ਰਹੇ ਹਨ। ਹੁਣ ਹਾਲਾਤ ਇਹ ਹਨ ਕਿ ਹੁਣ ਲੈਣਦਾਰੀ ਦਾ ਪੈਸਾ ਵੱਧਣ ਕਾਰਨ ਦੁਕਾਨਦਾਰਾਂ ਨੇ ਵੀ ਉਧਾਰ ਦੇਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਰਕਾਰ ਐਡਵਾਂਸ ਵਿੱਚ ਅਦਾਇਗੀ ਕਰੇ, ਤਾਂ ਜੋ ਕਿ ਅਧਿਆਪਕ ਵਰਗ ਨੂੰ ਇਸ ਸਕੀਮ ਨੂੰ ਚਲਾਉਣ ਲਈ ਕੋਈ ਦਿੱਕਤ ਨਾ ਆਵੇ, ਪਰ ਉਲਟਾ ਸਰਕਾਰ ਮਹੀਨਿਆਂ ਬੱਧੀ ਅਦਾਇਗੀ ਲਟਕਾ ਕੇ ਅਧਿਆਪਕ ਵਰਗ ਨੂੰ ਵੀ ਮਾਨਸਿਕ ਤੌਰ ਤੇ ਪਰੇਸ਼ਾਨ ਕਰ ਰਹੀ ਹੈ। ਅਜਿਹੇ ਵਿੱਚ ਅਧਿਆਪਕ ਬਚਿਆਂ ਨੂ ਚੰਗੇਰੀ ਸਿਖਿਆ ਕਿੰਵੇਂ ਦੇਣਗੇ?

ਜੀਵਨ ਗੁਪਤਾ ਨੇ ਪੰਜਾਬ ਸਰਕਾਰ 'ਤੋਂ ਮੰਗ ਕੀਤੀ ਕਿ ਉਹ ਮਿਡ ਡੇਅ ਮੀਲ ਸਕੀਮ ਦੀ ਬਕਾਇਆ ਰਾਸ਼ੀ ਦੀ ਅਦਾਇਗੀ ਤੁਰੰਤ ਕਰੇ, ਤਾਂ ਜੋ ਕਿ ਸਕੂਲਾਂ ਵਿੱਚ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਮਿਲਦਾ ਰਹੇ ਅਤੇ ਖਾਣਾਂ ਬਣਾਉਣ ਵਾਲੇ ਵਰਕਰਾਂ ਨੂੰ ਮਿਲਦੀ ਨਿਗੂਣੀ ਤਨਖਾਹ ਵੀ ਤੁਰੰਤ ਜਾਰੀ ਕੀਤੀ ਜਾਵੇ।

# ਖ਼ੂਬ ਪ੍ਰਭਾਵਸ਼ਾਲੀ ਰਹੀ ਮਹਿਲਾ ਕਾਵਿ ਮੰਚ ਫਤਿਹਗੜ੍ਹ ਸਾਹਿਬ ਦੀ ਕਾਵਿ-ਮਿਲਣੀ

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਮਹਿਲਾ ਕਾਵਿ ਮੰਚ ਜਿਲਾ ਫਤਿਹਗੜ ਸਾਹਿਬ ਦੀ ਪ੍ਰਧਾਨ ਮਨਿੰਦਰ ਕੌਰ ਬਸੀ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਿਲਾ ਕਾਵਿ ਮੰਚ ਦੀ ਮਹੀਨਾਵਾਰ ਮੀਟਿੰਗ 29 ਅਕਤੂਬਰ 2022 ਨੂੰ ਜ਼ੂਮ ਐਪ 'ਤੇ ਆਯੋਜਿਤ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਸ਼੍ਰੀਮਤੀ ਮੋਨਿਕਾ ਠਾਕੁਰ (ਮਕਾਮ ਵਿਦੇਸ਼) ਜੀ ਨੇ ਕੀਤੀ। ਉਪਰੰਤ ਇਰਾਦੀਪ ਤਰੇਹਨ (ਪ੍ਰਧਾਨ ਮਹਿਲਾ ਕਾਵਿ ਮੰਚ ਪੰਜਾਬ) ਜੀ ਨੇ ਮੰਚ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਇੱਕ ਬਹੁਤ ਖੂਬਸੂਰਤ ਕਵਿਤਾ, 'ਔਰਤ' ਸੁਣਾ ਕੇ ਵਾਹ ਵਾਹ ਖੱਟੀ। ਇਸਤੋਂ ਬਾਅਦ ਮਨਿੰਦਰ ਕੌਰ ਬਸੀ (ਪ੍ਰਧਾਨ ਮਹਿਲਾ ਕਾਵਿ ਮੰਚ ਫਤਹਿਗੜ ਸਾਹਿਬ) ਨੇ ਆਪਣੀ ਕਵਿਤਾ 'ਨਾ ਤੁਝਸੇ ਦੂਰ ਹੂੰ' ਨਾਲ ਸਰੋਤਿਆਂ ਨੂੰ ਕੀਲਣ 'ਚ ਸਫ਼ਲਤਾ ਹਾਸਲ




ਕੀਤੀ। ਫਿਰ ਰਜਿੰਦਰ ਕੌਰ ਮਾਵੀ, ਦਮਨਪ੍ਰੀਤ ਕੌਰ, ਮਨਜੀਤ ਕੌਰ ਜੀਤ, ਜਸਵੀਰ ਕੌਰ ਭੱਲਮਾਜਰਾ, ਦੀਪ ਕੁਲਦੀਪ, ਕਵਿੱਤਰੀ ਕਮਲਗੀਤ ਸਰਹਿੰਦ ਨੇ ਆਪੋ-ਆਪਣੀਆਂ ਸ਼ਾਨਦਾਰ ਕਵਿਤਾਵਾਂ ਰਾਂਹੀਂ ਸਮਾਗਮ ਨੂੰ ਖੂਬ ਚਾਰ ਚੰਨ ਲਾਏ। ਲੇਖਿਕਾ ਜਸਪ੍ਰੀਤ ਕੌਰ ਜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਸਮਾਪਤੀ ਵੱਲ ਕਦਮ ਵਧਾਉਂਦਿਆਂ ਮੋਨਿਕਾ ਠਾਕੁਰ ਸਿਆ ਜੀ ਨੇ ਤਰਨੁੰਮ 'ਚ ਖੂਬਸੂਰਤ ਗ਼ਜ਼ਲ ਪੇਸ਼ ਕਰਦਿਆਂ ਚੰਗਾ ਪ੍ਰਭਾਵ ਛੱਡਿਆ। ਅੰਤ ਵਿੱਚ ਮਨਿੰਦਰ ਕੌਰ ਬਸੀ ਨੇ ਸ਼ਾਮਿਲ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਇਰਾਦੀਪ ਤਰੇਹਨ ਜੀ ਨੂੰ ਉਹਨਾਂ ਦੀ ਆਉਣ ਵਾਲੀ ਕਿਤਾਬ ਲਈ ਮੰਚ ਵੱਲੋਂ ਵਧਾਈ ਦਿੱਤੀ। ਕੁੱਲ ਮਿਲਾ ਕੇ ਇਹ ਕਾਵਿ ਮਿਲਣੀ ਖੂਬ ਪ੍ਰਭਾਵਸ਼ਾਲੀ ਹੋ ਨਿੱਬੜੀ।

# ਕੈਨੇਡਾ 'ਚ ਢਾਈ ਲੱਖ ਸਿੱਖ ਤੇ 2 ਲੱਖ ਹਿੰਦੂ ਜਮਾਂਦਰੂ ਪੱਕੇ

**ਕੈਨੇਡਾ–**ਸਟੈਟਿਸਟਿਕਸ ਕੈਨੇਡਾ ਵੱਲੋਂ 2021 ਜਨਗਣਨਾ ਦੇ ਜਾਰੀ ਅੰਕੜਿਆਂ ਮੁਤਾਬਕ ਕੈਨੇਡਾ ਵਿਚ ਕੁੱਲ੍ਹ ਸਾਢੇ 7 ਲੱਖ ਤੋਂ ਵੱਧ ਸਿੱਖਾਂ 'ਚੋਂ ਤਕਰੀਬਨ ਢਾਈ ਲੱਖ ਜਮਾਂਦਰੂ ਹੀ ਕੈਨੇਡਾ ਦੇ ਨਾਗਰਿਕ ਹਨ। ਇਸੇ ਤਰ੍ਹਾਂ ਸਵਾ 8 ਲੱਖ ਤੋਂ ਵੱਧ ਹਿੰਦੂਆਂ 'ਚੋਂ ਤਕਰੀਬਨ 2 ਲੱਖ ਕੈਨੇਡੀਅਨ ਨਾਗਰਿਕ ਹਨ। ਅੰਕੜਿਆਂ ਅਨੁਸਾਰ ਭਾਰਤ ਤੋਂ ਗਏ ਕੁੱਲ੍ਹ 7,71,790 ਸਿੱਖ ਅਤੇ 8,28,195 ਹਿੰਦੂ ਉੱਥੇ ਰਹੇ ਰਹੇ ਹਨ। ਇਨ੍ਹਾਂ 'ਚੋਂ 2,36,400 ਸਿੱਖ ਅਤੇ 1,90,235 ਹਿੰਦੂ ਜਮਾਂਦਰੂ ਹੀ ਕੈਨੇਡੀਅਨ ਨਾਗਰਿਕ ਹਨ। ਭਾਰਤ 'ਚੋਂ ਗਏ 4,15,465 ਸਿੱਖ ਅਤੇ 5,20,795 ਹਿੰਦੂ ਇੱਥੋਂ ਜਾ ਕੇ ਕੈਨੇਡਾ ਦੀ ਨਾ-ਗਰਿਤਾ ਲੈ ਚੁੱਕੇ ਹਨ। ਉੱਥੇ ਹੀ 1,19,925 ਭਾਰਤੀ ਸਿੱਖ ਅਤੇ 1,08,790 ਭਾਰਤੀ ਹਿੰਦੂ ਕੈਨੇਡਾ ਵਿਚ ਕੱਚੇ ਹਨ।



ਕੈਨੇਡਾ ਦੇ ਪੱਕੇ ਵਸਨੀਕ ਬਣ ਚੁੱਕੇ 5,17 ਲੱਖ ਭਾਰਤੀ ਮੂਲ ਦੇ ਸਿੱਖਾਂ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਪੈਦਾ ਹੋਏ ਸਿੱਖਾਂ ਨੇ ਵੀ ਕੈਨੇਡਾ ਵਿਚ ਨਿਵਾਸ ਲਿਆ ਹੈ। ਇਨ੍ਹਾਂ ਵਿਚ ਇੰਗਲੈਂਡ ਤੋਂ 7,160, ਪਾਕਿਸਤਾਨ ਤੋਂ 1,535, ਕੀਨੀਆ ਤੋਂ 1,530, ਇਟਲੀ ਤੋਂ 1,315, ਮਲੇਸ਼ੀਆ ਤੋਂ 990 ਅਤੇ ਅਫਗਾਨਿਸਤਾਨ ਤੋਂ ਹੋਰ ਦੇਸ਼ਾਂ ਦੇ ਨਾਲ 240 ਸ਼ਾਮਲ ਹਨ। ਇਸੇ ਤਰ੍ਹਾਂ ਕੈਨੇਡੀਅਨ ਨਾਗਰਿਕਤਾ ਵਾਲੇ 5,20 ਲੱਖ ਹਿੰਦੂ ਨਾਗਰਿਕਾਂ 'ਚੋਂ 4,46 ਲੱਖ ਨਾਗਰਿਕ ਭਾਰਤ, 84,410 ਸ਼੍ਰੀਲੰਕਾ, 27,715 ਗੁਯਾਨਾ, 14,125 ਨੇਪਾਲ, 14,070 ਫਿਜ਼ੀ, 11,140 ਟ੍ਰਿਨਿਡੈਡ ਐਂਡ ਟੋਬਾਗੋ, 6140 ਬੰਗਲਾਦੇਸ਼, 5385 ਯੂ ਐੱਸ ਏ ਤੇ 5600 ਮੋਰੀਸ਼ੀਅਸ ਦੇ ਸ਼ਾਮਲ ਹਨ। ਸਾਲ 2011 ਤੋਂ 2021 ਤਕ ਭਾਰਤ ਦੇ 1।4 ਲੱਖ ਤੋਂ ਵੱਧ ਸਿੱਖ ਅਤੇ 1,81 ਲੱਖ ਤੋਂ ਵੱਧ ਹਿੰਦੂਆਂ ਨੂੰ ਕੈਨੇਡੀਅਨ ਨਾਗਰਿਕਤਾ ਮਿਲੀ ਹੈ। ਕੈਨੇਡਾ 'ਚ ਪੈਦਾ ਹੋਏ ਸਿੱਖਾਂ 'ਚੋਂ 370 ਸਿੱਖ 75 ਸਾਲ ਤੋਂ ਉੱਪਰ ਹਨ ਜਦਕਿ 540 ਸਿੱਖ 65-74 ਸਾਲ ਦੀ ਉਮਰ ਦੇ ਹਨ।

# ਇਨਸਾਫ਼ ਨਾ ਮਿਲਿਆ ਤਾਂ ਕੇਸ ਵਾਪਸ ਲੈ ਕੇ ਛੱਡਾਂਗਾ ਦੇਸ਼, ਮੂਸੇਵਾਲਾ ਦੇ ਪਿਤਾ

**ਮਾਨਸਾ–**ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲਕਾਂਡ ਨੂੰ 5 ਮਹੀਨਿਆਂ ਦਾ ਸਮਾਂ ਬੀਤ ਚੁੱਕਿਆ ਹੈ ਪਰ ਪਰਿਵਾਰ ਨੂੰ ਹੁਣ ਤੱਕ ਵੀ ਇਨਸਾਫ਼ ਨਹੀਂ ਮਿਲਿਆ। ਇਸ ਸਬੰਧੀ ਗੱਲ ਕਰਦਿਆਂ ਅੱਜ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸਰਕਾਰ ਅਤੇ ਸਿਮਟਮ 'ਤੇ ਵੱਡਾ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉਸ ਨੇ ਦੇਸ਼ ਦੀ ਸੇਵਾ ਕੀਤਾ ਹੈ ਅਤੇ ਉਹ ਸੇਵਾਮੁਕਤ ਫੌਜੀ ਹਨ। ਉਨ੍ਹਾਂ ਵੱਲੋਂ ਲਗਾਤਾਰ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ ਪਰ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਸਿੱਧੂ ਦੇ ਪਿਤਾ ਨੇ ਸਰਕਾਰ ਨੂੰ ਇਕ ਮਹੀਨੇ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਮੈਂ ਡੀ। ਜੀ। ਪੀ। ਨੂੰ ਮਿਲਣ ਦਾ ਸਮਾਂ ਮੰਗਿਆ ਹੈ ਅਤੇ 25 ਨਵੰਬਰ ਤੱਕ ਇੰਤਜ਼ਾਰ ਕਰਾਂਗਾ। ਉਸ ਤੋਂ ਬਾਅਦ ਜੇਕਰ ਸਾਨੂੰ ਇਨਸਾਫ਼ ਨਹੀਂ ਮਿਲਦਾ ਤਾਂ ਅਸੀਂ ਦੇਸ਼ ਛੱਡ ਕੇ ਚੱਲ ਜਾਵਾਂਗੇ ਅਤੇ ਕਤਲ ਦੀ ਐਫ ਆਈ ਆਰ ਵੀ ਵਾਪਸ ਲੈ ਲੈਣਗੇ। ਇਸ ਤੋਂ ਇਲਾਵਾ ਉਨ੍ਹਾਂ ਪੁਲਸ ਸੁਰੱਖਿਆ ਛੱਡਣ ਦੀ ਵੀ ਗੱਲ ਆਖੀ ਹੈ। ਪੰਜਾਬ ਦਾ ਮਾਹੌਲ ਅਜਿਹਾ ਹੋ ਗਿਆ ਹੈ ਕਿ ਗੈਂਗਸਟਰ ਫਿਰੌਤੀ ਮੰਗ ਰਹੇ ਹਨ, 5 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਇਨਸਾਫ਼ ਨਹੀਂ ਮਿਲ ਰਿਹਾ ਅਤੇ



ਹੁਣ ਤਾਂ ਐਨ ਆਈ ਏ ਕੁੜੀਆਂ ਨੂੰ ਵੀ ਤੰਗ ਕਰਨ ਲੱਗ ਗਈ ਹੈ।ਪਿਤਾ ਬਲਕੌਰ ਨੇ ਕਿਹਾ ਕਿ ਸਰਕਾਰ ਨੂੰ ਇੰਨਾ ਸਮਾਂ ਦੇ ਦਿੱਤਾ ਗਿਆ ਹੈ ਪਰ ਇਨਸਾਫ਼ ਨਾ ਦੇ ਕੇ ਉਸਦਾ ਨਾਜਾਇਜ਼ ਫਾਇਦਾ ਚੁੱਕਿਆ ਜਾ ਰਿਹਾ ਹੈ। ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਇਸ ਮਾਮਲੇ ਦੀ ਜਾਂਚ 'ਵਿਚ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਹੈ ਪਰ ਅੱਜ ਸਰਕਾਰ ਦੇ ਸਿਮਟਮ ਖ਼ਰਾਬ ਹੋਣ ਕਾਰਨ ਪੰਜਾਬ ਦੇ ਨੌਜਵਾਨ ਲਗਾਤਾਰ ਵਿਦੇਸ਼ ਵੱਲ੍ਹ ਭੱਜ ਰਹੇ ਹਨ ਅਤੇ ਉਨ੍ਹਾਂ ਦੇ ਪੁੱਤਰ ਦਾ ਕਤਲ ਕਰ ਦਿੱਤਾ ਗਿਆ ਪਰ ਹੁਣ ਤੱਕ ਵੀ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਿੱਧੂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਗਾਇਕ ਜੈਨੀ ਜੌਹਲ ਨੂੰ ਵੀ ਨੋਟਿਸ ਭੇਜਿਆ ਗਿਆ ਹੈ। ਜੇਕਰ ਐਨ। ਆਈ ਏ ਜਾਂ ਸਰਕਾਰ ਕੋਈ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਉਹ ਸਾਨੂੰ ਪੁੱਛਣ, ਅਸੀਂ ਸਿੱਧੂ ਬਾਰੇ ਸਭ ਕੁਝ ਦੱਸਾਂਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਿੱਧੂ ਨਾਲ ਸਬੰਧਿਤ ਹਰ ਚੀਜ਼ ਜਿਵੇਂ ਕੀ ਮੋਬਾਇਲ, ਪਿਸਤੌਲ ਅਤੇ ਕਾਰ ਪੁਲਸ ਦੇ ਕਬਜ਼ੇ ਵਿਚ ਹਨ। ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕੋਈ ਪਰਵਾਹ ਨਹੀਂ ਕਿ ਕਿਸੇ ਦੇ ਪੁੱਤ ਦਾ ਕਤਲ ਹੋਇਆ ਹੈ, ਉਨ੍ਹਾਂ ਨੂੰ ਸਿਰਫ਼ ਚੋਣਾਂ ਦੀ ਫਿਕਰ ਹੈ। ਪਿਤਾ ਬਲਕੌਰ ਨੇ ਕਿਹਾ ਕਿ ਸਿੱਧੂ ਦੇ ਕਤਲ ਨਾਲ ਸਬੰਧਿਤ ਜੋ ਲੋਕ ਹਨ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਇਸ ਦੀ ਜਾਂਚ ਹੋਣੀ ਚਾਹੀਦੀ ਹੈ।

# ਹਰਨੇਕ ਸਿੰਘ ਦੀ ਕਥਾ ਪੁਸਤਕ "ਇਕੋ ਰੈਂਕ" ਸਮੇਤ ਸੱਤ ਕਿਤਾਬਾਂ ਲੋਕ ਅਰਪਣ





ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਭਾਸ਼ਾ ਮੰਚ ਅਤੇ ਵਰਲਡ ਲਿਟਰੇਰੀ ਫੋਰਮ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਮਾਲੇਰਕੋਟਲਾ ਵਿੱਚ ਸੱਤ ਕਿਤਾਬਾਂ ਦਾ ਲੋਕ ਅਰਪਣ ,ਵਿਚਾਰ ਚਰਚਾ ਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਹਨਾਂ ਕਿਤਾਬਾਂ ਵਿੱਚ ਨਾਵਲਕਾਰ ਹਰਜੀਤ ਕੌਰ ਵਿਰਕ ਦਾ ਚੌਥਾ ਨਾਵਲ "ਬਚੇ ਸ਼ਰਨ ਜੁ ਹੋਇ", ਨਾਵਲਕਾਰ ਡਾ ਕਰਨੈਲ ਸ਼ੇਰਗਿੱਲ ਦਾ ਨਾਵਲ "ਲਾਕਡਾਊਨ ਅਲਫਾ", ਕਹਾਣੀਕਾਰ ਹਰਨੇਕ ਸਿੰਘ ਦੀ ਮਿੰਨੀ ਕਹਾਣੀ ਪੁਸਤਕ "ਇਕੋ ਰੈਂਕ", ਖੋਜਾਰਥੀ ਆਲੋਚਕ ਵੀਰ ਕੌਰ ਦੀਆਂ ਦੋ ਪੁਸਤਕਾਂ "ਪੰਜਾਬੀ ਗਲਪਕਾਰ ਸਮੀਖਿਆ ਤੇ ਸੰਵਾਦ "ਅਤੇ" ਹਰਜੀਤ ਕੌਰ ਵਿਰਕ ਦੀ ਨਾਵਲ ਦ੍ਰਿਸ਼ਟੀ" ਅਤੇ ਜਸਵੀਰ ਰਾਣਾ ਦਾ ਨਾਵਲ "ਇੱਥੋਂ ਰੇਗਿਸਤਾਨ ਦਿਸਦਾ ਹੈ" (ਚੌਥਾ ਐਡੀਸ਼ਨ) ਤੇ ਜਸਵੀਰ ਰਾਣਾ ਦੀਆਂ ਚੋਣਵੀਆਂ ਕਹਾਣੀਆਂ (ਦੂਜਾ ਐਡੀਸ਼ਨ) ਸੰਪਾਦਕ ਪ੍ਰੋ ਸੁਖਵਿੰਦਰ ਸ਼ਾਮਿਲ ਸਨ। ਇਸ ਸਮਾਗਮ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਡਾ ਜਰਨੈਲ ਸਿੰਘ ਧਾਲੀਵਾਲ ਅਤੇ ਪੰਜਾਬੀ ਦੇ ਨਾਮਵਰ ਆਲੋਚਕ ਡਾ ਧਰਮ ਚੰਦ ਵਾਤਿਸ਼ ਨੇ ਕੀਤੀ। ਸਮਾਗਮ ਦਾ ਆਗਾਜ਼ ਪ੍ਰੋ ਅਰਵਿੰਦ ਸੋਹੀ ਨੇ ਸਾਹਿਤ ਸਿਰਜਣਾ ਦੀ ਭੂਮਿਕਾ ਬੰਨ੍ਹ ਕੇ ਕੀਤਾ। ਸ਼ਹਿਨਾਜ ਭਾਰਤੀ ਨੇ ਇਕ ਖ਼ੂਬਸੂਰਤ ਗੀਤ ਰਾਹੀਂ ਇਸ ਆਗਾਜ਼ ਨੂੰ ਵਿਸਥਾਰ ਦਿੱਤਾ। ਇਸ ਤੋਂ ਬਾਅਦ ਸੱਤ ਕਿਤਾਬਾਂ ਦਾ ਲੋਕ ਅਰਪਣ ਕੀਤਾ ਗਿਆ। ਹਰਜੀਤ ਕੌਰ ਵਿਰਕ ਦਾ ਨਾਵਲ ਸਿੱਖ ਇਤਿਹਾਸ ਦੀ ਜਾਬਾਂਜ ਪਾਤਰ ਸ਼ਰਨ ਕੌਰ ਦੀ ਜਿੰਦਗੀ ਅਤੇ ਯੁੱਧ ਦੇ ਮੈਦਾਨ ਵਿੱਚ ਡਿੱਗੀਆਂ ਲਾਸ਼ਾਂ ਦੇ ਸਸਕਾਰ ਦੀ ਗੌਰਵਮਈ ਗਾਥਾ ਨੂੰ ਸਮਕਾਲ ਨਾਲ ਜੋੜ ਕੇ ਪੇਸ਼ ਕਰਦਾ ਹੈ। ਡਾ ਕਰਨੈਲ ਸ਼ੇਰਗਿੱਲ ਦਾ ਨਾਵਲ ਕਰੋਨਾ ਯੁੱਗ ਵਿੱਚ ਰਿਸ਼ਤਿਆਂ ਦੀ ਕੈਮਿਸਟਰੀ ਤੇ ਰਿਸ਼ਤਿਆਂ ਦੇ ਲਾਕਡਾਊਨ ਦੀਆਂ ਪਰਤਾਂ ਉਘਾੜਦਾ ਹੈ। ਹਰਨੇਕ ਸਿੰਘ ਦੀਆਂ ਕਹਾਣੀਆਂ ਪਰਦੇਸ ਵਿੱਚ ਗਏ ਪੰਜਾਬੀ ਬੰਦੇ ਦੀ ਸਥਿਤੀ ਤੇ ਸੰਕਟ ਨੂੰ ਬਿਆਨ ਕਰਦੀਆਂ ਹਨ। ਵੀਰ ਦੀਆਂ ਦੋ ਕਿਤਾਬਾਂ ਨਾਵਲਕਾਰਾਂ ਨਾਲ ਮੁਲਾਕਾਤਾਂ ਤੋਂ ਲੈ ਕੇ ਹਰਜੀਤ ਕੌਰ ਵਿਰਕ ਦੀ ਨਾਵਲ ਦ੍ਰਿਸ਼ਟੀ ਨਾਲ ਸੰਵਾਦ ਰਚਾਉਂਦੀਆਂ ਹਨ। ਜਸਵੀਰ ਰਾਣਾ ਦਾ ਨਾਵਲ ਹਵਾ ਪਾਣੀ ਰੁੱਖ ਤੇ ਧਰਤੀ ਦੇ ਵਾਤਾਵਰਨੀ ਸੰਕਟ ਤੋਂ ਲੈ ਕੇ ਪੰਜਾਬੀ ਭਾਸ਼ਾ ਦੇ ਸੰਕਟ ਨਾਲ ਸੰਵਾਦ ਰਚਾਉਂਦਾ ਹੈ। ਪ੍ਰੋ ਸੁਖਵਿੰਦਰ ਸੁੱਖੀ ਵੱਲੋਂ ਸੰਪਾਦਿਤ ਉਸ ਦੀਆਂ ਕਹਾਣੀਆਂ ਦੀ ਕਿਤਾਬ ਪੰਜਾਬੀ ਕਹਾਣੀ ਦਾ ਹਾਸਿਲ ਹੈ। ਇਹ ਵਿਚਾਰ ਪੇਸ਼ ਕਰਨ ਵਾਲੇ ਵਿਦਵਾਨ ਲੇਖਕਾਂ ਵਿੱਚ ਅੱਖਰ ਮੈਗਜ਼ੀਨ ਦੇ ਸੰਪਾਦਕ ਸ਼ਾਇਰ ਵਿਸ਼ਾਲ, ਮੈਗਜ਼ੀਨ ਦੇ ਸਰਪ੍ਰਸਤ ਡਾ ਬਿਕਰਮਜੀਤ, ਦੀਪ ਜਗਦੀਪ, ਡਾ ਪੁਸ਼ਵਿੰਦਰ ਕੌਰ ਖੋਖਰ, ਡਾ ਗੁਰਮੀਤ ਕੌਰ, ਡਾ ਜਰਨੈਲ ਸਿੰਘ, ਡਾ ਸ਼ਕੀਲ, ਡਾ ਧਰਮ ਚੰਦ ਵਾਤਿਸ਼ , ਡਾ ਸ਼ਫੀਕ ਮੁਹੰਮਦ, ਡਾ ਮੁਹੰਮਦ ਅਸ਼ਰਫ, ਮਲਕੀਤ ਸਿੰਘ ਬਿਲਿੰਗ, ਜਾਸੂਸੀ ਨਾਵਲਕਾਰ ਬਲਦੇਵ ਸਿੰਘ ਭਾਕਰ, ਗੁਰਦੀਪ ਸਿੰਘ ਬੁੱਕ ਹਾਈਵੇਅ, ਕਿਸਾਨ ਕਵੀ ਕੰਵਰ, ਮਾਸਟਰ ਲਖਵਿੰਦਰ ਸਿੰਘ, ਬਲਰਾਜ ਸਿੰਘ ਅਹਿਮਦਗੜ੍ਹ, ਪ੍ਰੋ ਅਰਵਿੰਦ ਸੋਹੀ ਤੇ ਸ਼ਾਇਰਾ ਰਣਜੀਤ ਸਵੀ ਸ਼ਾਮਿਲ ਸਨ। ਵਿਦਿਆਰਥੀਆਂ ਦੇ ਖਚਾਖਚ ਭਰੇ ਹਾਲ ਵਿੱਚ ਭਾਸ਼ਾ ਮੰਚ ਅਤੇ ਲਿਟਰੇਰੀ ਫੋਰਮ ਦੇ ਸਟਾਫ ਮੈਬਰਾਂ ਦੀ ਹਾਜਰੀ ਖ਼ੂਬਸੂਰਤ ਰਹੀ। ਹਾਜਰ ਵਿਦਵਾਨ ਲੇਖਕਾਂ ਨੂੰ ਸਨਮਾਨਿਤ ਕਰਨ ਤੋਂ ਬਾਅਦ ਇਸ ਸਮਾਗਮ ਵਿੱਚ ਚਿੱਤਰਕਾਰ ਗਗਨ ਵਿਰਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕ੍ਰਿਸ਼ਨਾ ਕਾਲੋਨੀ ਮਾਲੇਰਕੋਟਲਾ ਤੋਂ ਆਈ ਪ੍ਰੀਤੀ ਮਨਚੰਦਾ ਨੇ ਸਮੁੱਚੇ ਸਮਾਗਮ ਦੀ ਆਪਣੇ ਯੂ ਟਿਊਬ ਚੈਨਲ ਲਈ ਵੀਡੀਓ ਸ਼ੂਟ ਕੀਤੀ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਕਹਾਣੀਕਾਰ ਜਸਵੀਰ ਰਾਣਾ ਵੱਲੋਂ ਦਿਲਕਸ਼ ਅੰਦਾਜ਼ ਵਿੱਚ ਕੀਤਾ ਗਿਆ।

# ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਕੇਜਰੀਵਾਲ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ ਅਰਵਿੰਦ ਕੇਜਰੀਵਾਲ ਵੱਲੋਂ ਨੋਟਾਂ ਉਤੇ ਮਾਤਾ ਲਕਸ਼ਮੀ ਅਤੇ ਸ੍ਰੀ ਗਣੇਸ਼ ਦੀ ਫੋਟਾ ਲਗਾਉਣ ਸਬੰਧੀ ਲਿਖੀ ਚਿੱਠੀ ਨੂੰ ਲੈ ਕੇ ਆਮ ਆਦਮੀ ਪਾਰਟੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਕੇਜਰੀਵਾਲ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਜਿਸ ਸੂਬੇ ਵਿੱਚ ਚੋਣਾਂ ਹੋਣ ਉਥੇ ਜਾ ਕੇ ਗਿਰਗਿਟ ਵਾਂਗ ਰੰਗ ਬਦਲਦੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਾ ਕੋਈ ਵੀ ਦੀਨ ਇਮਾਨ ਨਹੀਂ ਜਿਹੜੇ ਇਕ ਗੱਲ ਉਤੇ ਪੱਕੇ ਹੋਣ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਚੋਣਾਂ ਜਿੱਤਣ ਦੇ ਲਾਲਚ ਵਿੱਚ ਆਪਣਾ ਸਭ ਦੀਨ ਧਰਮ ਛੱਡ ਕੇ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ 2017 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਖਾਲਿਸਤਾਨੀਆਂ ਦੇ ਘਰ ਗਏ, ਪ੍ਰੰਤੂ ਉਥੇ ਜਦੋਂ ਗੱਲ ਨਾ ਬਣੀ ਤਾਂ 2022 ਦੀਆਂ ਚੋਣਾਂ ਵਿੱਚ ਡਾ। ਅੰਬਦਕਾਰ ਅਤੇ ਸ਼ਹੀਦ ਭਗਤ ਸਿੰਘ ਦਾ ਨਾਮ ਵਰਤਿਆ, ਪ੍ਰੰਤੂ ਕੰਮ ਉਨ੍ਹਾਂ ਦੇ ਸੋਚ ਦੇ ਉਲਟ ਕੀਤੇ ਜਾ ਰਹੇ ਹਨ। ਡਾ। ਅੰਬੇਦਕਾਰ ਦੇ ਨਾਮ ਉਤੇ ਚੋਣਾਂ ਮੰਗਣ ਵਾਲੀ 'ਆਪ' ਦਲਿਤਾਂ ਲਈ ਡਾ ਅੰਬੇਦਕਾਰ ਵੱਲੋਂ ਸੰਵਿਧਾਨ ਵਿੱਚ ਦਿੱਤਾ ਰਾਖਵਾਂਕਰਨ ਖਤਮ ਕਰਨ ਦੀਆਂ ਚਾਲਾਂ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਗੁਜਰਾਤ ਦੀਆਂ ਚੋਣਾਂ ਜਿੱਤਣ ਦੇ ਲਈ ਭਾਜਪਾ ਦੇ ਵਾਂਗ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਧਰਮ ਨਿਰਪੱਖ ਦੇਸ਼ ਵਿੱਚ ਇਕ ਫਿਰਕੇ ਨਾਲ ਸਬੰਧਤ ਦੇਵੀ ਦੇਵਤਿਆਂ ਦੀ ਫੋਟੋ ਲਾਉਣਾ ਜਾਇਜ਼ ਨਹੀਂ ਹੋਵੇਗੀ। ਦੇਸ਼ ਵਿੱਚ ਸਭ ਧਰਮ ਦੇ ਲੋਕ ਰਹਿੰਦੇ ਹਨ। ਉਨ੍ਹਾਂ ਸਮੂਹ ਪੰਜਾਬ ਵਾਸੀਆਂ ਤੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੇਜਰੀਵਾਲ ਦੀ ਘਟੀਆ ਰਾਜਨੀਤੀ ਤੋਂ ਚੌਕਸ ਰਹਿਣ, ਕਿਉਂ ਸੱਤਾ ਦੇ ਲਾਲਚ ਵਿੱਚ ਉਹ ਕੁਝ ਵੀ ਕਰ ਸਕਦੇ ਹਨ।



# ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਲੈ ਕੇ ਭਾਜਪਾ ਨੇ 'ਆਪ' ਸਰਕਾਰ ਨੂੰ ਘੇਰਿਆ

**ਚੰਡੀਗੜ੍ਹ, 1 ਨਵੰਬਰ–** ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਸੂਬੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹਿਣ ਲਈ ਨਿੰਦਾ ਕੀਤੀ ਹੈ, ਜਿਸ ਕਾਰਨ ਹਵਾ ਪ੍ਰਦੂਸ਼ਣ ਫੈਲ ਰਿਹਾ ਹੈ।

ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਭਾਜਪਾ ਦੇ ਸੂਬਾ ਜਨਰਲ ਸਕੱਤਰ ਡਾ ਸੁਭਾਸ਼ ਸ਼ਰਮਾ ਨੇ ਕਿਹਾ ਕਿ ਪਿਛਲੇ ਤਜਰਬੇ ਤੋਂ ਲੱਗਦਾ ਹੈ ਕਿ ਆਖ਼ਰੀ 15 ਦਿਨਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵਾਧਾ ਹੋਵੇਗਾ। ਇਸਦਾ ਮਤਲਬ ਹੈ ਕਿ ਸਥਿਤੀ ਹੋਰ ਵਿਗੜਨ ਦਾ ਖਦਸ਼ਾ ਹੈ, ਜਦੋਂ ਕਿ ਸਰਕਾਰ ਇਸ ਬਾਰੇ ਚਿੰਤਤ ਨਹੀਂ ਹੈ।




ਭਾਜਪਾ ਆਗੂ ਨੇ ਕਿਹਾ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਕੁੱਲ ਖਰਚੇ ਦਾ 47 ਫੀਸਦੀ ਦਿੱਤਾ ਜਾ ਰਿਹਾ ਹੈ ਅਤੇ ਪੰਜਾਬ ਇਸ ਮਾਮਲੇ ਵਿੱਚ ਪਛੜ ਗਿਆ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਕੇਂਦਰ ਸਰਕਾਰ ਨੇ ਪਿਛਲੇ 3 ਸਾਲਾਂ ਦੌਰਾਨ ਪੰਜਾਬ ਨੂੰ 1143 ਕਰੋੜ ਰੁਪਏ ਦਿੱਤੇ ਹਨ, ਪਰ ਫਿਰ ਵੀ ਸੂਬੇ ਨੇ ਹਰਿਆਣਾ ਦੇ ਮੁਕਾਬਲੇ ਕੋਈ ਤਰੱਕੀ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਤੋਂ ਰੋਕਣ ਲਈ 1,20,000 ਮਸ਼ੀਨਾਂ ਖਰੀਦੀਆਂ ਗਈਆਂ ਸਨ, ਜਿਨ੍ਹਾਂ ਦੀ ਵਰਤੋਂ ਨਹੀਂ ਕੀਤੀ ਗਈ। ਇਸ ਤੋਂ ਸੂਬਾ ਸਰਕਾਰ ਦੀ ਲਾਪਰਵਾਹੀ ਹੀ ਸਾਹਮਣੇ ਆਉਂਦੀ ਹੈ, ਜਿਸਨੂੰ ਪੰਜਾਬ ਵਿੱਚ ਲੋਕਾਂ ਦਾ ਦਮ ਘੁੱਟਣ ਦੀ ਗੰਭੀਰ ਸਮੱਸਿਆ ਦੀ ਕੋਈ ਚਿੰਤਾ ਨਹੀਂ ਹੈ।

ਡਾ। ਸ਼ਰਮਾ ਨੇ ਭਗਵੰਤ ਮਾਨ ਨੂੰ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਦੇ ਹੱਥਾਂ 'ਚ ਖੇਡਣਾ ਬੰਦ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਮੰਤਰੀ ਬਿਨਾਂ ਸੋਚੇ-ਸਮਝੇ ਗੁਜਰਾਤ ਵਿੱਚ ਸਮਾਂ ਬਰਬਾਦ ਕਰ ਰਹੇ ਹਨ, ਜਿੱਥੇ ਉਨ੍ਹਾਂ ਨੂੰ ਇੱਕ ਵੀ ਸੀਟ ਨਹੀਂ ਮਿਲਣੀ।

ਬਿਹਤਰ ਹੋਵੇਗਾ ਜੇਕਰ ਉਹ ਆਪਣੇ ਸੂਬੇ 'ਤੇ ਧਿਆਨ ਦੇਣ, ਜਿਸਦੇ ਲੋਕਾਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਇਆ ਹੈ। ਲੋਕਾਂ ਨੇ ਤੁਹਾਨੂੰ ਗੁਜਰਾਤ ਵਿੱਚ ਘੁੰਮਣ ਲਈ ਮੁੱਖ ਮੰਤਰੀ ਨਹੀਂ ਬਣਾਇਆ। ਭਾਜਪਾ ਆਗੂ ਨੇ ਕਿਹਾ ਕਿ 'ਆਪ' ਝੂਠ ਦੇ ਪ੍ਰਚਾਰ 'ਤੇ ਚੱਲ ਰਹੀ ਹੈ। ਉਨ੍ਹਾਂ 'ਆਪ' ਸਰਕਾਰ ਨੂੰ ਕਿਹਾ ਕਿ ਹੁਣ ਤੱਕ ਤੁਸੀਂ ਦੂਜਿਆਂ 'ਤੇ ਦੋਸ਼ ਲਗਾਉਂਦੇ ਰਹੇ ਹੋ, ਪਰ ਹੁਣ ਜ਼ੁੰਮੇਵਾਰੀ ਲੈਣ ਦਾ ਸਮਾਂ ਆ ਗਿਆ ਹੈ ਕਿਉਂਕਿ ਤੁਹਾਡੇ ਕੋਲ ਦੋਸ਼ ਲਗਾਉਣ ਲਈ ਕੋਈ ਹੋਰ ਨਹੀਂ ਹੈ। ਇਹ ਕੰਮ ਕਰਨ ਦਾ ਸਮਾਂ ਹੈ, ਕਿਤੇ ਜ਼ਿਆਦਾ ਦੇਰੀ ਨਾ ਹੋ ਜਾਵੇ, ਕਿਉਂਕਿ ਸੂਬੇ ਦੇ ਲੋਕਾਂ ਦਾ ਦਮ ਘੁੱਟ ਰਿਹਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਜੀ ਗੁਜਰਾਤ ਦਾ ਸੁਪਨਾ ਛੱਡੋ, ਪੰਜਾਬ ਸੰਭਾਲੋ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ, 29 ਅਕਤੂਬਰ (ਵਿਵੇਕ ਭਾਟੀਆ)**: ਬਹੁਜਨ ਸਮਾਜ ਪਾਰਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਿਸ਼ਾਨੇ ਬਣਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਰੱਬ ਆਸਰੇ ਛੱਡਦੇ ਹੋਏ ਖੁਦ ਕੇਜਰੀਵਾਲ ਦੇ ਹੁਕਮਾਂ ਉਤੇ ਗੁਜਰਾਤ ਵਿੱਚ ਘੁੰਮ ਰਹੇ ਹਨ। ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਲਾਲ ਐਂਡ ਆਰਡਰ ਦੀ ਸਥਿਤੀ ਦਿਨੋਂ ਦਿਨ ਖਰਾਬ ਹੋ ਰਹੀ ਹੈ। ਮੁੱਖ ਮੰਤਰੀ ਦੇ ਚੋਣਾਂ ਵਾਲੇ ਸੂਬਿਆਂ ਵਿੱਚ ਰੁਝੇ ਹੋਏ ਕਾਰਨ ਪੰਜਾਬ ਦੇ ਕਈ ਫੈਸਲੇ ਅਟਕ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਸਬੰਧੀ ਸਰਕਾਰ ਅਤੇ ਰਾਜਪਾਲ ਵਿਚਾਲੇ ਚੱਲ ਰਹੀ ਖਿੱਚੋਤਾਣ ਕਾਰਨ ਯੂਨੀਵਰਸਿਟੀਆਂ ਦੇ ਕੰਮ ਪ੍ਰਭਾਵਿਤ ਹੋ ਰਹੇ ਹਨ। ਸ੍ਰ। ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ 'ਆਪ' ਸੁਪਰੀਮੋ ਦੀ ਉਂਗਲ ਉਤੇ ਚੜ੍ਹ ਗੁਜਰਾਤ 'ਚ ਨਾਚ ਕਰਨਾ ਬੰਦ ਕਰਕੇ ਪੰਜਾਬ ਨੂੰ ਸੰਭਾਲਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਮ ਆਦਮੀ ਪਾਰਟੀ ਦੀ ਦਿੱਲੀ ਟੀਮ ਪਿੱਛੇ ਲੱਗ ਕੇ ਪੰਜਾਬ ਵਿੱਚ ਹੋ ਰਹੇ ਨੁਕਸਾਨ ਅੱਖੋ ਪਰੋਖੇ ਕਰ ਰਹੇ ਹਨ। ਉਨ੍ਹਾਂ ਪੰਜਾਬ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਨੂੰ ਬਚਾਉਣ ਲਈ ਇਕ ਜੁੱਟ ਹੋਣ।

# 'ਸਪੈਸ਼ਲ ਕੈਡਰ' 'ਚ ਰਾਖਵਾਂਕਰਨ ਖਤਮ ਕਰਨ ਨਾਲ 'ਆਪ ਸਰਕਾਰ' ਦਾ ਦਲਿਤ ਪਿਛੜਾ ਵਿਰੋਧੀ ਚੇਹਰਾ ਸਾਹਮਣੇ ਆਇਆ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਲਈ ਤਿਆਰ ਕੀਤੇ ਗਏ ਸਪੈਸ਼ਲ ਕੈਡਰ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਖਤਮ ਕਰਨ ਦੀ ਬਹੁਜਨ ਸਮਾਜ ਪਾਰਟੀ ਨੇ ਸਖਤ ਨਿਖੇਧੀ ਕੀਤੀ ਹੈ। ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚੇਹਰਾ ਸਾਹਮਣੇ ਆ ਚੁੱਕਿਆ ਹੈ ਜਦੋਂਕਿ ਦਲਿਤ ਪਿਛੜੇ ਵਰਗਾਂ ਦੇ ਹੱਕਾਂ ਤੇ ਡਾਕਾ ਮਾਰ ਰਿਹਾ ਸ਼੍ਰੀ ਅਰਵਿੰਦ ਕੇਜਰੀਵਾਲ ਕਰੰਸੀ ਤੇ ਲੱਛਮੀ ਤੇ ਗਣੇਸ਼ ਦੀ ਫੋਟੋ ਲਾਗੂ ਕਰਵਾਉਣ ਲਈ ਵਿਅਸਤ ਹਨ, ਜਦੋਂਕਿ ਬਾਬਾ ਸਾਹਿਬ ਅੰਬੇਡਕਰ ਜੀ ਦਾ ਦਲਿਤ ਤੇ ਪਿਛੜੇ ਵਰਗਾਂ ਨੂੰ ਦਿੱਤਾ ਰਾਖਵਾਂਕਰਨ ਰੱਦ ਕਰਕੇ ਬਾਬਾ ਸਾਹਿਬ ਅੰਬੇਡਕਰ ਵਿਰੋਧੀ ਵਿਚਾਰਧਾਰਾ ਤੇ ਚੱਲਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ 7 ਮਹੀਨਿਆਂ ਦੇ ਕਾਰਜਕਾਲ ਵਿੱਚ ਦੂਜੀ ਵਾਰ ਰਾਖਵਾਂਕਰਨ ਉਤੇ ਹਮਲਾ ਬੋਲਿਆ ਗਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਸਪੈਸ਼ਲ ਕੈਡਰ ਦੀ ਲਿਆਂਦੀ ਗਈ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਸਰਕਾਰ ਨੇ ਜਾਣਬੁੱਝ ਕੇ ਖਤਮ ਕਰਕੇ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਵੱਖ ਵੱਖ ਕੈਟਾਗਿਰੀਆਂ ਦੇ ਅਧਿਕਾਰਾਂ ਵੱਡਾ ਹਮਲਾ ਕੀਤਾ ਹੈ। ਸ ਗੜ੍ਹੀ ਨੇ ਕਿਹਾ ਕਿ 'ਆਪ' ਸਰਕਾਰ ਨੇ ਪਹਿਲਾਂ ਐਡਵੋਕੈਟ ਜਨਰਲ ਦੇ ਦਫ਼ਤਰ ਵਿਚੋਂ ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਨੂੰ ਨਜ਼ਰਅੰਦਾਜ਼ ਕੀਤਾ, ਹੁਣ ਸੰਵਿਧਾਨ ਦੇ ਬਿਲਕੁਲ ਉਲਟ ਜਾਕੇ ਸਪੈਸ਼ਲ ਕੈਡਰ ਦੀ ਨੀਤੀ ਤਹਿਤ ਰਾਖਵਾਂਕਰਨ ਹੀ ਖਤਮ ਕਰ ਦਿੱਤਾ ਹੈ। ਸ ਗੜ੍ਹੀ ਨੇ ਕਿਹਾ ਕਿ ਡਾ ਅੰਬੇਦਡਰ ਸਾਹਿਬ ਵੱਲੋਂ ਸੰਵਿਧਾਨ ਵਿੱਚ ਦਿੱਤੇ ਗਏ ਰਾਖਵਾਂਕਰਨ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਦੇ ਮਨਸੂਬਿਆਂ ਨੂੰ ਕਦੇ ਵੀ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਬਹੁਜਨ ਸਮਾਜ ਪਾਰਟੀ ਦਲਿਤ ਭਾਈਚਾਰੇ, ਪਛੜੀਆਂ ਸ਼੍ਰੇਣੀਆਂ ਤੇ ਹੋਰ ਸਮੂਹ ਪੰਜਾਬੀਆਂ ਨੂੰ ਲਾਮਬੰਦ ਕਰਕੇ 'ਆਪ' ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਨੂੰ ਮਜ਼ਬੂਤ ਤਰੀਕੇ ਨਾਲ ਲੜੇਗੀ।

# ਅਮਰੀਕਾ ਦੇ ਕੈਨਸਸ ਸ਼ਹਿਰ ਵਿਚ ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ, ਇਕ ਮੌਤ 6 ਹੋਰ ਜ਼ਖਮੀ

**ਸੈਕਰਾਮੈਂਟੋ 2 ਨਵੰਬਰ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਕੈਨਸਸ ਰਾਜ ਦੇ ਵੱਡੇ ਸ਼ਹਿਰ ਕੈਨਸਸ ਵਿਚ ਇਕ ਹੈਲੋਵੀਨ ਹਾਊਸ ਪਾਰਟੀ ਵਿਚ ਆਏ ਬਿਨਾਂ ਬੁਲਾਏ ਕੁਝ ਲੋਕਾਂ ਦੇ ਸਮੂੰਹ ਨੇ ਗੋਲੀਆਂ ਚਲਾ ਕੇ ਇਕ 17 ਸਾਲਾ ਨਬਾਲਗ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬਿਨਾਂ ਬੁਲਾਏ ਬਾਹਰੋਂ ਆਏ ਲੋਕਾਂ ਨੂੰ ਪਾਰਟੀ ਵਿਚੋਂ ਚਲੇ ਜਾਣ ਲਈ ਕਿਹਾ ਗਿਆ ਪਰੰਤੂ ਉਨਾਂ ਨੇ ਇਸ ਦਾ ਜਵਾਬ ਗੋਲੀਆਂ ਚਲਾ ਕੇ ਦਿੱਤਾ। ਹਾਲਾਂ ਕਿ ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਪਰੰਤੂ ਪੁਲਿਸ ਇਸ ਨੂੰ ਸ਼ੱਕੀ ਹਮਲਾਵਰ ਵਜੋਂ ਨਹੀਂ ਵੇਖ ਰਹੀ। ਪੁਲਿਸ ਨੇ ਮੌਕੇ ਤੋਂ ਇਕ ਵਾਹਣ ਵੀ ਕਬਜੇ ਵਿਚ ਲਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਇਸ ਵਾਹਣ ਵਿਚ ਆਏ ਸਨ। ਕੈਨਸਸ ਸ਼ਹਿਰ ਦੇ ਪੁਲਿਸ ਮੁੱਖੀ ਕਾਰਲ ਓਕਮੈਨ ਨੇ ਕਿਹਾ ਹੈ ਕਿ ਪਾਰਟੀ ਵਿਚ 70 ਤੋਂ 100 ਤੱਕ ਨਬਾਲਗ ਸ਼ਾਮਿਲ ਸਨ ਜਦੋਂ ਕੁਝ ਲੋਕ ਜਬਰਦਸਤੀ ਪਾਰਟੀ ਵਿਚ ਸ਼ਾਮਿਲ ਹੋ ਗਏ ਜਿਨਾਂ ਨੇ ਮਖੌਟੇ ਪਾਏ ਹੋਏ ਸਨ। ਜਾਣ ਲੱਗਿਆਂ ਉਨਾਂ ਵਿਚੋਂ 4 ਤੋਂ 6 ਜਣਿਆਂ ਨੇ ਗੋਲੀਆਂ ਚਲਾਈਆਂ। ਪੁਲਿਸ ਦੋਸ਼ੀਆਂ ਦੀ ਭਾਲ ਵਿਚ ਜੁੱਟ ਗਈ ਹੈ ਜਿਨਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html








My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਗਾਇਕ ਕਨਵਰ ਗਰੇਵਾਲ

ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਨੌਜਵਾਨ ਪੰਜਾਬੀ ਗਾਇਕ ਤੇ ਕਲਮਕਾਰ ਕਨਵਰ ਗਰੇਵਾਲ ਨੇ ਹਮੇਸ਼ਾ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀ ਚੜ੍ਹਦੀ ਕਲਾ ਲਈ ਵਪਾਰਕ ਪੱਖ ਨੂੰ ਤਿਲਾਂਜਲੀ ਦੇ ਕੇ ਸੰਗੀਤਕ ਮਾਰਕੀਟ ਵਿਚ ਜ਼ਮੀਨੀ ਹਕੀਕਤ ਨਾਲ ਜੁੜੇ ਲੋਕ-ਪੱਖੀ ਗੀਤਾਂ ਨਾਲ ਦਰਿਆਵਾਂ ਦੇ ਪਾਣੀਆਂ ਦੀ ਰਵਾਨਗੀ ਵਾਂਗ ਆਪਣੇ ਸ਼ਾਂਤ ਸੁਭਾਅ ਨਾਲ ਅੱਗੇ ਵਧਦੇ ਹੋਏ ਦੇਸ਼ ਤੇ ਕੌਮ ਦਾ ਸੱਚਾ ਦਰਦੀ ਗਾਇਕ ਹੋਣ ਦਾ ਸਬੂਤ ਦਿੱਤਾ ਹੈ। ਸਾਦਗੀ ਪਸੰਦ ਕਨਵਰ ਗਰੇਵਾਲ ਨੇ ਲੋਕ ਮੁੱਦੇ, ਸਮਾਜਿਕ ਵਾਰਤਾ, ਪੰਜਾਬੀ ਮਾਂ-ਬੋਲੀ ਆਦਿ ਨੂੰ ਹੀ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਪੰਜਾਬੀਅਤ ਦੇ ਸ਼ੈਦਾਈ ਤੇ ਸੱਚ ਦੇ ਆਸ਼ਕ ਕਨਵਰ ਗਰੇਵਾਲ ਨੇ ਜਿੱਥੇ 'ਕੀ ਮਾਣ ਦੌਲਤਾਂ ਦਾ', 'ਰੱਬ ਦਾ ਸੀ।ਸੀ।ਟੀ।ਵੀ ਬੰਦਿਆ ਹਰ ਦਮ ਹਰ ਥਾਂ ਚਲਦਾ ਏ', 'ਜ਼ਮੀਰਾਂ ਸ਼ੌਦੇਬਾਜ਼', 'ਸਾਂਭ ਲਓ ਜਵਾਨੀਆਂ' ਆਦਿ ਗੀਤਾਂ ਰਾਹੀਂ ਆਪਣੀ ਬਾ-ਕਮਾਲ ਸ਼ੈਲੀ ਨਾਲ ਅਸਲ ਸੱਚ ਬਿਆਨਿਆ, 'ਟਿਕਟਾਂ ਦੋ ਲੈ ਲਈਂ', 'ਇਸ਼ਕ ਬੁੱਲ੍ਹੇ ਨੂੰ ਨਚਾਵੇ', 'ਦੁਨੀਆ ਕੀ ਜਾਣੇ', 'ਦੇਖ ਭਾਈ ਬਾਲਿਆ ਤੂੰ ਰੰਗ ਕਰਤਾਰ ਦੇ', 'ਦੁੱਧਾਂ ਨਾਲ ਪੁੱਤ ਪਾਲ ਕੇ ਪਿੱਛੋਂ ਪਾਣੀ ਨੂੰ ਤਰਸ ਦੀਆਂ ਮਾਵਾਂ', 'ਛੱਲਾ', 'ਰੌਲਾ', 'ਮੌਜ', 'ਪੰਜਾਬੀ ਮਾਂ ਬੋਲੀ' ਆਦਿ ਗੀਤ ਪੰਜਾਬੀਆਂ ਦੀ ਝੋਲੀ



ਪਾਏ ਹਨ। ਸੁਪਰਹਿੱਟ ਪੰਜਾਬੀ ਫਿਲਮ 'ਅਰਦਾਸ' 'ਚ ਕਨਵਰ ਗਰੇਵਾਲ ਵਲੋਂ ਗਾਇਆ ਗਿਆ ਗੀਤ 'ਵਾਹ-ਵਾਹ ਰਮਜ਼ ਫਕੀਰਾ ਤੇਰੀ' ਸਰੋਤਾ ਵਰਗ ਵਲੋਂ ਖੂਬ ਸਰਾਹਿਆ ਗਿਆ।

ਕੋਰੋਨਾ ਮਹਾਂਮਾਰੀ ਸੰਕਟ ਦੌਰਾਨ ਡਾਕਟਰਾਂ, ਪੁਲਿਸ ਮੁਲਾਜ਼ਮਾਂ ਤੇ ਸਫਾਈ ਸੇਵਕਾਂ ਵਲੋਂ ਨਿਭਾਈ ਗਈ ਤਨਦੇਹੀ ਨਾਲ ਸੇਵਾ ਦੇ ਸ਼ੁਕਰਾਨੇ ਵਜੋਂ ਗਾਇਆ ਗਿਆ ਗੀਤ 'ਸਿਜਦਾ' ਕਾਬਲ-ਏ-ਤਾਰੀਫ਼ ਹੈ।

ਚਲੰਤ ਵਿਸ਼ਿਆਂ 'ਤੇ ਗਾਉਣਾ ਗਰੇਵਾਲ ਦੀ ਖਾਸੀਅਤ ਹੈ। ਦਿੱਲੀ ਕਿਸਾਨੀ ਸੰਘਰਸ਼ ਮੋਰਚੇ 'ਚ ਜਿੱਥੇ ਕਿਸਾਨੀ ਧਰਨਿਆਂ ਵਿਚ ਕਨਵਰ ਗਰੇਵਾਲ ਨੇ ਆਪ ਜਾ ਕੇ ਨਿ-ਡਰਤਾ ਤੇ ਦਲੇਰਾਨਾ ਹੀਏ ਨਾਲ ਕਿਸਾਨੀ ਸੰਘਰਸ਼ ਨੂੰ ਮੁਘਾਉਣ 'ਚ ਮੋਹਰੀ ਭੂਮਿਕਾ ਨਿਭਾਈ, ਉੱਥੇ ਦਿੱਲੀ ਮੋਰਚੇ ਨੂੰ ਸਮਰਪਿਤ ਕਨਵਰ ਗਰੇਵਾਲ ਦੇ ਗੀਤ 'ਅੱਖਾਂ ਖੋਲ੍ਹ ਪੰਜਾਬ ਸਿਹਾਂ', 'ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂਗਾ', 'ਪੇਚਾ', 'ਜ਼ਿੰਦਾਬਾਦ ਨੀ ਜਵਾਨੀਏ', 'ਐਲਾਨ' ਆਦਿ ਨਾਲ ਕਿਸਾਨੀ ਸੰਘਰਸ਼ 'ਚ ਨੌਜਵਾਨ ਵਰਗ ਅਤੇ ਬਜ਼ੁਰਗਾਂ ਦੇ ਜੋਸ਼, ਜਜ਼ਬੇ, ਹੌਸਲੇ ਤੇ ਜਾਨੂੰਨ ਨੂੰ ਦੂਣਾ ਕੀਤਾ। ਬਾਹਰੋਂ ਖੁੱਲ੍ਹੀ-ਡੁੱਲ੍ਹੀ ਅਤੇ ਅਲਬੇਲੀ ਜਾਪਣ ਵਾਲੀ ਇਸ ਅਨੋਖੀ ਸ਼ਖਸੀਅਤ ਦੇ ਮਨ-ਅੰਤਰ ਵਿਚ ਅੰਤਾਂ ਦੀ ਸੰਜੀਦਗੀ ਅਤੇ ਸੁਹਿਰਦਤਾ ਦਾ ਵਾਸਾ ਹੈ। ਸੋਸ਼ਲ ਮੀਡੀਏ ਦੇ ਕਾਟੋ ਕਲੇਸ਼ ਤੋਂ ਕੋਹਾਂ ਦੂਰ ਗਰੇਵਾਲ ਸਾਦ-ਮੁਰਾਦਾ ਧਰਤੀ ਨਾਲ ਜੁੜਿਆ ਮਿਲਣਸਾਰ ਤੇ ਜ਼ਿੰਦਾਦਿਲ ਇਨਸਾਨ ਐ।

# ਸ਼੍ਰੋਮਣੀ ਕਮੇਟੀ ਚੋਣਾਂ ਨੇ ਬਾਦਲ ਦਲ ਨੂੰ ਭੰਬਲਭੂਸੇ 'ਚ ਪਾਇਆ

**ਅੰਮ੍ਰਿਤਸਰ-** ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਰੌਚਕ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਸ਼੍ਰੋਮਣੀ ਅਕਾਲੀ ਦਲ ਵਿਚ ਅੰਦਰੂਨੀ ਫੁੱਟ ਕਾਰਨ ਪਾਰਟੀ ਲਈ ਗਲੇ ਦੀ ਹੱਡੀ ਬਣ ਗਈ ਹੈ। ਬੀਬੀ ਜਗੀਰ ਕੌਰ ਦੇ ਬਦਲੇ ਤੇਵਰ ਅਤੇ ਬਾਗੀ ਰਵੱਈਏ ਕਾਰਨ ਕਮੇਟੀ ਮੈਂਬਰਾਂ ਵਿਚ ਆਪਸੀ ਜੋੜ-ਤੋੜ ਦਾ ਸਿਲਸਿਲਾ ਜਾਰੀ ਹੈ। ਪਹਿਲਾਂ ਚੋਣ ਜਿਸ ਤਰੀਕੇ ਨਾਲ ਸਰਬਸੰਮਤੀ ਨਾਲ ਕਰਵਾਈ ਜਾਂਦੀ ਸੀ ਜਾਂ ਵੋਟਾਂ ਰਾਹੀਂ ਲਿਫ਼ਾਫ਼ੇ ਵਿਚੋਂ ਨਾਂ ਦਾ ਐਲਾਨ ਹੁੰਦਾ ਸੀ, ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ 'ਤੇ ਹਮੇਸ਼ਾ ਹੀ ਬਾਦਲ ਧੜੇ ਦਾ ਦਬਦਬਾ ਰਿਹਾ ਸੀ। ਇਸ ਵਾਰ ਪਾਰਟੀ ਵਲੋਂ ਕੀਤੇ ਯਤਨਾਂ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਲਈ ਕੋਈ ਸਹੀ ਨਤੀਜਾ ਸਾਹਮਣੇ ਲਿਆਉਣਾ ਔਖਾ ਜਾਪਦਾ ਹੈ ਕਿਉਂਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਬਾਦਲ ਧੜੇ ਦਾ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਰਿਹਾ ਹੈ।

ਵਿਰੋਧੀ ਧੜਿਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਅੰਦਰੂਨੀ ਫੁੱਟ, ਜੋ ਹੁਣ ਕੇਂਦਰ ਵਿਚ ਭਾਜਪਾ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਦਾਅ ਖੇਡਣ ਦਾ ਸਿਆਸੀ ਅਖਾੜਾ ਬਣ ਚੁੱਕੀ ਹੈ। ਇਸ ਦੇ ਸੰਕੇਤ ਹੁਣ ਕਿਸੇ ਵੀ ਵੱਡੀ ਤਬਦੀਲੀ ਦੇ ਕਾਰਨਾਂ ਨੂੰ ਮਜ਼ਬੂਤ ਕਰ ਰਹੇ ਹਨ, ਭਾਵ ਕਿ ਕਾਂਗਰਸ ਪਾਰਟੀ ਤੇ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਨੂੰ ਹਮੇਸ਼ਾ ਨੀਵਾਂ ਦਿਖਾਉਣ ਲਈ ਸਰਗਰਮ ਰਹਿੰਦੀ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨਵੀਆਂ ਸਿਆਸੀ ਚਾਲਾਂ ਅਨੁਸਾਰ ਭਾਜਪਾ ਚਾਹੁੰਦੀ ਹੈ ਕਿ 2024 ਤੋਂ ਪਹਿਲਾਂ ਅਕਾਲੀ ਦਲ ਨਾਲ ਸਮਝੌਤਾ ਕਰ ਲਿਆ ਜਾਵੇ, ਜਿਸ ਨਾਲ ਅਕਾਲੀ ਦਲ ਬਾਦਲ ਪਰਿਵਾਰ ਨੂੰ ਰਾਹਤ ਮਿਲੇਗੀ। ਇਸ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਦੌੜ ਵਿਚ ਪਿੱਛੇ ਛੱਡਣ ਵਾਲੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਲਗਾਤਾਰ ਵਧਦੀ ਬਿਆਨਬਾਜ਼ੀ ਵਿਚ ਮਜੀਠੀਆ ਵੱਲੋਂ ਗੁਪਤ ਰੂਪ ਵਿਚ ਆਉਣ ਵਾਲੇ ਕਦਮ ਚੁੱਕੇ ਜਾ ਰਹੇ ਹਨ। ਇਸ ਸਿਆਸੀ ਚਾਲ ਨੂੰ ਕਿਸੇ ਵੀ ਪਾਰਟੀ ਖ਼ਿਲਾਫ਼ ਲਿਆ ਜਾ ਸਕਦਾ ਹੈ, ਕਿਉਂਕਿ ਹਰ ਵਾਰ ਪ੍ਰਕਾਸ਼ ਸਿੰਘ ਬਾਦਲ, ਜਿਸ ਦੇ ਨਾਂ ਦਾ ਲਿਫ਼ਾਫ਼ਾ ਭੇਜਿਆ ਜਾਂਦਾ ਸੀ, ਨੂੰ ਮੁਖੀ ਐਲਾਨਿਆ ਜਾਣਾ ਅਸੰਭਵ ਜਾਪਦਾ ਹੈ, ਭਾਵ ਭਾਜਪਾ ਦੇ ਝਟਕੇ ਕਾਰਨ ਕੋਈ ਵੱਡੀ ਤਬਦੀਲੀ ਉਸਾਂ ਖ਼ਿਲਾਫ਼ ਹੋ ਸਕਦੀ ਹੈ।




ਸ਼੍ਰੋਮਣੀ ਅਕਾਲੀ ਦਲ ਦੀ ਆਗੂ ਬੀਬੀ ਜਗੀਰ ਕੌਰ ਨੇ ਪਾਰਟੀ ਵਿਚ ਪਹਿਲਾਂ ਹੀ ਆਤਿਸ਼ਬਾਜ਼ੀ ਛੱਡ ਕੇ ਕਮੇਟੀ ਮੈਂਬਰਾਂ ਵਿੱਚ ਨਵੀਂ ਹੇਰਾਫੇਰੀ ਦੀ ਸਿਆਸਤ ਦੇ ਯਤਨਾਂ ਨੂੰ ਜਨਮ ਦਿੱਤਾ ਹੈ। ਅਸਲ ਵਿਚ ਨਤੀਜਾ 9 ਨਵੰਬਰ ਨੂੰ ਲੋਕਾਂ ਦੇ ਸਾਹਮਣੇ ਆਵੇਗਾ, ਜਦੋਂ ਮੈਂਬਰਾਂ ਦੀ ਤਾਜ਼ਾ ਹੇਰਾਫੇਰੀ ਨਵੇਂ ਰੰਗ ਦਿਖਾਉਵੇਗੀ। ਇਸ ਲਈ ਬੀਬੀ ਜਗੀਰ ਕੌਰ ਕਮੇਟੀ ਦੇ ਬਹੁਤੇ ਮੈਂਬਰਾਂ ਨੂੰ ਲਿਫ਼ਾਫ਼ਾ ਕਲਚਰ ਦਾ ਆਧਾਰ ਬਣਾ ਕੇ ਆਪਣੇ ਹੱਕ ਵਿਚ ਭੁਗਤਾਉਣ ਲਈ ਦਿਨ ਰਾਤ ਇੱਕ ਕਰ ਰਹੀ ਹੈ ਪਰ ਦੂਜੇ ਪਾਸੇ ਬਾਦਲ ਦੇ ਕਿਲ੍ਹੇ ਨੂੰ ਤੋੜਨਾ ਕੋਈ ਸੌਖਾ ਖ਼ਤਰਾ ਨਹੀਂ ਹੈ। ਜਿੱਥੋਂ ਤੱਕ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਕਾਰਜਕਾਲ ਦਾ ਸਬੰਧ ਹੈ, ਉਹ ਈਮਾਨਦਾਰੀ ਦੇ ਨਾਲ-ਨਾਲ ਵੱਧ ਪੜ੍ਹੇ-ਲਿਖੇ, ਪਤਵੰਤੇ, ਸੂਝਵਾਨ ਅਤੇ ਵੱਧ ਤੋਂ ਵੱਧ ਈਮਾਨਦਾਰ ਹੋਣ ਵਿਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ, ਪਰ ਜਾਹਿਰ ਹੈ ਕਿ ਸਿਆਸਤ ਵਿਚ ਵਧੇਰੇ ਸ਼ਰਾਫ਼ਤ ਹੋਣ, ਕਈ ਫ਼ੈਸਲੇ ਸਿਰਫ਼ ਨਿਯਮਾਂ ਦੇ ਆਧਾਰ 'ਤੇ ਹੀ ਲੈਣਾ, ਧਾਮੀ ਸਾਹਿਬ ਦੀ ਵਕਾਲਤ ਦੇ ਤਜਰਬੇ ਨੂੰ ਠੇਸ ਵੀ ਪਹੁੰਚਾ ਸਕਦੀ ਹੈ, ਭਾਵ ਕਿ ਮੈਂਬਰ ਆਪਣੇ ਨਿੱਜੀ ਸਵਾਰਥਾਂ ਖਾਤਰ ਅਜਿਹੇ ਯੋਗ ਗੁਣਾਂ ਨੂੰ ਅਣਦੇਖਾ ਕਿਸੇ ਦਬਾਅ ਵਿਚ ਆ ਕੇ ਵੀ ਕਰ ਸਕਦੇ ਹਨ।

ਪਾਰਟੀ ਦੀ ਹੋਣ ਵਾਲੀ ਮੀਟਿੰਗ ਵਿਚ ਅਗਲੀ ਰਣਨੀਤੀ ਦੀ ਤਸਵੀਰ ਹੋ ਸਕਦੀ ਹੈ ਪੇਸ਼ ਬੇਸ਼ੱਕ ਐਡਵੋਕੇਟ ਧਾਮੀ ਦੇ ਕਾਰਜਕਾਲ ਦੌਰਾਨ ਪੈਸੇ ਦੀ ਦੁਰਵਰਤੋਂ ਦੀ ਕੋਈ ਵੀ ਗੱਲ ਸਾਹਮਣੇ ਨਹੀਂ ਆਈ ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਫ਼ੈਸਲਾ 8 ਨਵੰਬਰ ਨੂੰ ਹੋਣ ਵਾਲੀ ਮੈਂਬਰਾਂ ਦੀ ਮੀਟਿੰਗ ਵਿਚ ਅਗਲੀ ਰਣਨੀਤੀ ਦੀ ਤਸਵੀਰ ਪੇਸ਼ ਕਰ ਸਕਦਾ ਹੈ ਪਰ ਅਕਸ ਵਿਚ ਸੁਧਾਰ ਕਰ ਕੇ ਚੰਗੀ ਸਿਆਸੀ ਤਸਵੀਰ ਬਣਾਉਣਾ ਵੀ ਅਕਾਲੀ ਦਲ ਦੇ ਗਲੇ ਦੀ ਹੱਡੀ ਬਣ ਗਿਆ ਹੈ। ਜੇਕਰ ਧਾਮੀ ਨੂੰ ਕਿਸੇ ਕਾਰਨ ਮੁੱਖ ਅਹੁਦੇ ਦੀ ਸੇਵਾ ਨਾ ਮਿਲ ਸਕੀ ਤਾਂ ਉਨ੍ਹਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ, ਕਿਉਂਕਿ ਉਹ ਬਿਨਾਂ ਕਿਸੇ ਲਾਲਚ ਦੇ ਗੁਰੂ ਦੀ ਸੇਵਾ ਕਰਨ ਵਿਚ ਸੱਚਾ ਵਿਸਵਾਸ਼ ਰੱਖਦੇ ਹਨ।ਅਜਿਹੀ ਸੋਚ ਪੰਥ ਰਤਨ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਮਨ ਵਿਚ ਸੀ, ਜਿਨ੍ਹਾਂ ਦੀ ਈਮਾਨਦਾਰੀ ਅਤੇ ਸੱਚਾਈ ਨਾਲ ਉਨ੍ਹਾਂ ਨੇ 28 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਨਿਰਸਵਾਰਥ ਸੇਵਾ ਕੀਤੀ, ਜੋ ਅੱਜ ਤੱਕ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਅੰਕਿਤ ਹੈ। ਹੁਣ ਸਵਾਲ ਇਹ ਹੈ ਕਿ ਨਵਾਂ ਪ੍ਰਧਾਨ ਕੌਣ ਹੋਵੇਗਾ? ਇਹ ਕਹਿਣਾ ਅਸੰਭਵ ਸਾਬਤ ਹੋ ਰਿਹਾ ਹੈ, ਕਿਉਂਕਿ ਫੁੱਟ ਪੈਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਸ਼ਾਂਤਮਈ ਚਿਣਗ ਹੁੰਦੀ ਹੈ ਜਾਂ ਕੋਈ ਜਜ਼ਬਾਤੀ ਫ਼ੈਸਲਾ ਮੌਕੇ ਨੂੰ ਉਜਾਗਰ ਕਰਦਾ ਹੈ, ਇਹ ਤਾਂ 8 ਨਵੰਬਰ ਦੀ ਮੀਟਿੰਗ ਦੇ ਨਤੀਜਿਆਂ ਅਤੇ 9 ਨਵੰਬਰ ਦੀਆਂ ਚੋਣਾਂ ਦੀਆਂ ਸਰਗਰਮੀਆਂ ਤੋਂ ਹੀ ਪਤਾ ਲੱਗ ਸਕੇਗਾ।

# ਦਿਸ਼ਾ ਕਾਰਜਕਾਰਨੀ ਦੀ ਮੀਟਿੰਗ 'ਚ ਕੈਨੇਡਾ ਵਿੱਚ ਨਵੇਂ ਆਏ ਨੋਜਵਾਨ ਵਿਦਿਆਰਥੀਆਂ, ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਹੋਰ ਮਸਲਿਆਂ ਕੀਤੀ ਚਰਚਾ

## ਲੇਖਕ ਰਮਿੰਦਰ ਰੰਮੀ ਦੀ ਪਲੇਠੀ ਦੀ ਕਿਤਾਬ "ਕਿਸਨੂੰ ਆਖਾਂ" ਨੂੰ ਵੀ ਕੀਤਾ ਲੋਕ ਅਰਪਨ

**ਫਗਵਾੜਾ 2 ਨਵੰਬਰ (ਬੀਕੇ ਰੱਤੂ)-** ਦਿਸ਼ਾ ਦੇ ਕਾਰਜਕਾਰਨੀ ਮੈਂਬਰਜ਼ ਦੀ ਮੀਟਿੰਗ ਮਾਲਟਨ ਵਿਖੇ ਹੋਈ । ਦਿਸ਼ਾ ਦੀ ਚੇਅਰ ਪਰਸਨ ਮਿਸਿਜ਼ ਕੰਵਲਜੀਤ ਕੌਰ ਢਿੱਲੋਂ ਜੀ ਦੀ ਸਰਪ੍ਰਸਤੀ ਵਿੱਚ ਇਹ ਮੀਟਿੰਗ ਹੋਈ । ਇਸ ਮੀਟਿੰਗ ਵਿੱਚ ਦਿਸ਼ਾ ਦੇ ਫ਼ਾਊਂਡਰ ਮੈਂਬਰਜ਼ ਤੇ ਕਾਰਜਕਾਰਨੀ ਮੈਂਬਰਜ਼ ਨੇ ਸ਼ਿਰਕਤ ਕੀਤੀ । ਇਸ ਮੀਟਿੰਗ ਦੇ ਵਿਸ਼ੇਸ਼ ਮਹਿਮਾਨ ਡਾ।ਵਨੀਤਾ ਦਿੱਲੀ, ਨਾਮਵਰ ਸ਼ਾਇਰਾ ਤੇ ਚਿੰਤਕ ਅਤੇ ਸਾਹਿਤ ਅਕਾਦਮੀ ਦੇ ਸਲਾਹਕਾਰ ਬੋਰਡ ਦੇ ਕਨਵੀਨਰ, ਪਾਕਿ-ਸਤਾਨੀ ਨਾਮਵਰ ਪੰਜਾਬੀ ਸ਼ਾਇਰਾ ਤਾਹਿਰਾ ਸਰਾ, ਕਹਾਣੀਕਾਰਾ ਨਰਿੰਦਰ ਕੌਰ ਭੱਚੂ ਪੰਜਾਬ ਤੋਂ ਸਨ । ਮੀਟਿੰਗ ਡਾ।ਵਨੀਤਾ ਦੀ ਪ੍ਰਧਾਨਗੀ ਹੇਠ ਹੋਈ । ਵਿਸ਼ੇਸ਼ ਰੂਪ ਵਿੱਚ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਵਿੱਚ ਨਵੇਂ ਆਏ ਨੋਜਵਾਨ ਵਿਦਿਆਰਥੀਆਂ, ਸੀਨੀਅਰਜ ਦੀ ਸਥਿਤੀ ਅਤੇ ਅਨੇਕਾਂ ਹੋਰ ਮਸਲਿਆਂ ਉੱਤੇ ਚਰਚਾ ਕੀਤੀ ਗਈ। ਕੈਨੇਡਾ ਅਤੇ ਸਮੁੱਚੇ ਵਿਸ਼ਵ ਵਿੱਚ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਵਿਸ਼ੇ ਤੇ ਵੀ ਵਿਚਾਰਾਂ ਹੋਈਆਂ। ਜਿਸ ਵਿੱਚ ਸੱਭ ਨੇ ਆਪਣੇ ਆਪਣੇ ਵਿਚਾਰ ਤੇ ਸੁਝਾਵ ਪੇਸ਼ ਕੀਤੇ । ਇਸ ਮੌਕੇ ਪਰਮਜੀਤ ਦਿਓਲ ,ਰਾਜ ਘੁੰਮਨ,ਬਲਜੀਤ ਧਾਲੀਵਾਲ , ਰਿੰਟੂ ਭਾਟੀਆ,ਰੱਛਪਾਲ ਕੌਰ ਗਿੱਲ ਰਾਜਪਾਲ ਕੌਰ, ਰਮਿੰਦਰ ਵਾਲੀਆ, ਬਲਜੀਤ (ਰਾਣੀ ਰੰਧਾਵਾ), ਹਰਦੀਪ ਕੌਰ,ਜਤਿੰਦਰ ਰੰਧਾਵਾ, ਇੰਦਰਜੀਤ ਕੌਰ, ਪਰਸ਼ਿੰਦਰ ਕੌਰ, ਪਰਮ ਸਰਾ, ਰਾਜਵੰਤ ਕੌਰ ਸੰਧੂ ਤੇ ਕੁਝ ਹੋਰ ਮੈਂਬਰਜ਼ ਨੇ ਇਸ ਮੀਟਿੰਗ ਵਿੱਚ ਸ਼ਾਮੂਲੀਅਤ ਕੀਤੀ ।ਦਿਸ਼ਾ ਦੇ ਖ਼ਾਸ ਮੈਂਬਰਜ਼ ਕਮਲ ਦੋਸਾਂਝ ਨੱਟ ਇੰਡੀਆ ਗਏ ਹੋਏ ਹਨ ਤੇ ਸੁਰਜੀਤ ਕੌਰ ਜੀ ਕਿਸੇ ਜ਼ਰੂਰੀ ਕੰਮ ਵਿੱਚ ਵਿਅਸਤ ਹੋਣ ਕਰਕੇ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋ ਸਕੇ ਪਰ ਇਹਨਾਂ ਦੇ ਸੁਨੇਹੇ ਮਿਸਿਜ਼ ਕੰਵਲਜੀਤ ਕੌਰ ਢਿੱਲੋਂ ਨੂੰ ਆ ਗਏ ਸਨ । ਡਾ ਵਨੀਤਾ ਨੇ ਬਹਿਸ ਵਿੱਚ ਉਠੇ ਸਵਾਲਾਂ ਦਾ ਵਿਸਥਾਰ ਸਾਹਿਤ ਜਬਾਵ ਦਿੱਤੇ ਅਤੇ ਬਹਿਸ ਨੂੰ ਸਮੇਟਿਆ।ਡਾ ਵਨੀਤਾ ਅਤੇ ਤਾਹਿਰਾ ਨੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਰਮਿੰਦਰ ਰੰਮੀ ਦੀ ਪਲੇਠੀ ਦੀ ਕਿਤਾਬ (ਕਿਸਨੂੰ ਆਖਾਂ) ਨੂੰ ਵੀ ਲੋਕ ਅਰਪਨ ਕੀਤਾ ਗਿਆ। ਦਿਸ਼ਾ ਚੇਅਰ ਪਰਸਨ ਡਾ।ਕੰਵਲਜੀਤ ਕੌਰ ਢਿੱਲੋਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਦਿਸ਼ਾ ਈਰਾਨ ਦੀਆਂ ਔਰਤਾਂ ਵਲੋਂ ਆਪਣੇ ਲੋਕਤੰਤਰਿਕ ਅਤੇ ਸ਼ਖਸ਼ੀ ਆਜਾਦੀ ਲਈ ਕੀਤੇ ਜਾ ਰਹੇ ਅੰਦੋਲਨ ਨਾਲ ਹਮਾਇਤ ਕਰਦੀ ਹੈ। ਇਹ ਸੁਨੇਹਾ ਦਿਸ਼ਾ ਵਲੋਂ ਈਰਾਨੀ ਔਰਤਾਂ ਦੀ ਸੰਸਥਾ ਨੂੰ ਭੇਜਿਆ ਜਾਵੇਗਾ। ਭਾਰਤ ਵਿੱਚ ਬਿਲਕੀਸ ਬਾਨੋ ਦੇ ਰੇਪਇਸ਼ਟਾ ਨੂੰ ਛੱਡੇ ਜਾਣ ਦੀ ਨਿੰਦਿਆ ਕੀਤੀ ਗਈ। ਗਿੱਧਾ ਤੇ ਬੋਲੀਆਂ ਪਾ ਕੇ ਖ਼ੂਬ ਰੰਗ ਬਣ ਦਿੱਤਾ।



ਵਿਸ਼ੇਸ਼ ਲੇਖ

# ਸਤਿਗੁਰੂ ਨਾਮਦੇਵ ਜੀ

## 'ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ'॥



ਦੱਖਣ ਤੋਂ ਪੈਦਾ ਹੋਏ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਦੱਖਣੀ ਭਾਰਤ ਵਿਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਬਖਸ਼ੀ ਹਰ ਦਾਤ ਕੁਝ ਵੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਗਿਰਦੇਵਤਾ, ਇੰਦਰ ਨੂੰ ਮੀਂਹ ਪਾਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ। ਦੱਖਣ ਦੇਸ਼, ਜਿਸ ਵਿਚ ਵਰਤਮਾਨ ਆਂਧਰਾ, ਕਰਨਾਟਕਾ, ਤਾਮਿਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ, ਵੈਸ਼ਨਵ ਧਰਮ ਦੀ ਮੁਢਲੀ ਕਰਮ ਭੂਮੀ ਰਹੀ ਹੈ।

ਵੈਦਿਕ ਧਰਮ ਮਰਿਆਦਾ, ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ ਸਿਮਰਤੀ ਦੀ ਮਰਿਆਦਾ, ਬ੍ਰਾਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦੀ ਵਿਚੋਲਗੀ ਤੋਂ ਕੀਤੇ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ ਉਚੇਚੇ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮਕਾਂਡੀ, ਬ੍ਰਾਹਮਣੀ, ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧ ਮੱਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖ਼ਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ। ਬੋਧ ਮੱਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉਤੇ ਨਾਸਤਿਕਤਾ ਦੇ ਪ੍ਰਭਾਵ ਪਾਉਂਦੀ ਸੀ। ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਬੁੱਧ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ 'ਦਰਸ਼ਨ' ਵਿਚ ਵੀ ਕਈ ਅੰਸ਼ ਰਲ਼ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ ਸੀ। ਪਰ ਇਹ ਗੱਲ ਯਕੀਨਨ ਹੋ ਕੇ ਸ਼ੰਕਰਾਚਾਰੀਆ ਵਰਗੇ ਅਚਾਰੀਆ ਨੇ ਹੀ ਭਾਰਤ ਵਿਚੋਂ ਆਪਣੀ ਵਿਦਵਤਾ ਨਾਲ ਤੇ ਆਪਣੇ 'ਦਰਸ਼ਨ' ਦੁਆਰਾ ਬੁੱਧਮਤ ਤੇ ਜੈਨ ਮੱਤ ਦੀ ਭਾਜ ਲੁਆਈ। ਗਿਆਨ ਤੇ ਮੰਤਕ ਦੇ ਬਲ ਨਾਲ ਹੀ ਭਾਰਤ ਵਿਚੋਂ ਇਹਨਾਂ ਧਰਮਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ ਅਦਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ, ਗੀਤਾ ਅਤੇ ਬ੍ਰਹਿਮਸੂਤਰ ਦੇ 'ਭਾਸ਼' ਲਿਖ ਕੇ ਵੈਦਿਕ ਧਰਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਆਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ। ਉਨ੍ਹਾਂ ਕਿਹਾ ਵੈਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ 'ਚਾਰ ਮੱਠ' ਅਦਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਹੀ ਉਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ। 'ਸ਼੍ਰਿੰਗੇਰੀ' ਮੱਠ ਨਾਲ ਸਬੰਧਤ ਮਹਾਂ-ਵਿਦਿਆਲੇ ਵਿਚ ਰਾਮਾਨੁਜ ਨੇ ਵਿੱਦਿਆ ਪ੍ਰਾਪਤ ਕਰਨੀ ਆਰੰਭੀ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ, ਜਨਮ ਨਗਰ ਮਦਰਾਸ ਪਾਸ ਤੇਰੂਕੰਦਰ ਹੈ)

ਰਾਮਾਨੁਜ ਨੇ ਆਪਣੀ ਪਾਰਖੂ ਚੇਤਨਾ ਨਾਲ ਸਮਝ ਲਿਆ ਕਿ ਤੁਸੀਂ ਸ਼ੰਕਰਾਚਾਰੀਆ ਦੀ ਅਦਵੈਤਵਾਦੀ ਵਿਚਾਰਧਾਰਾ ਦਾ ਪ੍ਰਚਾਰਕ ਨਹੀਂ ਬਣਨਾ ਸਗੋਂ ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ-ਬੋਧਮਤੀ ਨਾਸਤਕਵਾਦ ਦਾ ਵਿਰੋਧ ਵੀ ਕਰਨਾ ਹੈ। ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਵੀ ਕਹਿੰਦਾ ਸੀ ਕਿ ਅਵਿੱਦਿਆ ਦਾ ਨਾਸ਼ ਗਿਆਨ ਕਰਦਾ ਹੈ। ਹੋਰ ਕਿਸੇ ਕਰਮ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸਨਾ ਰਾਹੀਂ ਮੁਕਤੀ ਸੰਭਵ ਮੰਨਦੇ ਸਨ।

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ ਵੈਸ਼ਨਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵਮਤ। ਇਸ ਵਿਚਾਰਧਾਰਾ ਦੇ ਵਖਰੇਵੇਂ ਕਾਰਨ ਵੈਸ਼ਨਵ ਅਤੇ ਸ਼ੈਵਮਤੀ ਭਗਤੀ ਦਲਾਂ ਵਿਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਿਲ ਇਲਾਕਿਆਂ ਵਿਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਕਾਰਨ ਰਾਮਾਨੁਜ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਮਦਰਾਸ ਛੱਡ ਕੇ ਮੈਸੂਰ ਪਾਸ ਸ੍ਰੀ ਰੰਗਮਪੁਰ ਵਿਖੇ ਆਪਣਾ ਟਿਕਾਣਾ ਬਣਾ ਲਿਆ।

ਰਾਮਾਨੁਜ ਜੀ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ- ਜੀਵ, ਬ੍ਰਹਮ ਭਗਤੀ ਦਾ ਉਹ ਸਬੰਧ ਹੈ, ਜੋ ਅੱਗ ਕੋਲੇ ਅਤੇ ਉਸ ਵਿਚੋਂ ਨਿਕਲਣ ਵਾਲੀਆਂ ਚਿਣਗਾਂ ਦਾ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿਚ ਪੈ ਕੇ ਅੱਗ ਬਣ ਜਾਂਦੀ ਹੈ, ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿਤ ਵਧੇਰੇ ਕੰਮ ਨਿੰਬਾਰਕ ਅਚਾਰੀਆ ਦਾ ਸੀ। ਇਸ ਤਰ੍ਹਾਂ ਕ੍ਰਿਸ਼ਨ ਜੀ ਨੂੰ, ਵਿਸ਼ਨੂ ਦਾ ਇਸ ਧਰਤੀ ਉਤੇ ਪਰਉਪਕਾਰ ਕਰਨ ਲਈ, 'ਭਗਤ ਹੇਤ ਅਵਤਾਰ' ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚਾਰਿਆ ਜਾਣ ਲੱਗਾ। ਇਸ ਤਰ੍ਹਾਂ 'ਰਾਧਾ ਕ੍ਰਿਸ਼ਨ' ਭਗਤੀ ਦੀ ਇਸ ਸ਼ਾਖ ਉਤੇ ਬਿਰਹਾ ਦੇ ਭੰਵਰੇ ਮੰਡਰਾਉਂਦੇ, ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।



ਪ੍ਰੋ: ਐਚ.ਐਲ.ਕਪੂਰ

ਉਕਤ ਭਗਤੀ ਦੀ ਇਸ ਵਿਧੀ ਨਾਲ, ਕ੍ਰਿਸ਼ਨ ਜੀ ਨਾਲ ਜੋੜ ਕੇ ਅਨੇਕ ਕਿਸਮ ਦੀਆਂ ਕਲਪਿਤ ਤੇ ਦੈਵੀ ਸ਼ਕਤੀਆਂ ਜੋੜ ਲਈਆਂ ਗਈਆਂ। ਧੜਾਧੜ ਰਾਜ ਘਰਾਣਿਆਂ ਤੇ ਆਮ ਜਨਤਾ ਨੇ ਦੱਖਣ ਵਿਚ ਪੌਰਾਣਿਕ ਦੇਵਤਿਆਂ ਦੇ ਨਾਮਾਂ ਤੇ ਮੰਦਰਾਂ ਦੀ ਉਸਾਰੀ ਕਰ ਲਈ ਅਤੇ ਭਗਤੀ ਦੀਆਂ ਨੌਂ ਰੀਤਾਂ ਬਣਾਈਆਂ ਗਈਆਂ। ਸ਼੍ਰੀਮਦ ਭਗਵਤ ਨੇ ਭਗਤੀ ਦੇ ਨੌਂ ਪ੍ਰਕਾਰ ਇਹ ਦੱਸੇ ਹਨ: - ਸ਼੍ਰਵਣ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ ਬੰਦਨਾ, ਦਾਸਭਾਵ, ਸਾਖਾਭਾਵ, ਆਤਮ, ਨਿਵੇਦਨ। ਇਸ ਨਾਲ ਅੰਧ-ਵਿਸ਼ਵਾਸ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਦੀਆਂ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ ਜਿਵੇਂ:- ਸਿਰ ਪਰਨੇ ਚੱਲ ਕੇ ਦੇਵ ਪੂਜਾ ਕਰਨੀ, ਅਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉੱਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟ ਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ੍ਹ ਸੀਓਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ। ਮੂਰਤੀਆਂ ਦੀ ਸਥਾਪਨਾ ਨੇ ਸਾਰੇ ਹੱਦ-ਬੰਨ੍ਹੇ ਪਾਰ ਕਰ ਦਿੱਤੇ। ਇੱਥੇ ਇਤਿਹਾਸਕਾਰ 'ਸੇਰਿੰਗ' ਲਿਖਦਾ ਹੈ- "ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ ਵਧੇਰੇ ਹਨ।" ਸੱਤਵੀਂ-ਅੱਠਵੀਂ ਸਦੀ ਵਿਚ ਮੂਰਤੀ ਪੂਜਾ ਸਿਖਰਾਂ ਤੇ ਪੁੱਜ ਗਈ। ਜਿਸ ਵੀ ਭਗਤ ਵਿਚ ਜਿਹੋ-ਜਿਹੀ ਭਾਵਨਾ ਉਤਪੰਨ ਹੋਈ, ਉਸੇ ਤਰ੍ਹਾਂ ਦੀ ਉਸ ਨੇ ਮੂਰਤੀ ਖੜ੍ਹੀ ਕਰ ਲਈ।

ਬ੍ਰਾਹਮਣਾਂ ਦਾ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਇਸ ਕਿਸਮ ਦੀ ਦੇਵ ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ-ਅਰਚਨਾ, ਪ੍ਰੋਹਿਤ ਅਚਾਰੀਆ ਵਿਧੀ ਅਨੁਸਾਰ, ਜੋ ਬ੍ਰਾਹਮਣ ਕਿਰਿਆ ਕਰਾਉਂਦੇ ਸਨ ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਰਾਂ ਦੇ ਆਸ ਪਾਸ ਮੰਡਰਾਉਂਦੇ ਰਹਿੰਦੇ ਸਨ। ਛੂਤ-ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉਤੇ ਤੁਰਨ ਸਮੇਂ, ਪੈਰਾਂ ਦੇ ਚਿੰਨ੍ਹ ਮਿਟਾਉਣ ਲਈ ਆਪਣੇ ਪਿੱਛੇ ਛਾਪੇ ਬੰਨ੍ਹ ਕੇ ਚੱਲਣਾ ਪੈਂਦਾ ਸੀ, ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚਾੜ੍ਹ ਦੇਵੇ। ਪਰ ਰਾਮਾਨੁਜ ਜੀ ਨੇ ਇਸ ਪੱਖੋਂ ਉਦਾਰਤਾ ਦਿਖਾਈ ਤੇ ਐਲਾਨ ਕੀਤਾ ਕਿ ਸਭ ਜਨ ਸਧਾਰਨ ਲਈ ਭਗਤੀ ਦੇ ਦੁਆਰ ਖੁੱਲ੍ਹੇ ਹਨ। ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿਚ, ਇਸ ਭਗਤੀ ਦੀ ਖੁੱਲ੍ਹ ਦੀ, ਰੱਜ ਕੇ ਵਿਰੋਧਤਾ ਹੋਈ।

ਭਗਤੀ ਮੱਤ ਦੇ ਇਸ ਸੰਖੇਪ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਸੀ, ਕਿਉਂਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜਿਹਨਾਂ ਭਗਤਾਂ ਦੀ ਬਾਣੀ ਦਰਜ ਹੈ, ਜਿਸ ਆਚਾਰੀਆ ਦੇ ਪਹਿਲਾਂ ਪ੍ਰਮੁੱਖ ਚੇਲੇ ਸਨ, ਉਹਨਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ।

ਸਵਾਮੀ ਰਾਮਾਨੰਦ ਦੇ ਅਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਅਚਾਰੀਆ ਸਨ। ਇਹਨਾਂ ਭਗਤਾਂ ਦੇ ਸਮਕਾਲੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਵੀ ਸਨ। ਇਹਨਾਂ ਮਹਾਨ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੇਸ਼ੱਕ ਨਾਮਦੇਵ ਜੀ ਤੇ ਤ੍ਰਿਚੋਲਨ ਜੀ, ਮਹਾਂਰਾਸ਼ਟਰੀ (ਦੱਖਣੀ) ਵੱਖਰੀ ਪੱਧਤੀ ਦੀ ਸ਼ਾਖ ਦੇ ਫੁੱਲ ਸਨ, ਪ੍ਰੰਤੂ ਉਹਨਾਂ ਦਾ ਰਾਮਾਨੰਦ ਜੀ ਨਾਲ ਮੇਲ ਹੋਣ ਦੇ ਵੀ ਪ੍ਰਮਾਣ ਮਿਲਦੇ ਹਨ। ਇਸ ਤੋਂ ਉੱਤਰੀ ਭਾਰਤ ਤੇ ਦੱਖਣ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ।

ਭਗਤ ਰਾਮਾਨੰਦ ਜੀ, ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ਸੰਪਰਦਾਇ- ਰਾਮਾਨੁਜੀ ਕ੍ਰਿਸ਼ਨ ਭਗਤੀ ਤੋਂ ਵੱਖਰੀ ਰਾਮ ਭਗਤ ਸ਼ਾਖਾ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਦੀ ਪਹਿਲੀ ਪ੍ਰਚਲ ਪ੍ਰਣਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ ਭਗਤ ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ। ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਨ੍ਹਾਂ ਸਭ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਇਤਿਹਾਸਕਾਰਾਂ ਅਨੁਸਾਰ ਪਹਿਲੀ ਵਾਰ ਨਾਮਦੇਵ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਦੱਖਣ ਦੇ ਕੁਮਾਰ ਤੀਰਥ ਉਤੇ ਹੋਇਆ। ਦੂਜੀ ਵਾਰ ਜਨਮਸਾਖੀ ਮਿਹਰਬਾਨ ਜੀ ਵਾਲੀ ਅਨੁਸਾਰ ਅਯੁੱਧਿਆ ਵਿਚ ਮੇਲ ਹੋਇਆ। ਅਯੁੱਧਿਆ ਵਿਚ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਨ ਲਈ ਸ੍ਰੀ ਸੈਣ ਜੀ ਗੁਰੂ ਨਾਨਕ ਦੇਵ ਜੀ ਤੋਂ ਮਿਲਾਪ ਕਰਨ ਦੀ ਆਗਿਆ ਲੈਣ ਲਈ ਸਾਰੀ ਭਗਤ ਮੰਡਲੀ ਵੱਲੋਂ ਗਏ। ਇਸ ਵਿਚ ਸ੍ਰੀ ਨਾਮਦੇਵ ਜੀ ਵੀ ਸ਼ਾਮਲ ਸਨ। ਇਹਨਾਂ ਮਿਲਣੀਆਂ ਵਿਚ ਸਭ ਭਗਤ ਗੁਰੂਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੇ ਨਿਰਗੁਣ ਵਿਚਾਰਧਾਰਾ ਦਾ ਪ੍ਰਭਾਵ ਪਿਆ। ਖੂਬ ਵਿਚਾਰ ਵਟਾਂਦਰਾ ਹੋਇਆ। ਇਸ ਸਚਿਆਈ ਦਾ ਵਰਣਨ ਖੁਦ ਨਾਮਦੇਵ ਜੀ ਦੀ ਬਾਣੀ ਦੀ ਇਸ ਸੱਤਰ ਤੋਂ ਮਿਲਦਾ ਹੈ- "ਗਿਆਨ ਅੰਜਨੁ ਸੋ ਕਉ ਗੁਰਿ ਦੀਨਾ।"

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨਾਮਦੇਵ ਜੀ ਦੀ ਬਾਣੀ 'ਚ ਰਾਗਾਂ ਵਿਚ ਆਉਂਦੀ ਹੈ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ:- 1. ਗੌਂਡ, 2. ਮਾਲੀ ਗਉੜਾ, 3. ਮਾਰੂ, 4. ਭੈਰਉ, 5. ਬਸੰਤ, 6. ਸਾਰੰਗ, 7. ਮਲਾਰ, 8. ਕਾਨੜਾ, 9. ਪ੍ਰਭਾਤੀ, 10. ਗਾਉੜੀ, 11 ਆਸਾ, 12. ਗੁਜਰੀ, 13. ਸੋਰਠ, 14. ਧਨਾਸਰੀ, 15. ਟੋਡੀ, 16. ਤਿਲੰਗ, 17. ਬਿਲਾਵਲ, 18. ਰਾਮਕਲੀ। ਕੁੱਲ ਪਦੇ 61 ਹਨ। ਤਿੰਨ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਲਿਖੇ ਹੋਏ ਹਨ।

ਨਾਮਦੇਵ ਜੀ ਦੀ ਸਰਲ ਜਿਹੀ ਹਿੰਦੀ ਵਿਚ ਮਿਲਦੀ ਹੋਰ ਬਾਹਰਲੀ ਬਾਣੀ ਸ਼ਾਮਲ ਕਰਕੇ ਕੁੱਲ ਪਦੇ 234 ਕਹੇ ਜਾਂਦੇ ਹਨ। ਹਿੰਦੀ ਅਤੇ ਮਰਾਠੀ ਵਿਦਵਾਨ ਨਾਮਦੇਵ ਜੀ ਦੀ ਇਸ ਰਚਨਾ ਨੂੰ 'ਹਿੰਦੀ ਪਦਾਵਲੀ' ਦਾ ਨਾਮ ਦਿੰਦੇ ਹਨ। ਮਰਾਠੀ ਵਿਚ ਨਾਮਦੇਵ ਜੀ ਦੇ ਨਾਮ ਹੇਠ 'ਅਭੰਗਾਂ' (ਗੀਤਾ) ਦੀ ਗਿਣਤੀ 25 ਹਜ਼ਾਰ ਤੱਕ ਚਲਦੀ ਹੈ। ਮਰਾਠੀ ਦੇ ਕਵੀ, ਸੰਤ ਭਗਤ, ਰਚਨਾਕਾਰ ਘੱਟੋ ਘੱਟ ਛੇ ਨਾਮਦੇਵ ਪ੍ਰਸਿੱਧ ਹਨ। ਕਿਉਂਕਿ 'ਅਭੰਗ' ਸਾਰਿਆਂ ਦੇ ਇਕੱਠੇ ਕੀਤੇ ਹੋਏ ਹਨ। ਇਸ ਗੱਲ ਦਾ ਪਤਾ ਲਾਉਣਾ ਕਿਸ ਸੰਤ ਭਗਤ ਜਾਂ ਰਚਨਾਕਾਰ ਦੇ ਕਿੰਨੇ 'ਅਭੰਗ' ਹਨ ਇਕ ਲੰਮੀ ਪੜਤਾਲ ਦਾ ਵਿਸ਼ਾ ਹੈ। ਇਸ ਗੱਲ ਦਾ ਨਿਰਣਾ ਅਜੇ ਤੱਕ ਨਹੀਂ ਹੋ ਸਕਿਆ ਤੇ ਨਿਰਣੇ ਕਰਨਾ ਵੀ ਅਸੰਭਵ ਜਾਪਦਾ ਹੈ। ਮਹਾਂਰਾਸ਼ਟਰ ਸਰਕਾਰ ਨੇ ਇਕ ਵੱਡ-ਆਕਾਰੀ ਗ੍ਰੰਥ 'ਨਾਮਦੇਵ ਗਾਥਾ' ਜਿਸ ਦੇ 1150 ਸਫ਼ੇ ਹਨ, ਛਾਪਿਆ ਹੈ। ਜਿਸ ਵਿਚ ਇੱਧਰੋਂ ਉਧਰੋਂ ਜੋ ਵੀ ਨਾਮਦੇਵ ਦੇ ਨਾਮ ਨਾਲ ਰਚਨਾ ਮਿਲਦੀ ਸੀ, ਸਭ ਕੁਝ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਹਨਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਾਲੇ ਪਦੇ ਵੀ ਸ਼ਾਮਲ ਹਨ।

'ਪ੍ਰਾਚੀਨ ਮਰਾਠੀ ਸੰਤ ਕਵੀ' ਅਨੁਸਾਰ ਨਾਮਦੇਵ ਜੀ ਛੇ ਹੋਏ ਹਨ। ਜਿਹਨਾਂ ਦੇ 'ਅਭੰਗ' ਮਰਾਠੀ ਵਿਚ ਗਾਏ ਜਾਂਦੇ ਹਨ। 'ਹਿੰਦੀ ਨਿਰਗੁਣ ਕਾਵਯ, ਕਾ ਪ੍ਰਾਰੰਭ ਔਰ ਨਾਮਦੇਵ ਜੀ ਕੀ ਹਿੰਦੀ ਕਵਿਤਾ।' ਡਾ. ਸੰ. ਕੇ. ਅਡੇਕਰ ਦਾ ਪੀ. ਐਚ. ਡੀ. ਦਾ ਖੋਜ ਨਿਬੰਧ ਹੈ, ਇਸ ਪੂਰੇ ਨਿਬੰਧ ਵਿਚ ਛੇ ਨਾਮਦੇਵ ਹੋਣ ਦੀ ਪੁਸ਼ਟੀ ਵੇਰਵੇ ਦੇ ਕੇ ਇਸ ਤਰ੍ਹਾਂ ਕੀਤੀ ਗਈ ਹੈ-
ਪਹਿਲੇ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਦੱਸਿਆ ਹੈ। ਵੇਹ ਕੁਛ ਅਭੰਗੋਂ ਮੇਂ ਆਪਨੇ ਨਾਮ ਕਾ ਉਲੇਖ ਕੇਵਲ 'ਨਾਮਾ' ਸ਼ਬਦ ਸੇ ਕਰਤੇ ਹੈ। ਕੁਝ ਅਭੰਗੋਂ ਮੇਂ ਅਪਨੇ ਨਾਮ ਕਾ ਉਲੇਖ 'ਵਿਸਹਾਰ ਨਾਮਾ' ਸ਼ਬਦ ਸੇ ਕਰਤੇ ਹੈ ਤਥਾ ਵਿਸ਼ਨੂਦਾਸ ਨਾਮਾ ਆਦਿ ਮੁਦ੍ਰਾਯੋ ਦੁਆਰਾ ਅਪਨਾ ਪ੍ਰੀਚਯ ਦੇਤੇ ਹੈਂ।"

ਦੂਜੇ ਵਿਸ਼ਨੂਦਾਸ ਨਾਮ, 'ਨਾਮਦੇਵ ਕੇ ਮਰਾਠੀ ਅਭੰਗ ਤਥਾ ਹਿੰਦੀ ਪਦੋਂ ਮੇਂ ਵਿਸ਼ਨੂ ਦਾਸ ਨਾਮਾ ਕਾ ਨਾਮ ਬਾਰ-ਬਾਰ ਆਇਆ ਹੈ। ਉਨ ਕਾ ਕਾਲ 1580-1633 ਕੇ ਮਧਯ ਹੈ ਦੋਨੋਂ ਮੇਂ ਢਾਈ ਸੌ ਵਰਸ਼ ਕਾ ਅੰਤਰ ਹੈ।'

ਤੀਜਾ ਨਾਮ ਪਾਠਕ: ਸੰਤ ਇਕਾਨਾਥ ਕ੍ਰਿਤ ਮਾਲਾ ਵਿਚ ਇਸ ਨਾਮੇ ਦਾ ਉਲੇਖ ਆਉਂਦਾ ਹੈ।

ਚੌਥਾ ਨਾਮਦੇਵ ਸਿੰਪੀ- 'ਮਹਾਨ ਭਾਵੀ ਪੰਥੀ ਏਕ ਅਨਯ ਵਿਅਕਤੀ ਨਾਮਦੇਵ ਭੀ ਪ੍ਰਸਿੱਧ ਹੈ ਜਿਸ ਦਾ ਉਲੇਖ ਮਹਾਨ ਭਾਵ ਪੰਥੀ ਗਿਆਨੇਸ਼ਵਰ ਕਾਲ ਕਾ ਮਾਨਤੇ ਹੈਂ, ਅਪਨੇ ਆਪ ਕੋ ਵਿਸਨੂੰਦਾਸ ਨਾਮਾ ਜੀ ਲਿਖਤੇ ਹੈਂ।

(ਗਿਆਨਦੇਵ ਅਤੇ ਗਿਆਨੇਸ਼ਵਰ ਨੂੰ ਇਕ ਮੰਨਣ ਵਾਲਿਆਂ ਦਾ ਹੀ ਇਹ ਮਤ ਹੋ ਸਕਦਾ ਹੈ। ਅਸਲ ਵਿਚ ਇਹੋ ਹੀ ਉਹ ਨਾਮਦੇਵ ਹਨ ਜਿਹਨਾਂ ਨੂੰ ਪਛਾਨਣਾ ਹੈ।)

ਪੰਜਵਾਂ ਨਾਮਦੇਵ ਮਹਾਨ ਭਾਵ ਪੰਥੀ ਏਕ ਔਰ ਨਾਮਦੇਵ ਭੀ ਪ੍ਰਸਿੱਧ ਹੈ, ਜਿਸ ਕਾ ਉਲੇਖ ਮਹਾਨ ਭਾਵ ਪੰਥ ਕੇ ਪ੍ਰਸਿੱਧ ਗ੍ਰੰਥ 'ਬਿਠੁਲ ਬੀਰੂ ਕਥਨ' ਨਾਮ ਪ੍ਰਕਰਣ ਮੇਂ ਆਤਾ ਹੈ। ਯਹ ਕੋਲੀ (ਮਛੂਆ ਜਾਤੀ ਕਾ ਥਾ)

ਛੇਵਾਂ ਬਲਕ੍ਰੀੜਾ ਕਰਤਾ ਨਾਮਦੇਵ, ਇਸ ਕੇ ਬਾਲ ਲੀਲਾ ਕੇ ਅਭੰਗ ਬਹੁਤ ਹੀ ਮਧੁਰ ਹੈ ਕਿੰਤੂ ਇਨ ਅਭੰਗੋਂ ਕੀ ਭਾਸ਼ਾ ਪ੍ਰਾਚੀਨ ਪ੍ਰਤੀਤ ਹੋਤੀ ਹੈ। ਉਸ ਨੇ ਆਪਨੇ ਏਕ ਅਭੰਗ ਮੇਂ ਵਿਸੋਵਾ ਖੇਤਰ ਕਾ ਉਲੇਖ ਕੀਆ ਹੈ।

ਅਸੀਂ ਇਨ੍ਹਾਂ ਛੇ ਨਾਮਦੇਵਾਂ ਵਿਚੋਂ ਉਸ ਨਾਮਦੇਵ ਦੀ ਪਛਾਣ ਕਰਨੀ ਹੈ, ਜਿਸ ਨਾਮਦੇਵ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਉਹ ਨਾਮਦੇਵ ਜੀ ਕਿਹੜੇ ਹਨ? 'ਸਕਲ ਸੰਤ ਗਾਥਾ' ਗ੍ਰੰਥ ਵਿਚ ਨਾਮਦੇਵ ਛਾਪ ਹੇਠਾਂ ਪੰਝੀ ਹਜ਼ਾਰ ਅਭੰਗ ਦੱਸੇ ਹੋਏ ਹਨ। ਇਨ੍ਹਾਂ ਵਿਚ ਪੰਜ ਸੌ, ਵੱਧ ਤੋਂ ਵੱਧ ਛੇ ਸੌ ਅਭੰਗ ਹੀ ਉਸ ਅਸਲ ਨਾਮਦੇਵ ਦੇ ਮੰਨੇ ਜਾਂਦੇ ਹਨ, ਜੋ ਸਿੰਪੀ (ਛੀਂਬਾ) ਸੀ। ਜਿਸ ਨਾਲ ਕਈ ਚਮਤਕਾਰ ਜੁੜੇ ਹੋਏ ਹਨ। ਕਈ ਨਾਮਦੇਵ ਹੋਣ ਕਾਰਨ ਇਕ ਦੂਜੇ ਨਾਲ ਪ੍ਰਸੰਗ ਅਤੇ ਰਚਨਾ ਮੇਲਣ ਦੀ ਖਿੱਚੋਤਾਣ ਖੋਜਕਾਰਾਂ ਵਿਚ ਚਲਦੀ ਆ ਰਹੀ ਹੈ। ਅਲੱਗ ਅਲੱਗ ਖੋਜਕਾਰਾਂ ਤੇ ਵਿਦਵਾਨਾਂ ਦੀ ਅਲੱਗ ਅਲੱਗ ਰਾਏ ਹੈ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜੋ ਬਾਣੀ ਨਾਮਦੇਵ ਜੀ ਦੀ ਆਈ ਹੈ, ਉਹ ਉਕਤ ਦੱਸੇ ਗਏ ਚੌਥੇ ਸਥਾਨ ਤੇ ਆਏ ਨਾਮਦੇਵ ਸਿੰਪੀ ਜੀ ਦੀ ਹੈ, ਜੋ ਗਿਆਨਦੇਵ ਵੈਸ਼ਣਵ ਦੇ ਸਮਕਾਲੀ ਸਨ। ਇਸ ਗੱਲ ਨੂੰ ਮਹਾਨ ਵਿਦਵਾਨ ਸ੍ਰੀ ਭਾਰਦਵਾਜ ਨੇ ਆਪਣੀ ਪੁਸਤਕ 'ਗਿਆਨੇਸ਼ਵਰ ਵ ਗਿਆਨ ਦੇਵ' ਵਿਚ ਉਦਾਹਰਣਾਂ ਸਹਿਤ ਪ੍ਰਮਾਣ ਦੇ ਕੇ ਦੱਸਿਆ ਹੈ। ਉਹਨਾਂ ਦੇ ਕਥਨ ਯਥਾਰਥ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ।

ਨਾਮ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਰਾਤ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਅਵਹਿ ਕੋਇ ਨ ਮੇਟੇ ਭਾਈ॥

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤਾਂ ਦਾ ਸਭ ਤੋਂ ਪਹਿਲਾ ਉਕਤ ਵਰਣਨ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ, ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਸ ਤੋਂ ਪਤਾ ਚਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਗਤਾਂ ਦੀ ਬਾਣੀ, ਗੁਰਬਾਣੀ ਦੀਆਂ ਪੋਥੀਆਂ ਵਿਚ ਲਿਖੇ ਜਾਣ ਦਾ ਕਰਮ ਚੱਲਿਆ। ਆਦਿ ਬੀੜ ਦੀ ਰਚਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਕ ਸ਼ਬਦ ਤੇ ਬਾਣੀਆਂ ਇਕੱਠੀਆਂ ਕਰਨ ਲਈ ਦੂਰ-ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ। ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਜੀਵਨ ਜਾਂਚ ਸਿੱਖਣ ਲਈ ਤੇ ਅਧਿਆਤਮਕ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀ ਸੇਧ ਮਿਲਦੀ ਹੈ।

ਉਹਨਾਂ ਸਿੱਖਿਆਵਾਂ ਤੇ ਅਮਲ ਕਰਕੇ ਵਧੀਆ ਮਾਨਵ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਜੋ ਯੋਧਪੁਰ ਵਾਲੀ ਪੋਥੀ ਵਿਚ ਦਰਜ ਹੈ, ਉਸ ਵਿਚੋਂ ਕੁਝ ਟੂਕਾਂ ਨਿਮਨ ਲਿਖਤ ਅਨੁਸਾਰ ਹਨ:-
ਸਾਚਾ ਤੁਮਹਾਰ ਨਾਉ ਹੈ, ਝੂਠਾ ਸਭ ਸੰਸਾਰ॥
ਮਨਸ਼ਾ ਬਾਚਾ ਉਨਮੁਨਾ, ਕਲਿ ਕੇਵਲ ਨਾਮ ਆਧਾਰ॥
ਦੁਨੀਆਂ ਮੈ ਦੋ ਜੁਗੁਘਣਾ, ਦਾਰਣਦੁਖ ਅਧਿਕ ਅਪਾਰ॥

**(ਬਾਕੀ ਅਗਲੇ ਸਫੇ ਤੇ)**

# ਸਤਿਗੁਰੂ ਨਾਮਦੇਵ ਜੀ

(ਸਫਾ 21 ਦੀ ਬਾਕੀ)

ਮੈ ਤੋ ਬਿਚ ਪਰਦਾ ਕਿਹਾ ਲੋਭ ਬਛਾਈ ਕਾਮ।।
ਕੋ ਏਕ ਹਰਿਜਨ ਉਬਰੇ,
ਜਿਨਿ ਸਿਮਰਿਆ ਨਿਹਚਲ ਰਾਮ।।
ਲੋਕ ਬੇਦ ਕੇ ਸੰਗ ਬ੍ਰਹਮਾ, ਸਲਿਲ ਮੋਹ ਕਾ ਧਾਰ।।
ਜਨ ਨਾਮਦੇਵ ਕੇ ਸਵਾਮੀ ਬੀਠੁਲਾ,
ਮੋਹਿ ਖੇਵਿ ਉਤਾਰੋ ਪਾਰ।।

ਉਕਤ ਪਦਾ ਨਾਮਦੇਵ ਜੀ ਦੀ ਪਰਪੱਕ ਅਧਿਆਤਮਕ ਅਵਸਥਾ ਦਾ ਪ੍ਰਮਾਣ ਹੈ। ਇਸਦਾ ਕਾਵਿ ਰੂਪ ਭੀ ਸਲੋਕਾਂ ਵਾਲਾ ਹੀ ਹੈ।

ਬਿਸਨੁਦਾਸ ਨਾਮਪਦ ਦੀ ਵਰਤੋਂ ਵੀ ਇਕ ਤੁਕ ਵਿਚ ਆਈ ਹੈ ਜਿਸ ਤੋਂ ਨਾਮਦੇਵ ਜੀ ਦੇ ਵੈਸ਼ਨਵ ਹੋਣ ਦਾ ਪਤਾ ਲੱਗਦਾ ਹੈ।

ਬਿਸਨੁ ਦਾਸ ਨਾਮਾ ਇਹਿਆ ਸੰਗੇ ਭੇਟੀ ਲਾ ਸੇਈ।।

ਇਕਾਦਸ਼ੀ ਵਰਤ ਜੋ ਨਾਮਦੇਵ ਜੀ ਪਹਿਲਾਂ ਰੱਖਦੇ ਰਹੇ, ਫਿਰ ਵਿਰੋਧੀ ਹੋ ਗਏ, ਬਾਹਰਲੀ ਬਾਣੀ ਵਿਚ ਭੀ ਵਿਰੋਧੀ ਪ੍ਰਭਾਵੀ ਜ਼ਿਕਰ ਆਉਂਦਾ ਹੈ:-

'ਏਕਾਦਸ਼ੀ ਵਰਤ ਕਰੇ ਕਾਹੇ ਕੋ ਤੀਰਥ ਜਾਈ।।''

ਗੁਰੂ ਸ਼ਬਦ ਨੂੰ ਬੈਕੁੰਠ ਦਾ ਸਾਧਨ ਮੰਨਿਆ ਹੈ-

ਗੁਰੂ ਕੈ ਸ਼ਬਦ ਬੈਕੁੰਠ ਨਿ ਸਰਦੀ।
ਹਿਰਦੈ ਰਾਗ ਪ੍ਰੇਮ ਰਸ ਬਾਣੀ।।

ਸਤਿਨਾਮ ਸ਼ਬਦ ਦੀ ਵਰਤੋਂ ਭੀ, ਜੋਧਪੁਰੀ ਪੋਥੀ ਦੇ ਇਨ੍ਹਾਂ ਪਦਿਆਂ ਵਿਚ ਆਈ ਹੈ:-

ਭਣਤ ਨਾਮਦਿਉ ਛੀਪਾ ਕਹੇਰੇ ਪੁਕਾਰੇ ਮੀਤਾ।
ਹਿਰਦੇ ਮੇ ਰੰਗ ਹਿਰਦੈ ਛੀਪਾ ਕਹੇ ਰੇ ਪੁਕਾਰੇ ਮੀਤਾ।।

ਜੀਵਨ ਮੁਕਤ ਹੋਏ ਬਿਨਾਂ- ਨਾਮਦੇਵ ਜੀ ਦਾ ਕਥਨ ਹੈ, ਮੈਨੂੰ ਪ੍ਰਤੀਤ ਨਹੀਂ ਆ ਸਕਦੀ:-

ਯਹੁ ਪ੍ਰਤੀਤ ਮੋਹਿ ਨਹੀਂ ਆਵੈ, ਜੀਵਨ ਮੁਕਤ ਨਾ ਪਾਇ।।

ਗੁਰ ਪ੍ਰਸਾਦਿ ਦਾ ਵਰਣਨ ਢੁਕਵੇਂ ਢੰਗ ਨਾਲ ਇਸ ਬਾਣੀ ਵਿਚ ਕਈ ਵਾਰ ਆਇਆ ਹੈ:-

ਪ੍ਰਣਵਤ ਨਾਮਦੇਵ ਗੁਰੂ ਪ੍ਰਸਾਦਿ ਜੋ ਖੋਜੈ ਸੋ ਪਾਵੈ।
ਪ੍ਰਣਵਤ ਨਾਮਦੇਵ ਗੁਰਪ੍ਰਸਾਦਿ ਪਾਇਆ,
ਤਿਨਹੀ ਲੁਕਾਇਆ।।

ਜੋਤ ਪ੍ਰਗਟ ਹੋਣ ਅਤੇ ਅਮਰ ਪਦ ਪਰਸ ਲੈਣ ਲੈਣ ਦੀ ਪਰਪੱਕ ਅਨੁਭਵੀ ਅਨੁਭੂਤੀ ਭੀ ਪ੍ਰਗਟ ਹੋਈ ਹੈ:-

ਦੀਵੈ ਪਰਵੈ ਤੇਲ ਕੇ ਬਾਤੀ। ਜੋਤ ਸਰੂਪ ਬੋਲੇ ਦਿਨ ਰਾਤੀ।।
ਭਗਤ ਨਾਮਦੇਵ ਅਮਰ ਪਦ ਪਰਸਿਆ।
ਪਯੰਡ ਭਇਆ ਮੁਕਤਿ ਹੋਇਆ ਤਦ ਦਰਸਾਇਆ।।

ਤੀਰਥਾਂ ਤੇ ਭ੍ਰਮਣ ਬਾਰੇ ਤ੍ਰਿਲੋਚਨ ਜੀ ਨੂੰ ਸੰ-ਬੋਧਨ ਕਰਕੇ ਕਿਹਾ ਹੈ:-

ਭਨਤ ਨਾਮਦੇਵ ਸੁਨਤੁ ਤ੍ਰਲੋਚਨ ਏ
ਤੀਰਥ ਸਭ ਅਭਿਕੇ ਭੋਜਨ।।
ਪ੍ਰਣਵਤ ਨਾਮਾ ਧਰਮ ਤਤ ਹੈ,
ਸਤਿਗੁਰ ਨਿਕਟ ਬਿਠਾਇਲਾ।।

ਬ੍ਰਾਹਮਣੀ ਕਰਮਕਾਂਡ ਨੂੰ ਥਾਂ-ਥਾਂ ਨਕਾਰਿਆ ਹੈ, ਕਿਹਾ ਹੈ ਉਹ ਤਤ ਨਹੀਂ ਪੀਂਦੇ ਜਾਤੀ ਅਭਿਮਾਨ ਵਿਚ ਹੀ ਮਸਤ ਰਹਿੰਦੇ ਹਨ:-

ਬ੍ਰਹਮਨ ਮਦ ਭਰਿਆ ਸਖਾ
ਤਤ ਨਾ ਪੀਵੈ ਤਤ ਮਾਤਲ ਵਰਵਾ।।
ਹਰਿਕੋ ਦਾਸ ਭਣੈ ਨਾਮਾ।। ਰਾਮ ਨਾਮ ਬਿਨ ਔਰ ਨਾ ਜਾਨਾ।।

ਕੀਟ ਪਤੰਗਾਂ ਦੀ ਭੀ ਹਰਿ ਜਸ ਸੁਣਨ ਕਰਕੇ ਮੁਕਤੀ ਹੁੰਦੀ ਦੱਸੀ ਗਈ ਹੈ-

ਕੀਟ ਪਤੰਗ ਸੁਨਤ ਗਤ ਪਾਵੈ, ਗੋਬਿੰਦ ਜਸ ਨਿਸਤਾਰੈ।।
ਅਜਮਲ ਗਨਕਾ ਸੂਕ ਪੰਖੀ ਰਸਨਾ ਨਾਮ ਉਚਾਰੈ।।

ਹਰਿ ਭਜਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਹੈ, ਹੇ ਪ੍ਰਾਣੀ ਤੂੰ ਅਨੇਕਾਂ ਵਾਰੀ ਪਸ਼ੂ ਹੋ ਕੇ ਜੰਮਿਆ ਹੈ। ਸਤਿਗੁਰੂ ਸਰਨ ਪੈ ਕੇ ਨਾਮ ਜਪ:-

ਅਨੇਕ ਬਾਰ ਪਸ਼ੂ ਹ੍ਵੈ ਔਤਰਯੋ।
ਲਾਖ ਚਉਰਾਸੀ ਭ੍ਰਮਤ ਫਿਰਯੋ।।
ਪਾਇਓ ਨਹੀ ਕਹੀ ਵਿਸਰਾਮ। ਸਤਿਗੁਰ ਸਰਨਿ ਸਰਨਿ ਗਹਿਉ ਨਹੀਂ ਰਾਮ।।

ਰਾਮ ਕਲਿਆਨ ਵਿਚ ਪਦੇ ਦੀ ਪਹਿਲੀ ਤੁਕ ਹੈ:-

ਨਾਚ ਰੇ ਮਨ ਰਾਮ ਕੇ ਆਗੇ। ਗਿਆਨ ਵਿਚਾਰ ਜੋਗ ਆਗੈ।।

ਉਕਤ ਪਦਿਆਂ ਵਿਚ ਸਰਗੁਣ ਤੇ ਨਿਰਗੁਣ ਦੋਹਾਂ ਦੀ ਝਲਕ ਮਿਲਦੀ ਹੈ।

ਨਾਮਦੇਵ ਜੀ ਕਈ ਹੋਏ ਹਨ ਉਕਤ ਕਥਨਾਂ ਵਿਚ ਇਸ ਦੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਨਾਮਦੇਵ ਛੇ ਹੋਏ ਹਨ। ਪਰ ਕਿਸ ਨਾਮਦੇਵ ਜੀ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਪ੍ਰਵਾਨ ਚੜ੍ਹੀ। ਇਸ ਗੱਲ ਦੀ ਪਛਾਣ ਕਰਨੀ ਕੋਈ ਸੌਖੀ ਗੱਲ ਨਹੀਂ ਹੈ। ਦੂਸਰੀ ਮੁਸ਼ਕਲ ਉਨ੍ਹਾਂ ਦੇ ਜਨਮ ਸਮੇਂ ਅਤੇ ਜਨਮ ਭੂਮੀ ਬਾਰੇ ਹੈ। ਕਿਉਂਕਿ ਮਹਾਰਾਸ਼ਟਰ (ਪਹਿਲਾਂ ਪੂਨਾ ਪ੍ਰਾਂਤ) ਸਤਾਰਾ, ਪੰਡਰਪੁਰ ਆਦਿਕ ਅਤੇ ਬਰਾੜ ਇਲਾਕੇ ਵਿਚ ਛੇ-ਸੱਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਦੇ ਨਾਂ ਨੂੰ ਚਮਤਕਾਰੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਕਾਰਨ, ਸਾਰਿਆਂ ਨਾਮਦੇਵਾਂ ਨੂੰ ਇਕੋ ਕੜੀ ਵਿਚ ਰੱਖ ਲਿਆ ਹੈ। ਹਾਲਾਂਕਿ ਇਨ੍ਹਾਂ ਦੇ ਜਨਮ ਸਥਾਨ ਕਈ ਹੋ ਸਕਦੇ ਹਨ। ਇਹ ਵੀ ਕੋਈ ਵੱਡੀ ਗੱਲ ਨਹੀਂ ਸਾਰੀਆਂ ਥਾਂਵਾਂ ਹੀ ਠੀਕ ਹੋਣ ਕਿਸੇ ਨਾਮਦੇਵ ਦਾ ਕੋਈ ਜਨਮ ਸਥਾਨ ਤਾਂ ਹੋਵੇਗਾ ਹੀ। ਕਿਉਂਕਿ ਨਾਮਦੇਵ ਅਨੇਕਾਂ ਹੋਏ ਹਨ। ਇਸ ਲਈ ਉਹਨਾਂ ਦੇ ਜਨਮ ਸਥਾਨ, ਮਰਨ ਸਥੱਲ ਜਾਂ ਸਮਾਧੀਆਂ ਭੀ ਕਈ ਹੋਣੀਆਂ ਚਾਹੀਦੀਆਂ ਹਨ। ਇਤਿਹਾਸਕਾਰਾਂ ਨੇ ਉਹਨਾਂ ਦੇ ਪਿਤਾ ਦਾ ਨਾਮ ਬਿਠਲ ਪੰਤ ਤੇ ਮਾਤਾ ਦਾ ਨਾਮ ਹੁਕਮੀ ਦੱਸਿਆ ਹੈ। ਭਗਤਮਾਲਾ ਦੇ ਲੇਖਕ ਨੇ ਉਹਨਾਂ ਦੇ ਜਨਮ ਦਾ ਸਮਾਂ 1545 ਸੰਮਤ ਲਿਖਿਆ ਹੈ ਤੇ ਕਿਸੇ ਕਿਸੇ ਨੇ 1500 ਸੰਮਤ ਵੀ ਲਿਖਿਆ ਹੈ। ਉਸ ਸਮੇਂ ਭਾਰਤ ਵਰਸ਼ ਤੇ ਸਿਕੰਦਰ ਲੋਧੀ ਦਾ ਰਾਜ ਸੀ। ਨਾਮਦੇਵ ਜੀ ਦੇ ਵੰਸ਼ਜ ਅਜੇ ਵੀ ਪੰਡਰਪੁਰ ਵਿਚ ਹਨ, ਉਹਨਾਂ ਨੂੰ ਨਾਮਦਾਸੀ ਕਹਿੰਦੇ ਹਨ।

ਨਾਮਦੇਵ ਜੀ ਮਹਾਂਰਾਸ਼ਟਰ ਤੋਂ ਪੰਜਾਬ ਆਏ ਤੇ ਇੱਥੇ ਘੁਮਾਦ ਪਿੰਡ ਵਿਚ ਵੀਹ-ਪੰਝੀ ਵਰ੍ਹੇ ਰਹਿ ਕੇ ਅੰਤ ਨੂੰ ਇਥੇ ਹੀ ਸਮਾ ਗਏ। ਇਸ ਦੀ ਸਚਾਈ ਨੂੰ ਮਹਾਰਾਸ਼ਟਰ ਵਿਚ ਪੰਡਰਪੁਰ ਤੇ ਹੋਰ ਕਈ ਥਾਈਂ ਬਣਾਈਆਂ ਸਮਾਧੀਆਂ ਭਰਮਾਂ ਵਿਚ ਪਾ ਦਿੰਦੀਆਂ ਹਨ। ਭਾਵੇਂ ਮੁੜ-ਘਿੜ ਇਹੋ ਮੰਨਣਾ ਪੈਂਦਾ ਹੈ ਤੇ ਠੀਕ ਵੀ ਬੈਠਦਾ ਹੈ ਕਿ ਨਾਮਦੇਵ ਜੀ ਘੁਮਾਣ ਪਿੰਡ ਵੀ ਸਮਾਏ ਸਨ। ਹੋਰ ਥਾਂਵਾਂ ਉਤੇ ਦੂਜੇ ਨਾਮਦੇਵ (ਕਵੀ) ਦੇਵ-ਭਗਤ, ਬੇਸ਼ੱਕ ਸਮਾਏ ਹੋਣ।

ਨਾਮਦੇਵ ਜੀ ਦਾ ਗੁਰੂ ਕੌਣ ਹੈ? ਇਹ ਵੀ ਇਕ ਬਹੁਤ ਵੱਡਾ ਝਮੇਲਾ ਹੈ। ਗਹਿਨੀ ਨਾਥ, ਸੋਪਨ ਦੇਵ ਜਾਂ ਗਿਆਨ ਦੇਵ ਜਾਂ ਗਿਆਨ ਦੇਵ ਦਾ ਪਿਤਾ ਖੇਚਰ ਦਾਸ? ਇਸ ਪ੍ਰਤੀ ਦਿੱਤੀਆਂ ਸਾਰੀਆਂ ਉਦਾਹਰਣਾਂ ਇਕ ਦੂਜੀ ਨੂੰ ਕੱਟਦੀਆਂ ਹਨ। ਇਹ ਨਿਰਣਾ ਵੀ ਨਾਮਦੇਵ ਜੀ ਦੀ ਬਾਣੀ ਹੀ ਕਰਦੀ ਹੈ। ਜਿਸ ਵਿਚ ਉਹ ਸਤਿਗੁਰੂ ਦੀ ਪ੍ਰਾਪਤੀ ਤੇ ਉਸ ਤੋਂ ਸਤਿਨਾਮ ਦਾ ਜਾਪ ਹਾਸਲ ਹੋਇਆ ਮੰਨਦੇ ਹਨ।

ਨਾਮਦੇਵ ਜੀ ਦੇ ਜੀਵਨ ਨਾਲ ਕਈ ਚਮਤਕਾਰੀ ਘਟਨਾਵਾਂ ਜੋੜੀਆਂ ਜਾਂਦੀਆਂ ਹਨ ਤੇ ਨਾਲ ਹੀ ਕਈ ਹੈਰਾਨ ਕਰ ਦੇਣ ਵਾਲੀਆਂ ਕਥਾਵਾਂ ਵੀ ਜੋੜੀਆਂ ਜਾਂਦੀਆਂ ਹਨ, ਜਿਵੇਂ ਗਊ ਜੀਵਾਉਣ ਦਾ ਚਮਤਕਾਰ, ਦੁਆਰ ਘੁੰਮਣ ਦੀ ਘਟਨਾ, ਠਾਕੁਰ ਨੂੰ ਦੁੱਧ ਪਿਲਾਉਣ ਦੀ ਘਟਨਾ, ਛੰਪਰੀ ਉਡਣ ਦਾ ਚਮਤਕਾਰ ਤੇ ਫਿਰ 'ਦੇਵ ਗਣ' ਆਏ ਤੇ ਛੱਪਰੀ ਬਣ ਗਈ। ਨਾਮਦੇਵ ਜੀ ਨੂੰ ਭਗਤੀ ਕਰਨ ਤੋਂ ਹਟਾਉਣ ਲਈ ਉਹਨਾਂ ਨੂੰ ਦੇਹੁਰੇ ਵਿਚੋਂ ਧੱਕੇ ਮਾਰ ਕੇ ਕੱਢਣਾ, ਕੁਲੀਨ ਲੋਕਾਂ ਤੇ ਬ੍ਰਾਹਮਣਾਂ ਦੇ ਵਿਰੋਧੀ ਦੀ, ਵਿਰੋਧ ਇਸ ਲਈ ਉਭਰਦਾ ਸੀ ਕਿ ਨਾਮਦੇਵ ਜੀ ਨੀਵੀਂ ਜਾਤੀ ਦੇ ਹੋ ਕੇ ਭਗਤੀ ਜਿਹੇ ਉੱਚੇ ਕਰਮ ਧਰਮ ਕਿਉਂ ਕਰਦਾ ਹੈ? ਨਾਮਦੇਵ ਜੀ ਨੂੰ ਇਸ ਅਪਮਾਨ ਨੇ ਝੰਜੋੜਿਆ ਅਤੇ ਆਪਣੀ ਨੀਵੀਂ ਤੇ ਹੀਣ ਜਾਤੀ ਨੂੰ ਕੋਸਿਆ:-

ਹਸਤ ਖੇਲਤ ਤੇਰੇ ਦੇਹੁਰੇ ਆਇਆ।।
ਭਗਤਿ ਕਰਤ ਨਾਮਾ ਪਕਰਿ ਉਠਾਇਆ।।
ਹੀਨੜੀ ਜਾਤ ਮੇਰੀ ਜਾਇਮ ਰਾਇਆ।।
ਛੀਪੇ ਕੇ ਜਨਮਿ ਕਾਹੇ ਕਉ ਆਇਆ।।
ਲੈ ਕਮਲੀ ਚਲਿਓ ਪਲਟਾਇ।।
ਦੇਹੁਰੇ ਪਾਛੈ ਬੈਠਾ ਜਾਇ।।
ਜਿਉ ਜਿਉ ਨਾਮਾ ਹਰਿ ਗੁਣ ਉਚਰੈ।।
ਭਗਤ ਜਨਾਂ ਕਉ ਦੇਹੁਰਾ ਫਿਰੈ।।

ਔਢਾ ਪਿੰਡ ਵਿਚ ਉਹ ਦੇਹੁਰਾ ਮੌਜੂਦ ਹੈ। ਜਿਸ ਦਾ ਦੁਆਰ ਨਾਮਦੇਵ ਜੀ ਦੀ ਭਗਤੀ ਨਾਲ ਘੁੰਮ ਗਿਆ। ਇਸ ਦੀ ਹਾਮੀ ਵਿਦਵਾਨ ਵੀ ਭਰਦੇ ਹਨ। ਸਥਾਨਕ ਲੋਕਾਂ ਵਿਚ ਲੋਕ ਕਥਾ ਵੀ ਇਹੀ ਹੈ।

ਗਊ ਨੂੰ ਜੀਵਾਉਣ ਦਾ ਚਮਤਕਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਦੀ ਉਦਾਹਰਣ ਉਹਨਾਂ ਦੀ ਆਪਣੀ ਬਾਣੀ ਜੋ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ ਇਵੇਂ ਹੈ:-

ਸੁਲਤਾਨ ਪੂਛੇ ਸੁਨ ਵੀ ਨਾਮਾ।। ਦੇਖਉ ਰਾਮ ਤੁਮਾਰੇ ਕਾਮਾ''
ਨਾਮ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠੁਲਾ।।
ਬਿਸਮਿਲ ਗਊ ਦੇਹ ਜੀਵਾਇ।। ਨਾਤਰ ਗਰਦਨਿ ਮਾਰਉ ਠਾਇ।।

ਕਹਿਰ ਤ ਮੁਈ ਗਊ ਦੇਉ ਜੀਆਇ।। ਸਭ ਕੋਈ ਦੇਖੈ ਪਤੀਆਇ।।
ਨਾਮਾ ਪ੍ਰਣਮੈ ਸੇਲ ਮਸੇਲ।। ਗਊ ਦੁਹਾਈ ਬਛਰਾ ਮੇਲਿ।।
ਦੂਧਰਿ ਦੁਹਿ ਜਬ ਮਟੁਕੀ ਭਰੀ।। ਲੇ ਬਾਦਸ਼ਾਹ ਕੇ ਆਗੈ ਧਰੀ।।

ਨਾਮੇ ਕੀ ਕੀਰਤਿ ਰਹੀ ਸੰਸਾਰਿ।। ਭਗਤ ਜਨਾਂ ਲੈ ਉਧਰਿਆ ਪਾਰਿ।।
ਸਗਲ ਕਲੇਸ਼ ਨਿੰਦਕ ਭਇਆ ਖੇਦੁ।। ਨਾਮੇ ਨਾਰਾਇਣ ਨਾਹੀ ਭੇਦੁ।।

ਨਾਮਦੇਵ ਜੀ ਨੇ ਪਹਿਲਾਂ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਅਤੇ ਰਾਮਚੰਦਰ ਜੀ ਦਾ ਅਵਤਾਰਾਂ ਦੇ ਰੂਪ ਵਿਚ ਜ਼ਿਕਰ ਕੀਤਾ ਹੈ। ਬਾਅਦ ਵਿਚ ਇਹਨਾਂ ਦਾ ਕਰੜਾ ਵਿਰੋਧ ਵੀ ਕੀਤਾ ਹੈ। ਬਾਣੀ ਦਾ ਇਹ ਰੂਪ ਪ੍ਰਸਪਰ ਅੰਤਰੀਵ ਵਿਰੋਧ ਦਰਸਾਉਂਦਾ ਹੈ। ਰਾਮ ਚੰਦਰ ਜੀ ਦਾ ਰਾਵਣ ਨੂੰ ਮਾਰ ਕੇ ਲੰਕਾ ਨੂੰ ਫਤਿਹ ਕਰਕੇ ਬਭੀਖਨ ਨੂੰ ਰਾਜ ਦੇਣਾ, ਵੱਡਾ ਕਾਰਨਾਮਾ ਕਿਹਾ ਜਾਂਦਾ ਹੈ। ਨਾਮਦੇਵ ਜੀ ਨੇ ਇਸ ਦਾ ਵਰਣਨ ਕੀਤਾ ਹੈ:

ਨਾਮੇ ਕੇ ਸੁਆਮੀ ਸੀਮਾ ਬਹੋਰੀ ਲੰਕ ਭਭੀਖਣ ਆਪਿਓ ਹੋ।।
ਜਸਰਥ ਰਾਇ ਨੰਦ ਦੀਓ ਅਭੈ ਪਦੁ ਰਾਜ ਭਭੀਖਣ ਅਧਿਕ ਕਰਿਓ।।
ਗੌਤਮ ਨਾਰ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ।।

ਉਕਤ ਕਥਨਾਂ ਦੇ ਉਲਟ ਨਾਮਦੇਵ ਜੀ ਭਗਤੀ ਰਸ ਵਿਚ ਲੀਨ ਹੋ ਕੇ ਇੰਝ ਵੀ ਬਿਆਨ ਕਰਦੇ ਹਨ:-

ਪਾਂਡੇ ਤੁਮਰਾ ਰਾਮਨੰਦੁ ਸੋ ਭੀ ਆਵਤ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।

ਆਰੰਭਕ ਪੜਾਅ ਉਤੇ ਨਾਮਦੇਵ ਜੀ ਦੀ ਬਾਣੀ ਵਿਚ ਕ੍ਰਿਸ਼ਨ ਭਗਤੀ ਛਾਈ ਹੋਈ ਸੀ। ਇਸ ਸਮੇਂ ਵਿਚ ਭਗਤਾਂ ਤੇ, ਜਗਿਆਸੂਆਂ ਤੇ ਹਸਤੀਆਂ ਦੇ ਕਾਰਜ ਸਵਰੇ ਮੰਨੇ ਜਾਂਦੇ ਹਨ, ਵਿਸ਼ਨੂ ਦੇ ਅਵਤਾਰ, ਕ੍ਰਿਸ਼ਨ ਜੀ ਨੂੰ ਸਹਾਈ ਹੋਇ ਮੰਨਿਆ ਹੈ:-

ਦੇਵਾ ਪਾਹਨ ਤਾਰੀਅਲੈ।। ਰਾਮ ਕਹਤ ਜਨ ਕਸ ਨ ਤਰੇ।।
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।।
ਚਰਨ ਬਧਿਕ ਜਨ ਤੇਊ ਮੁਕਤਿ ਭਏ ਹਊ ਬਲਿ ਬਲਿ ਜਿਨ ਰਾਮ ਕਹੇ।।
ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ।।
ਜਪਹੀਨ ਤਪਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ।।

ਜੋ ਭਗਤ ਪਹਿਲਾ ਕ੍ਰਿਸ਼ਨ ਜੀ ਦੇ ਉਪਾਸ਼ਕ ਅਤੇ ਰਾਮ ਜੀ ਅਰਾਧਕ ਹੋਏ, ਕੋਈ ਭੀ ਪ੍ਰਾਣੀ ਨਾਮ ਸਾਧਨਾ ਰਾਹੀਂ ਪਰਮਪਦ ਨੂੰ ਪ੍ਰਾਪਤ ਹੋ ਸਕਦਾ ਹੈ, ਪਹਿਲਾਂ ਭਾਵੇਂ ਉਹ ਬੁੱਤ-ਪੂਜ ਹੋਵੇ ਜਾਂ ਅਵਤਾਰ ਪ੍ਰਸਤ ਜਾਂ ਹੋਰ ਦੇਵੀ ਦੇਵਤਿਆਂ ਦਾ ਉਪਾਸ਼ਕ, ਗੁਰਬਾਣੀ ਇਸ ਉਦਾਰਤਾ ਦਾ ਪ੍ਰਮਾਣ ਹੈ:-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।

ਨਾਮਦੇਵ ਜੀ ਦਾ ਨਿਮਨ ਲਿਖਤ ਪਦਾ ਅਧਿਆਤਮਕ ਰਹੱਸ ਭਰਿਆ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਹੋਣ ਦਾ ਝਲਕਾਰਾ ਪ੍ਰਤੱਖ ਨਜ਼ਰ ਆਉਂਦਾ ਹੈ:-

ਪਾਂਡੇ ਤੁਮਰਾ ਰਾਮਚੰਦ ਸੋਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।
ਹਿੰਦੂ ਅੰਨ੍ਹਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।
ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ।।

ਉਪਰੋਕਤ ਵਿਆਖਿਆ ਇਹ ਸਪਸ਼ਟ ਕਰਦੀ ਹੈ ਕਿ ਨਾਮਦੇਵ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮੇਲ ਤੇ ਗੋਸ਼ਟੀ ਦੇ ਪ੍ਰਭਾਵ ਨਾਲ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ। ਉਕਤ ਟੂਕਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਹੋਰ ਬੇਅੰਤ ਟੂਕਾਂ ਹਨ ਜੋ ਨਾਮਦੇਵ ਜੀ ਨੂੰ ਸਰਗੁਣ ਤੋਂ ਨਿਰਗੁਣ ਦੇ 'ਦਰਸ਼ਨ' ਵਿਚ ਪ੍ਰਗਟ ਕਰਦੀਆਂ ਹਨ। ਇਸੇ ਲਈ ਸਨਾਤਨੀ ਖਿਆਲਾਂ ਦੇ ਵੈਸ਼ਨਵ ਪੰਥੀਆਂ ਨੂੰ ਭਗਤਾਂ ਦਾ ਪਹਿਲਾ ਸਰਗੁਣਵਾਦੀ ਹੋਣ ਤੋਂ ਪਿੱਛੋਂ ਨਿਰਗੁਣਵਾਦੀ ਬਣ ਜਾਣਾ ਵਧੇਰੇ ਰੜਕਦਾ ਹੈ।

ਨਾਮਦੇਵ ਜੀ ਦਾ ਛੂਤ-ਛਾਤ ਨੂੰ ਮਿਟਾਉਣ ਦਾ ਉਪਰਾਲਾ ਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਵੀ ਕੁਲੀਨ ਉੱਚ ਜਾਤੀਆਂ ਨੂੰ ਵੀ ਰੜਕਦਾ ਸੀ।

ਲੱਗਭੱਗ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਸਮਾਜਿਕ ਬਰਾਬਰੀ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਤੇ ਇਸ ਵਿਚ ਪ੍ਰਾਪਤੀ ਵੀ ਪਾਈ। ਨਾਮਦੇਵ ਜੀ ਦੀ ਆਰੰਭਕ ਬਾਣੀ ਵਿਚ ਜੀਵਨ ਦਾ ਨਿੱਜੀ ਪਿਛੋਕੜ ਹੈ। ਫਿਰ ਜੀਵਨ ਦੇ ਵਿਸ਼ਾਲ ਤਜਰਬੇ ਤੋਂ ਬਾਅਦ ਸਰਗੁਣ ਤੋਂ ਨਿਰ-ਗੁਣ ਤੱਕ ਦੇ ਵਿਕਾਸ ਦੀ ਗਾਥਾ ਹੈ।

ਨਾਮਦੇਵ ਜੀ ਦੀ ਬਾਣੀ ਨੂੰ ਅਨੇਕਾਂ ਪੱਖਾਂ ਤੋਂ ਸਮਝਣ ਬਾਅਦ ਪਤਾ ਲੱਗਦਾ ਹੈ ਕਿ ਉਹ ਆਪਣੇ ਇਸ਼ਟ ਦੇਵ ਦੇ ਗੁਣ ਗਾਉਂਦੇ ਹਨ। ਉਹ ਉਸ ਦੀ ਅਰਾਧਨਾ ਤੇ ਪੂਜਾ ਅਰਚਨਾ ਕਰਦੇ ਹਨ। ਬਿਰਹਾ ਵਿਚ ਆਪਣੇ ਇਸ਼ਟ ਦੇਵ ਲਈ ਤੜਫਦੇ ਹਨ ਤੇ ਉਸ ਲਈ ਆਦਰਸ਼ਕ ਪ੍ਰੀਤ ਹੰਢਾਉਂਦੇ ਹਨ। ਉਹਨਾਂ ਵਿਚ ਸ਼ਰਧਾ ਤੇ ਜਗਿਆਸਾ ਹੈ ਅਤੇ ਆਪਣੇ ਇਸ਼ਟ ਦੇਵ ਲਈ ਵਲਵਲੇ ਦੇ ਦੇਸ਼ ਵਿਚ ਉਡਾਰੀਆਂ ਵੀ ਮਾਰਦੇ ਹਨ। ਪਰ ਉਹਨਾਂ ਨੇ ਪਰਮ ਆਨੰਦ ਦੇ ਗੁੱਝੇ ਭੇਦ ਵੀ ਲੁਕੋ ਕੇ ਨਹੀਂ ਰੱਖੇ। ਉਹ ਅਵਤਾਰਵਾਦ ਦੀ ਬਿਖੜੀ ਘਾਟੀ ਵਿਚੋਂ ਵੀ ਲੰਘੇ। ਉਹਨਾਂ ਨੇ ਠਾਕੁਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਵੀ ਆਰੰਭਕ ਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਦੇ ਗੁਣ ਗਾਉਣ ਵਾਲੀ ਭਾਵਨਾ ਨਾਲ ਆਪਣੀ ਆਤਮਾ ਨੂੰ ਤ੍ਰਿਪਤਾਇਆ। ਫਿਰ ਨਿਰਗੁਣਵਾਦੀ ਬਣ ਕੇ ਉਸ ਅਕਾਲ ਪੁਰਖ ਪਾਰ ਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸਦਾ ਆਨੰਦ ਵੀ ਮਾਣਿਆ। ਸਮੁੱਚੀ ਮਾਨਵਤਾ ਲਈ ਉਹਨਾਂ ਦਾ ਇਹ ਉੱਚਾ ਤੇ ਸੁੱਚਾ 'ਦਰਸ਼ਨ' ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

## ਸੁਨੇਹਾ ਨੌਂ ਨਵੰਬਰ ਲਈ!

ਸਾਰੀ ਉਮਰ ਚਲਾਈਆਂ ਚੰਮ ਦੀਆਂ
ਬਾਲਾ ਸਰ ਹੁਣ ਬੈਠਾ ਐ 'ਘਾਗ' ਭਾਈ।
ਮੁਕਤ ਕਰਨ ਆਇਆ ਏ ਸ਼ੁੱਭ ਮੌਕਾ
ਪੀਲ਼ੀ ਵੇਲ ਤੋਂ ਪੰਥ ਦਾ ਬਾਗ ਭਾਈ।
ਮੁੱਲ ਪਾਉਣ ਲਈ ਆਊ ਭਰਦਾਨ ਵੀ ਜੇ
ਲਾਇਉ ਮੂੰਹ ਨਾ ਕਰੋ ਤਿਆਗ ਭਾਈ।
ਇੱਕੋ ਟੱਬਰ ਦੀ ਜਕੜ ਜੇ ਖਤਮ ਹੋਈ
'ਦਲ' ਦੇ ਵਾਸਤੇ ਹੋਊ 'ਸੁਭਾਗ' ਭਾਈ।
ਉਸਦੇ ਲਈ 'ਸਵੇਰਾ' ਤਾਂ ਉਦੋਂ ਹੁੰਦਾ
ਸੁੱਤਾ ਪਿਆ ਕੋਈ ਪੈਂਦਾ ਏ ਜਾਗ ਭਾਈ।
ਬਾਦਲ-ਪ੍ਰਸਤੀ ਦੇ ਮੱਥੇ ਜੋ ਲੱਗ ਚੁੱਕੇ
ਨੌਂ ਨਵੰਬਰ ਨੂੰ ਧੋ ਦਿਉ 'ਦਾਗ' ਭਾਈ !



ਤਰਲੋਚਨ ਸਿੰਘ
ਦੁਪਾਲ ਪੁਰ
78146-92724 (ਪੰਜਾਬ)

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਬੰਧੀ ਅਰਜ਼ੀਆਂ ਦੀ ਮੰਗ

### ਪੁਰਸਕਾਰ ਜਿੱਤਣ ਵਾਲੇ ਨੂੰ ਮੈਡਲ, ਸਰਟੀਫਿਕੇਟ ਅਤੇ 51,000/- ਰੁਪਏ ਦੀ ਰਾਸ਼ੀ ਨਕਦ ਰੂਪ ਵਿੱਚ ਦਿੱਤੀ ਜਾਵੇਗੀ



**ਪਠਾਨਕੋਟ 1 ਨਵੰਬਰ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ ਪਠਾਨਕੋਟ ਸ। ਹਰਬੀਰ ਸਿੰਘ ਨੇ ਜਾਣਕਾਰੀ ਦਿੰ-ਦੀਆਂ ਦੱਸਿਆ ਕਿ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਦੇਣ ਲਈ ਪਠਾਨਕੋਟ ਜ਼ਿਲ੍ਹੇ ਦੇ ਯੁਵਕ/ਯੁਵਤੀਆਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਇਹ ਪੁਰਸਕਾਰ ਉਨ੍ਹਾਂ ਯੁਵਕ/ਯੁਵਤੀਆਂ ਨੂੰ ਦਿੱਤਾ ਜਾਣਾ ਹੈ ਜਿਹਨ੍ਹਾਂ ਨੇ ਪਿਛਲੇ ਦੋ ਸਾਲਾਂ ਦੋਰਾਨ ਯੁਵਕ ਗਤੀਵਿਧੀਆਂ ਜਿਵੇਂ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ।ਸੀ।ਸੀ, ਸੱਭਿਆਚਾਰਕ ਗਤੀਵਿਧੀਆਂ, ਹਾਈਕਿੰਗ ਟਰੇਕਿੰਗ, ਪਰਬਤਾ ਰੋਹਣ, ਯੂਥ ਲੀਡਰਸ਼ਿਪ ਟਰੇਨਿੰਗ ਕੈਂਪ, ਸਮਾਜ ਸੇਵਾ, ਖੇਡਾਂ, ਰਾਸ਼ਟਰੀ ਏਕਤਾ ਕੈਂਪ, ਖੂਨਦਾਨ ਕੈਂਪ, ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਐਂਡ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਵਿੱਚ ਉੱਘਾ ਤੇ ਸ਼ਲਾਘਾਯੋਗ ਕਾਰਜ ਕੀਤਾ ਹੋਵੇ। ਇਸ ਐਵਾਰਡ ਲਈ ਯੁਵਕ/ਯੁਵਤੀਆਂ ਦੀ ਉਮਰ 31 ਮਾਰਚ 2022 ਤੱਕ 15 ਤੋਂ 35 ਸਾਲ ਦੇ ਵਿਚਕਾਰ ਹੋਵੇ।

ਉਨ੍ਹਾਂ ਦੱਸਿਆ ਕਿ ਉਮੀਦਵਾਰ ਵੱਲੋਂ ਕੀਤੀਆਂ ਗਤੀਵਿਧੀਆਂ ਸਵੈ-ਇਛੁੱਕ ਅਤੇ ਬਿਨਾਂ ਕਿਸੇ ਸੇਵਾ ਫਲ ਤੋਂ ਕੀਤੀਆਂ ਹੋਣੀਆਂ ਚਾਹੀਦੀਆਂ ਹਨ। ਇਸ ਸਟੇਟ ਐਵਾਰਡ ਵਿੱਚ ਚੁਣੇ ਜਾਣ ਵਾਲੇ ਨੌਜਵਾਨਾਂ ਨੂੰ ਵਿਭਾਗ ਵੱਲੋਂ ਇੱਕ ਮੈਡਲ, ਸਰਟੀਫਿਕੇਟ,ਸਕਰੋਲ ਅਤੇ 51,000/- ਰੁਪਏ ਦੀ ਰਾਸ਼ੀ ਨਕਮ ਰੂਪ ਵਿੱਚ ਦਿੱਤੀ ਜਾਵੇਗੀ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਠਾਨਕੋਟ ਸ੍ਰੀ ਰਵਿ ਦਾਰਾ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਦੇ ਨੌਜਵਾਨ ਸਟੇਟ ਪੁਰਸਕਾਰ ਲਈ 30 ਨਵੰਬਰ 2022 ਤੱਕ ਆਪਣੀਆਂ ਅਰਜ਼ੀਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਪਠਾਨਕੋਟ ਵਿਖੇ ਦੇ ਸਕਦੇ ਹਨ ਅਤੇ ਪੁਰਸਕਾਰ ਸਬੰਧੀ ਬਿਨੈ-ਪੱਤਰ ਦੇਣ ਲਈ ਨਿਰਧਾਰਿਤ ਪ੍ਰੋਫਾਰਮਾ ਵੀ ਇਸ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦਫ਼ਤਰ ਵਿਖੇ 30 ਨਵੰਬਰ 2022 ਤੋਂ ਬਾਅਦ ਅਤੇ ਅਧੂਰੀਆਂ ਪ੍ਰਾਪਤ ਅਰਜ਼ੀਆਂ ਤੇ ਕੋਈ ਵੀ ਵਿਚਾਰ ਨਹੀਂ ਕੀਤਾ ਜਾਵੇਗਾ।

# 'ਹੈਲੋਵੀਨ' ਦੀਆਂ ਪਰੰਪਰਾਵਾਂ ਤੇ ਇਤਿਹਾਸ



ਪ੍ਰੋ: ਐਚ.ਐਲ.ਕਪੂਰ

ਹੈਲੋਵੀਨ ਅਮਰੀਕਾ ਵਿਚ ਇਕ ਛੁੱਟੀ ਹੈ ਜੋ ਹਰ ਸਾਲ ਅਮਰੀਕਾ ਵਿਚ 31 ਅਕਤੂਬਰ ਨੂੰ ਮਨਾਈ ਜਾਂਦੀ ਹੈ। ਹੈਲੋਵੀਨ ਪਰੰਪਰਾ ਦੀ ਸ਼ੁਰੂਆਤ ਸਮਹੈਨ ਦੇ ਪ੍ਰਾਚੀਨ ਸੇਲਟਿਕ ਤਿਉਹਾਰ ਨਾਲ ਹੋਈ ਸੀ, ਜਦੋਂ ਲੋਕ ਭੂਤਾਂ ਤੋਂ ਬਚਣ ਲਈ ਅੱਗ ਬਾਲਦੇ ਸਨ ਤੇ ਡਰਾਉਣੀ ਪੁਸ਼ਾਕ ਪਹਿਨਦੇ ਸਨ। ਅੱਠਵੀਂ ਸਦੀ ਵਿਚ, ਪੋਪ ਗ੍ਰੈਗਰੀ-3 ਨੇ 1 ਨਵੰਬਰ ਨੂੰ ਸਾਰੇ ਸੰਤਾਂ ਦਾ ਸਨਮਾਨ ਕਰਨ ਦਾ ਸਮਾਂ ਨਿਰਧਾਰਿਤ ਕੀਤਾ। ਜਲਦੀ ਹੀ, 'ਆਲ ਸੇਂਟਸ ਡੇ' ਨੇ ਸਮਹੈਨ ਦੀਆਂ ਕੁਝ ਪ੍ਰੰਪਰਾਵਾਂ ਨੂੰ ਸ਼ਾਮਲ ਕੀਤਾ। ਪਹਿਲਾਂ ਦੀ ਸ਼ਾਮ ਨੂੰ ਆਲ ਹੈਲੋਜ਼ ਈਵ ਅਤੇ ਬਾਅਦ ਵਿਚ ਹੈਲੋਵੀਨ ਵਜੋਂ ਜਾਣਿਆ ਜਾਂਦਾ ਸੀ। ਸਮੇਂ ਦੇ ਨਾਲ, ਹੈਲੋਵੀਨ ਚਾਲ- ਜਾਂ-ਇਲਾਜ, ਜੈਕ-ਓ-ਲੈਂਟਰਨ ਦੀ ਨੱਕਾਸ਼ੀ, ਤਿਉਹਾਰਾਂ ਦੇ ਇਕੱਠ, ਪੁਸ਼ਾਕ ਦਾਨ ਕਰਨ ਅਤੇ ਖਾਣ ਪੀਣ ਵਰਗੀਆਂ ਗਤੀਵਿਧੀਆਂ ਦੇ ਇਕ ਦਿਨ ਵਿਚ ਵਿਕਸਤ ਹੋਇਆ।

**ਹੈਲੋਵੀਨ ਦੇ ਪ੍ਰਾਚੀਨ ਮੂਲ:** ਹੈਲੋਵੀਨ ਦੀ ਸ਼ੁਰੂਆਤ ਸਮਹੈਨ ਦੇ ਪ੍ਰਾਚੀਨ ਸੇਲਟਿਕ ਤਿਉਹਾਰ (ਉਚਾਰਿਆ ਗਿਆ ਸੋਅ-ਇਨ) ਤੋਂ ਹੈ। ਸੇਲਟਸ, ਜੋ ਦੋ ਹਜ਼ਾਰ ਸਾਲ ਪਹਿਲਾਂ ਰਹਿੰਦੇ ਸਨ, ਜ਼ਿਆਦਾਤਰ ਉਸ ਖੇਤਰ ਵਿਚ ਜੋ ਹੁਣ ਆਇਰਲੈਂਡ, ਯੂਨਾਈਟਿਡ ਕਿੰਗਡਮ ਅਤੇ ਉੱਤਰੀ ਫਰਾਂਸ ਹੈ, ਨੇ ਆਪਣਾ ਨਵਾਂ ਸਾਲ 1 ਨਵੰਬਰ ਨੂੰ ਮਨਾਇਆ।

ਇਹ ਦਿਨ ਗਰਮੀਆਂ ਦੇ ਅੰਤ ਅਤੇ ਵਾਢੀ ਅਤੇ ਹਨੇਰੇ, ਠੰਢੇ ਸਰਦੀਆਂ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਸਾਲ ਦਾ ਇਕ ਸਮਾਂ ਜੋ ਅਕਸਰ ਮਨੁੱਖੀ ਮੌਤ ਨਾਲ ਜੁੜਿਆ ਹੁੰਦਾ ਹੈ। ਸੇਲਟਸ ਦਾ ਮੰਨਣਾ ਸੀ ਕਿ ਨਵੇਂ ਸਾਲ ਤੋਂ ਪਹਿਲਾਂ ਦੀ ਰਾਤ ਨੂੰ, ਜੀਵਿਤ ਅਤੇ ਮੁਰਦਿਆਂ ਦੇ ਸੰਸਾਰ ਦੇ ਵਿਚਕਾਰ ਦੀ ਸੀਮਾ ਧੁੰਦਲੀ ਹੋ ਗਈ ਸੀ। 31 ਅਕਤੂਬਰ ਦੀ ਰਾਤ ਨੂੰ ਉਨ੍ਹਾਂ ਨੇ ਸਮਹੈਨ ਮਨਾਇਆ, ਜਦੋਂ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮੁਰਦਿਆਂ ਦੇ ਭੂਤ ਧਰਤੀ 'ਤੇ ਵਾਪਸ ਆਉਂਦੇ ਹਨ।

ਮੁਸੀਬਤ ਪੈਦਾ ਕਰਨ ਅਤੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਇਲਾਵਾ, ਸੇਲਟਸ ਨੇ ਸੋਚਿਆ ਕਿ ਦੂਸਰੀ ਦੁਨਿਆਵੀ ਆਤਮਾਵਾਂ ਦੀ ਮੌਜੂਦਗੀ ਨੇ ਡਰੂਡਜ਼, ਜਾਂ ਸੇਲਟਿਕ ਪੁਜਾਰੀਆਂ ਲਈ ਭਵਿੱਖ ਬਾਰੇ ਭਵਿੱਖਬਾਣੀਆਂ ਕਰਨਾ ਆਸਾਨ ਬਣਾ ਦਿੱਤਾ ਹੈ। ਅਸਥਿਰ ਕੁਦਰਤੀ ਸੰਸਾਰ 'ਤੇ ਪੂਰੀ ਤਰ੍ਹਾਂ ਨਿਰਭਰ ਲੋਕਾਂ ਲਈ, ਇਹ ਭਵਿੱਖਬਾਣੀਆਂ ਲੰਬੇ, ਹਨੇਰੇ ਸਰਦੀਆਂ ਦੌਰਾਨ ਆਰਾਮ ਦਾ ਇਕ ਮਹੱਤਵਪੂਰਨ ਸਰੋਤ ਸਨ।

ਇਸ ਘਟਨਾ ਦੀ ਯਾਦ ਵਿਚ, ਡਰੂਡਜ਼ ਨੇ ਬਹੁਤ ਵੱਡੇ ਪਵਿੱਤਰ ਬੋਨਫਾਇਰ ਬਣਾਏ, ਜਿੱਥੇ ਲੋਕ ਸੇਲਟਿਕ ਦੇਵਤਿਆਂ ਨੂੰ ਬਲੀਦਾਨ ਵਜੋਂ ਫਸਲਾਂ ਅਤੇ ਜਾਨਵਰਾਂ ਨੂੰ ਸਾੜਨ ਲਈ ਇਕੱਠੇ ਹੋਏ। ਜਸ਼ਨ ਦੇ ਦੌਰਾਨ, ਸੇਲਟਿਕ ਪਹਿਰਾਵੇ ਪਹਿਨਦੇ ਸਨ, ਖਾਸ ਤੌਰ 'ਤੇ ਜਾਨਵਰਾਂ ਦੇ ਸਿਰ ਅਤੇ ਖੱਲ ਦੇ ਹੁੰਦੇ ਸਨ, ਅਤੇ ਇਕ ਦੂਜੇ ਦੀ ਕਿਸਮਤ ਦੱਸਣ ਦੀ ਕੋਸ਼ਿਸ਼ ਕਰਦੇ ਸਨ।

ਜਦੋਂ ਜਸ਼ਨ ਖਤਮ ਹੋ ਗਿਆ, ਤਾਂ ਉਨ੍ਹਾਂ ਨੇ ਆਪਣੇ ਚੁੱਲ੍ਹੇ ਦੀ ਅੱਗ ਨੂੰ ਦੁਬਾਰਾ ਜਗਾਇਆ, ਜਿਸ ਨੂੰ ਉਨ੍ਹਾਂ ਨੇ ਉਸ ਸ਼ਾਮ ਪਹਿਲਾਂ ਬੁਝਾ ਦਿੱਤਾ ਸੀ, ਆਉਣ ਵਾਲੀ ਸਰਦੀਆਂ ਦੌਰਾਨ ਉਨ੍ਹਾਂ ਦੀ ਰੱਖਿਆ ਕਰਨ ਵਿਚ ਮਦਦ ਕਰਨ ਲਈ ਪਵਿੱਤਰ ਬੋਨਫਾਇਰ ਤੋਂ।

43 ਈਸਵੀ ਤੱਕ, ਰੋਮਨ ਸਾਮਰਾਜ ਨੇ ਸੇਲਟਿਕ ਖੇਤਰ ਦੇ ਜ਼ਿਆਦਾਤਰ ਹਿੱਸੇ ਨੂੰ ਜਿੱਤ ਲਿਆ ਸੀ। 400 ਸਾਲਾਂ ਦੇ ਦੌਰਾਨ ਜਦੋਂ ਉਨ੍ਹਾਂ ਨੇ ਸੇਲਟਿਕ ਦੇਸ਼ਾਂ 'ਤੇ ਰਾਜ ਕੀਤਾ, ਰੋਮਨ ਮੂਲ ਦੇ ਦੋ ਤਿਉਹਾਰਾਂ ਨੂੰ ਸੈਮਹੈਨ ਦੇ ਰਵਾਇਤੀ ਸੇਲਟਿਕ ਜਸ਼ਨ ਨਾਲ ਜੋੜਿਆ ਗਿਆ।

ਪਹਿਲਾ ਫੇਰਲੀਆ ਸੀ, ਅਕਤੂਬਰ ਦੇ ਅਖੀਰ ਵਿਚ ਇਕ ਦਿਨ ਜਦੋਂ ਰੋਮਨ ਰਵਾਇਤੀ ਤੌਰ 'ਤੇ ਮਰੇ ਹੋਏ ਲੋਕਾਂ ਦੀ ਯਾਦ ਮਨਾਉਂਦੇ ਸਨ। ਦੂਜਾ ਫਲਾਂ ਅਤੇ ਰੁੱਖਾਂ ਦੀ ਰੋਮਨ ਦੇਵੀ ਪੋਮੋਨਾ ਦਾ ਸਨਮਾਨ ਕਰਨ ਦਾ ਦਿਨ ਸੀ। ਪੋਮੋਨਾ ਦਾ ਪ੍ਰਤੀਕ ਸੇਬ ਹੈ ਅਤੇ ਸਮਹੈਨ ਵਿਚ ਇਸ ਜਸ਼ਨ ਨੂੰ ਸ਼ਾਮਲ ਕਰਨਾ ਸ਼ਾਇਦ ਸੇਬਾਂ ਲਈ ਬੋਬਿੰਗ ਦੀ ਪਰੰਪਰਾ ਦੀ ਵਿਆਖਿਆ ਕਰਦਾ ਹੈ ਜੋ ਅੱਜ ਹੈਲੋਵੀਨ 'ਤੇ ਅਭਿਆਸ ਕੀਤਾ ਜਾਂਦਾ ਹੈ।

**ਸਾਰੇ ਸੰਤ ਦਿਵਸ:** 13 ਮਈ 609 ਈਸਵੀ ਨੂੰ, ਪੋਪ ਬੋਨੀਫੇਸ 4 ਨੇ ਸਾਰੇ ਈਸਾਈ ਸ਼ਹੀਦਾਂ ਦੇ ਸਨਮਾਨ ਵਿਚ ਰੋਮ ਵਿਚ ਪੈਂਥੀਓਨ ਨੂੰ ਸਮਰਪਿਤ ਕੀਤਾ, ਅਤੇ ਪੱਛਮੀ ਚਰਚ ਵਿਚ 'ਆਲ ਸ਼ਹੀਦ ਦਿਵਸ' ਦਾ ਕੈਥੋਲਿਕ ਤਿਉਹਾਰ ਸਥਾਪਤ ਕੀਤਾ ਗਿਆ ਸੀ। ਪੋਪ ਗ੍ਰੈਗਰੀ 3 ਨੇ ਬਾਅਦ ਵਿਚ ਸਾਰੇ ਸੰਤਾਂ ਦੇ ਨਾਲ-ਨਾਲ ਸਾਰੇ ਸ਼ਹੀਦਾਂ ਨੂੰ ਸ਼ਾਮਲ ਕਰਨ ਲਈ ਤਿਉਹਾਰ ਦਾ ਵਿਸਥਾਰ ਕੀਤਾ ਅਤੇ 13 ਮਈ ਤੋਂ 1 ਨਵੰਬਰ ਤੱਕ ਇਸ ਤਿਉਹਾਰ ਨੂੰ ਚਲਾਇਆ।

19ਵੀਂ ਸਦੀ ਤੱਕ, ਈਸਾਈ ਧਰਮ ਦਾ ਪ੍ਰਭਾਵ ਸੇਲਟਿਕ ਦੇਸ਼ਾਂ ਵਿਚ ਫੈਲ ਗਿਆ ਸੀ, ਜਿੱਥੇ ਇਹ ਹੌਲੀ-ਹੌਲੀ ਪੁਰਾਣੀਆਂ ਨਾਲ ਰਲ ਗਿਆ ਅਤੇ ਬਦਲ ਗਿਆ। ਸੇਲਟਿਕ ਰੀਤੀ-ਰਿਵਾਜ਼ਾਂ ਨਾਲ ਰਲ ਗਿਆ ਅਤੇ ਬਦਲ ਗਿਆ। 1000 ਈਸਵੀ ਵਿਚ, ਚਰਚ ਨੇ 2 ਨਵੰਬਰ ਨੂੰ ਆਲ ਸੋਲਸ ਡੇ, ਮਰੇ ਹੋਏ ਲੋਕਾਂ ਦਾ ਸਨਮਾਨ ਕਰਨ ਦਾ ਦਿਨ ਬਣਾਇਆ। ਇਹ ਅੱਜ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਚਰਚ ਮਰੇ ਹੋਏ ਲੋਕਾਂ ਦੇ ਸੇਲਟਿਕ ਤਿਉਹਾਰ ਨੂੰ ਸਬੰਧਿਤ, ਚਰਚ ਦੁਆਰਾ ਮਨਜ਼ੂਰ ਛੁੱਟੀ ਨਾਲ ਬਦਲਣ ਦੀ ਕੋਸ਼ਿਸ਼ ਕਰ ਰਿਹਾ ਸੀ।

ਆਲ ਸੋਲਸ ਡੇ ਸਮਹੈਨ ਵਾਂਗ ਹੀ ਮਨਾਇਆ ਗਿਆ ਸੀ, ਵੱਡੇ ਬੋਨਫਾਇਰ, ਪਰੇਡਾਂ ਅਤੇ ਸੰਤਾਂ, ਦੂਤਾਂ ਅਤੇ ਸ਼ੈਤਾਨਾਂ ਦੇ ਰੂਪ ਵਿਚ ਪੁਸ਼ਾਕ ਪਹਿਨ ਕੇ। ਆਲ ਸੇਂਟਸ ਡੇ ਜਸ਼ਨ ਨੂੰ ਆਲ ਹੈਲੋਜ਼ ਜਾਂ ਆਲ-ਹੈਲੋਮਾਸ ਵੀ ਕਿਹਾ ਜਾਂਦਾ ਸੀ (ਮੱਧ ਅੰਗਰੇਜ਼ੀ ਅਲਹੋਲੋਮੇਸੇ ਤੋਂ ਭਾਵ ਆਲ ਸੇਂਟਸ ਡੇ) ਇਸ ਤੋਂ ਪਹਿਲਾਂ ਦੀ ਰਾਤ, ਸੇਲਟਿਕ ਧਰਮ ਵਿਚ ਸਮਹੈਨ ਦੀ ਰਵਾਇਤੀ ਰਾਤ, ਨੂੰ ਆਲ-ਹੈਲੋਜ਼ ਕਿਹਾ ਜਾਣ ਲੱਗਾ। ਹੱਵਾਹ ਅਤੇ ਆਖਰਕਾਰ, ਹੈਲੋਵੀਨ।

**ਹੈਲੋਵੀਨ ਦਾ ਅਮਰੀਕਾ ਵਿਚ ਆਉਣਾ:** ਬਸਤੀਵਾਦੀ ਨਿਊ ਇੰਗਲੈਂਡ ਵਿਚ ਹੈਲੋਵੀਨ ਦਾ ਜਸ਼ਨ ਬਹੁਤ ਹੀ ਸੀਮਤ ਸੀ ਕਿਉਂਕਿ ਉਥੇ ਸਖ਼ਤ ਪ੍ਰੋਟੈਸਟੈਂਟ ਵਿਸ਼ਵਾਸ ਪ੍ਰਣਾਲੀਆਂ ਸਨ। ਹੈਲੋਵੀਨ ਮੈਰੀਲੈਂਡ ਅਤੇ ਦੱਖਣੀ ਕਲੋਨੀਆਂ ਵਿਚ ਬਹੁਤ ਜ਼ਿਆਦਾ ਆਮ ਸੀ।

ਜਿਵੇਂ ਕਿ ਵੱਖ-ਵੱਖ ਯੂਰਪੀਅਨ ਨਸਲੀ ਸਮੂਹਾਂ ਅਤੇ ਅਮਰੀਕੀ ਭਾਰਤੀਆਂ ਦੇ ਵਿਸ਼ਵਾਸ ਅਤੇ ਰੀਤੀ-ਰਿਵਾਜ ਰਲ ਗਏ, ਹੈਲੋਵੀਨ ਦਾ ਇਕ ਵੱਖਰਾ ਅਮਰੀਕੀ ਸੰਸਕਰਣ ਉਭਰਨਾ ਸ਼ੁਰੂ ਹੋਇਆ। ਪਹਿਲੇ ਜਸ਼ਨਾਂ ਵਿਚ "ਪਲੇ ਪਾਰਟੀਆਂ" ਸ਼ਾਮਲ ਸਨ, ਜੋ ਕਿ ਵਾਢੀ ਦਾ ਜਸ਼ਨ ਮਨਾਉਣ ਲਈ ਆਯੋਜਿਤ ਜਨਤਕ ਸਮਾਗਮ ਸਨ। ਗੁਆਂਢੀ ਮਰੇ ਹੋਏ ਲੋਕਾਂ ਦੀਆਂ ਕਹਾਣੀਆਂ ਸੁਣਾਉਂਦੇ, ਇਕ ਦੂਜੇ ਦੀ ਕਿਸਮਤ ਦੱਸਦੇ, ਨੱਚਦੇ ਅਤੇ ਗਾਉਂਦੇ ਸਨ।

ਬਸਤੀਵਾਦੀ ਹੈਲੋਵੀਨ ਤਿਉਹਾਰਾਂ ਵਿਚ ਭੂਤਾਂ ਦੀਆਂ ਕਹਾਣੀਆਂ ਅਤੇ ਹਰ ਕਿਸਮ ਦੀ ਸ਼ਰਾਰਤਾਂ ਨੂੰ ਵੀ ਦਰਸਾਇਆ ਗਿਆ ਸੀ। 19ਵੀਂ ਸਦੀ ਦੇ ਮੱਧ ਤੱਕ, ਸਾਲਾਨਾ



ਪਤਝੜ ਦੇ ਤਿਉਹਾਰ ਆਮ ਸਨ, ਪਰ ਹੈਲੋਵੀਨ ਅਜੇ ਤੱਕ ਦੇਸ਼ ਵਿਚ ਹਰ ਥਾਂ ਨਹੀਂ ਮਨਾਇਆ ਗਿਆ ਸੀ।

19ਵੀਂ ਸਦੀ ਦੇ ਦੂਜੇ ਅੱਧ ਵਿਚ ਅਮਰੀਕਾ ਨਵੇਂ ਪ੍ਰਵਾਸੀਆਂ ਨਾਲ ਭਰ ਗਿਆ ਸੀ। ਇਹਨਾਂ ਨਵੇਂ ਪ੍ਰਵਾਸੀਆਂ, ਖਾਸ ਤੌਰ 'ਤੇ ਆਇਰਸ਼ ਆਲੂ ਕਾਲ ਤੋਂ ਭੱਜਣ ਵਾਲੇ ਲੱਖਾਂ ਆਇਰਸ਼, ਨੇ ਰਾਸ਼ਟਰੀ ਪੱਧਰ 'ਤੇ ਹੈਲੋਵੀਨ ਦੇ ਜਸ਼ਨ ਨੂੰ ਪ੍ਰਸਿੱਧ ਬਣਾਉਣ ਵਿਚ ਮਦਦ ਕੀਤੀ।

**ਚਾਲ-ਜਾਂ-ਇਲਾਜ ਦਾ ਇਤਿਹਾਸ:** ਯੂਰਪੀਅਨ ਪ੍ਰੰਪਰਾਵਾਂ ਤੋਂ ਉਧਾਰ ਲੈ ਕੇ, ਅਮਰੀਕੀਆਂ ਨੇ ਪਹਿਰਾਵੇ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਘਰ-ਘਰ ਜਾ ਕੇ ਭੋਜਨ ਜਾਂ ਪੈਸੇ ਦੀ ਮੰਗ ਕੀਤੀ, ਇਕ ਅਭਿਆਸ ਜੋ ਆਖਿਰਕਾਰ ਅੱਜ ਵੀ "ਚਾਲ-ਜਾਂ ਇਲਾਜ" ਪ੍ਰੰਪਰਾ ਬਣ ਗਿਆ ਹੈ। ਮੁਟਿਆਰਾਂ ਦਾ ਮੰਨਣਾ ਸੀ ਕਿ ਹੈਲੋਵੀਨ 'ਤੇ ਉਹ ਧਾਗੇ, ਸੇਬ ਦੇ ਪਰਿੰਗ ਜਾਂ ਸ਼ੀਸ਼ੇ ਨਾਲ ਚਲਾਕੀ ਕਰਕੇ ਆਪਣੇ ਹੋਣ ਵਾਲੇ ਪਤੀ ਦੇ ਨਾਮ ਜਾਂ ਦਿੱਖ ਨੂੰ ਬ੍ਰਹਮ ਕਰ ਸਕਦੀਆਂ ਹਨ।

**ਚਾਲ-ਜਾਂ-ਇਲਾਜ ਦਾ ਛਲ ਇਤਿਹਾਸ:** 1800 ਦੇ ਦਹਾਕੇ ਦੇ ਅਖੀਰ ਵਿਚ, ਹੈਲੋਵੀਨ ਨੂੰ ਭੂਤਾਂ-ਪ੍ਰੇਤਾਂ, ਮਜ਼ਾਕ ਅਤੇ ਜਾਦੂ-ਟੂਣਿਆਂ ਦੀ ਬਜਾਏ ਭਾਈਚਾਰਕ ਅਤੇ ਗੁਆਂਢੀ ਇਕੱਠੇ ਹੋਣ ਬਾਰੇ ਇਕ ਛੁੱਟੀ ਭਾਲਣ ਲਈ ਇਕ ਕਦਮ ਸੀ। ਸਦੀ ਦੇ ਮੋੜ'ਤੇ ਬੱਚਿਆਂ ਅਤੇ ਬਾਲਗਾਂ ਦੋਵਾਂ ਲਈ ਹੈਲੋਵੀਨ ਪਾਰਟੀਆਂ ਦਿਨ ਨੂੰ ਮਨਾਉਣ ਦਾ ਸਭ ਤੋਂ ਆਮ ਤਰੀਕਾ ਬਣ ਗਿਆ। ਪਾਰਟੀਆਂ ਖੇਡਾਂ, ਮੌਸਮ ਦੇ ਭੋਜਨ ਅਤੇ ਤਿਉਹਾਰਾਂ ਦੇ ਪਹਿਰਾਵੇ 'ਤੇ ਕੇਂਦਰਿਤ ਸਨ।

ਅਖ਼ਬਾਰਾਂ ਅਤੇ ਕਮਿਊਨਿਟੀ ਲੀਡਰਾਂ ਦੁਆਰਾ ਮਾਪਿਆਂ ਨੂੰ ਹੈਲੋਵੀਨ ਦੇ ਜਸ਼ਨ ਕੁਝ ਵੀ "ਡਰਾਉਣ ਵਾਲਾ" ਜਾਂ "ਅਜੀਬ" ਲੈਣ ਲਈ ਉਤਸ਼ਾਹਿਤ ਕੀਤਾ ਗਿਆ ਸੀ। ਇਹਨਾਂ ਯਤਨਾਂ ਦੇ ਕਾਰਨ, ਵੀਹਵੀਂ ਸਦੀ ਦੇ ਸ਼ੁਰੂ ਤੱਕ ਹੈਲੋਵੀਨ ਨੇ ਜ਼ਿਆਦਾਤਰ ਅੰਧ ਵਿਸ਼ਵਾਸੀ ਅਤੇ ਧਾਰਮਿਕ ਪ੍ਰਵਿਰਤੀਆਂ ਨੂੰ ਤਿਆਗ ਦਿੱਤਾ।

**ਹੈਲੋਵੀਨ ਪਾਰਟੀਆਂ:** 1920 ਅਤੇ 1930 ਦੇ ਦਹਾਕੇ ਤੱਕ, ਹੈਲੋਵੀਨ ਇਕ ਧਰਮ ਨਿਰਪੱਖ ਪਰ ਕਮਿਊਨਿਟੀ- ਕੇਂਦਰਿਤ ਛੁੱਟੀ ਬਣ ਗਈ ਸੀ, ਜਿਸ ਵਿਚ ਪਰੇਡ ਅਤੇ ਸ਼ਹਿਰ-ਵਿਆਪੀ ਹੈਲੋਵੀਨ ਪਾਰਟੀਆਂ ਵਿਸ਼ੇਸ਼ ਮਨੋਰੰਜਨ ਵਜੋਂ ਸਨ। ਬਹੁਤ ਸਾਰੇ ਸਕੂਲਾਂ ਅਤੇ ਭਾਈਚਾਰਿਆਂ ਦੇ ਵਧੀਆ ਯਤਨਾਂ ਦੇ ਬਾਵਜੂਦ, ਇਸ ਸਮੇਂ ਦੌਰਾਨ ਬਹੁਤ ਸਾਰੇ ਭਾਈਚਾਰਿਆਂ ਵਿਚ ਕੁਝ ਜਸ਼ਨਾਂ ਨੂੰ ਤੋੜ-ਮਰੋੜ ਕੇ ਕਰਨਾ ਸ਼ੁਰੂ ਹੋ ਗਿਆ।

1950 ਦੇ ਦਹਾਕੇ ਤੱਕ, ਕਸਬੇ ਦੇ ਨੇਤਾਵਾਂ ਦੇ ਸਫਲਤਾ ਪੂਰਵਕ ਬਰਬਾਦੀ ਨੂੰ ਸੀਮਤ ਕਰ ਦਿੱਤਾ ਸੀ ਅਤੇ ਹੈਲੋਵੀਨ ਮੁੱਖ ਤੌਰ 'ਤੇ ਨੌਜਵਾਨਾਂ ਲਈ ਨਿਰਦੇਸ਼ਿਤ ਛੁੱਟੀ ਦੇ ਰੂਪ ਵਿਚ ਵਿਕਸਤ ਹੋ ਗਿਆ ਸੀ। ਪੰਜਾਹਵਿਆਂ ਦੇ ਬੇਬੀ ਬੂਮ ਦੌਰਾਨ ਛੋਟੇ ਬੱਚਿਆਂ ਦੀ ਵੱਧ ਗਿਣਤੀ ਦੇ ਕਾਰਨ, ਪਾਰਟੀਆਂ ਸ਼ਹਿਰ ਦੇ ਸ਼ਹਿਰੀ ਕੇਂਦਰਾਂ ਤੋਂ ਕਲਾਸਰੂਮ ਜਾਂ ਘਰ ਵਿਚ ਚਲੀਆਂ ਗਈਆਂ, ਜਿੱਥੇ ਉਨ੍ਹਾਂ ਨੂੰ ਆਸਾਨੀ ਨਾਲ ਅਨੁਕੂਲਿਤ ਕੀਤਾ ਜਾ ਸਕਦਾ ਸੀ।

1920 ਅਤੇ 1950 ਦੇ ਵਿਚਕਾਰ, ਚਾਲ-ਜਾਂ-ਇਲਾਜ ਦੀ ਸਦੀਆਂ ਪੁਰਾਣੀ ਪ੍ਰਥਾ ਨੂੰ ਵੀ ਮੁੜ ਸੁਰਜੀਤ ਕੀਤਾ ਗਿਆ ਸੀ। ਹੈਲੋਵੀਨ ਦੇ ਜਸ਼ਨ ਨੂੰ ਸਾਂਝਾ ਕਰਨ ਲਈ ਪੂਰੇ ਭਾਈਚਾਰੇ ਲਈ ਟ੍ਰਿਕ-ਜਾਂ-ਇਲਾਜ ਇਕ ਮੁਕਾਬਲਤਨ ਸਸਤਾ ਤਰੀਕਾ ਸੀ। ਸਿਧਾਂਤਕ ਤੌਰ 'ਤੇ, ਪਰਿਵਾਰ ਆਂਢ-ਗੁਆਂਢ ਦੇ ਬੱਚਿਆਂ ਨੂੰ ਛੋਟੇ ਸਲੂਕ ਦੇ ਕੇ ਉਨ੍ਹਾਂ 'ਤੇ ਚਲਾਏ ਜਾ ਰਹੇ ਚਾਲਾਂ ਨੂੰ ਵੀ ਰੋਕ ਸਕਦੇ ਹਨ।

ਇਸ ਤਰ੍ਹਾਂ ਇਕ ਨਵੀਂ ਅਮਰੀਕੀ ਪ੍ਰੰਪਰਾ ਦਾ ਜਨਮ ਹੋਇਆ ਅਤੇ ਇਹ ਲਗਾਤਾਰ ਵਧਦਾ ਗਿਆ। ਅੱਜ ਅਮਰੀਕਾ ਹੈਲੋਵੀਨ 'ਤੇ ਸਾਲਾਨਾ ਅੰਦਾਜ਼ਨ 6 ਬਿਲੀਅਨ ਡਾਲਰ ਖਰਚ ਕਰਦੇ ਹਨ, ਇਸ ਨੂੰ ਕ੍ਰਿਸਮਸ ਤੋਂ ਬਾਅਦ ਦੇਸ਼ ਦੀ ਦੂਜੀ ਸਭ ਤੋਂ ਵੱਡੀ ਵਪਾਰਕ ਛੁੱਟੀ ਬਣਾਉਂਦੇ ਹਨ।

**ਹੈਲੋਵੀਨ ਕੈਂਡੀ ਦਾ ਭੂਤ ਇਤਿਹਾਸ, ਹੈਲੋਵੀਨ ਫਿਲਮਾਂ:** ਵਪਾਰਕ ਸਫਲਤਾ ਦੀ ਗੱਲ ਕਰਦੇ ਹੋਏ, ਡਰਾਉਣੀ ਹੈਲੋਵੀਨ ਫਿਲਮਾਂ ਦਾ ਬਾਕਸ ਆਫਿਸ ਹਿੱਟ ਹੋਣ ਦਾ ਲੰਮਾ ਇਤਿਹਾਸ ਹੈ। ਕਲਾਸਿਕ ਹੈਲੋਵੀਨ ਫਿਲਮਾਂ ਵਿਚ 'ਹੈਲੋਵੀਨ' ਫ੍ਰੈਂਚਾਇਜ਼ੀ ਸ਼ਾਮਲ ਹੈ, ਜੋ ਕਿ 1978 ਦੀ ਮੂਲ ਫਿਲਮ ਜੋਨ ਕਾਰਪੇਂਟਰ ਦੁਆਰਾ ਨਿਰਦੇਸ਼ਿਤ ਹੈ ਅਤੇ ਡੋਨਾਲਡ ਪਲੇਸੈਂਸ, ਨਿਕ ਕੈਸਲ, ਜੈਮੀ ਲੀ, ਕਰਟਿਸ ਅਤੇ ਟੋਨੀ ਮੋਰਨ ਨੇ ਅਭਿਨੈ ਕੀਤਾ ਹੈ। "ਹੈਲੋਵੀਨ" ਵਿਚ ਮਾਈਕਲ ਮਾਇਰਸ ਨਾਮ ਦਾ ਇਕ ਨੌਜਵਾਨ ਲੜਕਾ ਆਪਣੀ 17 ਸਾਲ ਦੀ ਭੈਣ ਦਾ ਕਤਲ ਕਰਦਾ ਹੈ ਅਤੇ ਜੇਲ੍ਹ ਲਈ ਵਚਨਬੱਧ ਹੈ, ਸਿਰਫ ਹੈਲੋਵੀਨ ਰਾਤ ਨੂੰ ਇਕ ਕਿਸ਼ੋਰ ਦੇ ਰੂਪ ਵਿਚ ਬਚਣ ਲਈ ਅਤੇ ਆਪਣੇ ਪੁਰਾਣੇ ਘਰ ਅਤੇ ਇਕ ਨਵੇਂ ਨਿਸ਼ਾਨੇ ਦੀ ਭਾਲ ਕਰਨ ਲਈ। ਅਸਲ "ਹੈਲੋਵੀਨ" ਦਾ ਸਿੱਧਾ ਸੀਕਵਲ 2018 ਵਿਚ ਰਿਲੀਜ਼ ਕੀਤਾ ਗਿਆ ਸੀ, ਜਿਸ ਵਿਚ ਜੈਮੀ ਲੀ ਕਰਟਿਸ ਅਤੇ ਨਿਕ ਕੈਸਲ ਸਨ। ਉਸ ਦਾ ਇਕ ਸੀਕਵਲ- "ਹੈਲੋਵੀਨ ਕਿਲਸ", ਸਮੁੱਚੀ "ਹੈਲੋਵੀਨ" ਫਰੈਂਚਾਈਜ਼ੀ ਦੀ ਬਾਰ੍ਹਵੀਂ ਫਿਲਮ-2021 ਵਿਚ ਰਿਲੀਜ਼ ਹੋਈ ਸੀ।

ਇਸ ਦੇ ਡਰਾਉਣੇ ਸਾਊਂਡਟਰੈਕ ਤੱਕ ਇਕ ਕਲਾਸਿਕ ਡਰਾਉਣੀ ਫਿਲਮ ਮੰਨੀ ਜਾਂਦੀ ਹੈ, "ਹੈਲੋਵੀਨ" ਨੇ "ਸਕ੍ਰੀਮ", "ਨਾਈਟਮੇਅਰ ਔਨ ਐਲਮ ਸਟ੍ਰੀਟ" ਅਤੇ"ਫਰਾਈਡੇ ਦੀ 13" ਵਰਗੀਆਂ ਹੋਰ ਆਈਕਾਨਿਕ "ਸਲੈਸ਼ਰ ਫਿਲਮਾਂ" ਨੂੰ ਪ੍ਰੇਰਿਤ ਕੀਤਾ। ਹੋਰ ਪਰਿਵਾਰਕ ਅਨੁਕੂਲ ਹੈਲੋਵੀਨ ਫਿਲਮਾਂ ਵਿਚ "ਹੋਕਸ ਪੋਕਸ", "ਕ੍ਰਿਸਮਸ ਤੋਂ ਪਹਿਲਾਂ ਦਾ ਸੁਪਨਾ", "ਬੀਟਲਜੂਸ" ਅਤੇ "ਇਟਸ ਦਿ ਗ੍ਰੇਟ ਪੰਪਕਿਨ, ਚਾਰਲੀ ਬ੍ਰਾਊਨ" ਸ਼ਾਮਲ ਹਨ।

**ਆਲ ਸੋਲਸ ਡੇਅ ਅਤੇ ਸੋਲ ਕੇਕ:** ਚਾਲ-ਜਾਂ- ਇਲਾਜ ਦੀ ਅਮਰੀਕੀ ਹੈਲੋਵੀਨ ਪ੍ਰੰਪਰਾ ਸ਼ਾਇਦ ਇੰਗਲੈਂਡ ਵਿਚ ਸ਼ੁਰੂਆਤੀ ਆਲ ਸੋਲਜ਼ ਡੇ ਪਰੇਡ ਤੋਂ ਹੈ। ਤਿਉਹਾਰਾਂ ਦੇ ਦੌਰਾਨ, ਗਰੀਬ ਨਾਗਰਿਕ ਭੋਜਨ ਲਈ ਭੀਖ ਮੰਗਣਗੇ ਅਤੇ ਪਰਿਵਾਰ ਦੇ ਮਰੇ ਹੋਏ ਰਿਸ਼ਤੇਦਾਰਾਂ ਲਈ ਪ੍ਰਾਰਥਨਾ ਕਰਨ ਦੇ ਉਨ੍ਹਾਂ ਦੇ ਵਾਅਦੇ ਦੇ ਬਦਲੇ ਪਰਿਵਾਰ ਉਨ੍ਹਾਂ ਨੂੰ "ਸੋਲ ਕੇਕ" ਨਾਮਕ ਪੇਸਟਰੀਆਂ ਦੇਣਗੇ।

ਰੂਹ ਦੇ ਕੇਕ ਦੀ ਵੰਡ ਨੂੰ ਚਰਚ ਦੁਆਰਾ ਰੋਮਿੰਗ ਆਤਮਾਵਾਂ ਲਈ ਭੋਜਨ ਅਤੇ ਵਾਈਨ ਛਕਣ ਦੇ ਪ੍ਰਾਚੀਨ ਅਭਿਆਸ ਨੂੰ ਬਦਲਣ ਦੇ ਇਕ ਤਰੀਕੇ ਵਜੋਂ ਉਤਸ਼ਾਹਿਤ ਕੀਤਾ ਗਿਆ ਸੀ। ਅਭਿਆਸ ਜਿਸ ਨੂੰ "ਜਾਨ-ਆਤਮਾ" ਕਿਹਾ ਜਾਂਦਾ ਸੀ, ਆਖਿਰਕਾਰ ਉਨ੍ਹਾਂ ਬੱਚਿਆਂ ਦੁਆਰਾ ਲਿਆ ਜਾਂਦਾ ਸੀ ਜੋ ਆਪਣੇ ਗੁਆਂਢ ਵਿਚ ਘਰਾਂ ਦਾ ਦੌਰਾ ਕਰਦੇ ਸਨ ਅਤੇ ਉਹਨਾਂ ਨੂੰ ਅਲਮਾਰੀ, ਭੋਜਨ ਅਤੇ ਪੈਸੇ ਦਿੱਤੇ ਜਾਂਦੇ ਸਨ।

ਹੈਲੋਵੀਨ ਲਈ ਪੁਸ਼ਾਕ ਪਹਿਨਣ ਦੀ ਪ੍ਰੰਪਰਾ ਦੀਆਂ ਯੂਰਪੀਨ ਅਤੇ ਸੇਲਟਿਕ ਜੜ੍ਹਾਂ ਹਨ। ਸੈਂਕੜੇ ਸਾਲ ਪਹਿਲਾਂ, ਸਰਦੀ ਇਕ ਅਨਿਸ਼ਚਿਤ ਅਤੇ ਡਰਾਉਣਾ ਸਮਾਂ ਸੀ। ਭੋਜਨ ਦੀ ਸਪਲਾਈ ਅਕਸਰ ਘੱਟ ਹੁੰਦੀ ਸੀ ਅਤੇ ਹਨੇਰੇ ਤੋਂ ਡਰਦੇ ਬਹੁਤ ਸਾਰੇ ਲੋਕਾਂ ਲਈ, ਸਰਦੀਆਂ ਦੇ ਛੋਟੇ ਦਿਨ ਲਗਾਤਾਰ ਚਿੰਤਾ ਨਾਲ ਭਰੇ ਹੁੰਦੇ ਸਨ।

ਹੈਲੋਵੀਨ 'ਤੇ ਜਦੋਂ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਭੂਤ ਧਰਤੀ 'ਤੇ ਵਾਪਸ ਆਉਂਦੇ ਹਨ, ਤਾਂ ਲੋਕਾਂ ਨੇ ਸੋਚਿਆ ਕਿ ਜੇ ਉਹ ਆਪਣੇ ਘਰ ਛੱਡ ਦਿੰਦੇ ਹਨ ਤਾਂ ਉਨ੍ਹਾਂ ਦਾ ਸਾਹਮਣਾ ਭੂਤਾਂ ਨਾਲ ਹੋਵੇਗਾ। ਇਹਨਾਂ ਭੂਤਾਂ ਦੁਆਰਾ ਪਛਾਣੇ ਜਾਣ ਤੋਂ ਬਚਣ ਲਈ, ਲੋਕ ਹਨੇਰੇ ਤੋਂ ਬਾਅਦ ਆਪਣੇ ਘਰਾਂ ਤੋਂ ਬਾਹਰ ਨਿਕਲਣ ਵੇਲੇ ਮਾਸਕ ਪਹਿਨਦੇ ਸਨ ਤਾਂ ਜੋ ਉਨ੍ਹਾਂ ਨੂੰ ਸਾਥੀ ਆਤਮਾ ਸਮਝ ਲੈਣ।

ਹੈਲੋਵੀਨ 'ਤੇ ਭੂਤਾਂ ਨੂੰ ਆਪਣੇ ਘਰਾਂ ਤੋਂ ਦੂਰ ਰੱਖਣ ਲਈ, ਲੋਕ ਭੂਤਾਂ ਨੂੰ ਖੁਸ਼ ਕਰਨ ਅਤੇ ਉਨ੍ਹਾਂ ਨੂੰ ਅੰਦਰ ਜਾਣ ਦੀ ਕੋਸ਼ਿਸ਼ ਕਰਨ ਤੋਂ ਰੋਕਣ ਲਈ ਆਪਣੇ ਘਰਾਂ ਦੇ ਬਾਹਰ ਭੋਜਨ ਦੇ ਕਟੋਰੇ ਰੱਖਣਗੇ।

**ਹੈਲੋਵੀਨ 'ਤੇ ਕਾਲੀਆਂ ਬਿ-ਲੀਆਂ ਅਤੇ ਭੂਤ:** ਹੈਲੋਵੀਨ ਹਮੇਸ਼ਾ ਰਹੱਸ, ਜਾਦੂ ਅਤੇ ਅੰਧ ਵਿਸ਼ਵਾਸ ਨਾਲ ਭਰੀ ਛੁੱਟੀ ਰਹੀ ਹੈ। ਇਹ ਸੇਲਟਿਕ ਗਰਮੀਆਂ ਦੇ ਅੰਤ ਦੇ ਤਿਉਹਾਰ ਵਜੋਂ ਸ਼ੁਰੂ ਹੋਇਆ, ਜਿਸ ਦੌਰਾਨ ਲੋਕ ਖਾਸ ਤੌਰ 'ਤੇ ਮ੍ਰਿਤਕ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਨੇੜੇ ਮਹਿਸੂਸ ਕਰਦੇ ਸਨ। ਇਹਨਾਂ ਦੋਸਤਾਨਾ ਆਤਮਾਵਾਂ ਲਈ, ਉਹਨਾਂ ਨੇ ਰਾਤ ਦੇ ਖਾਣੇ ਦੇ ਮੇਜ਼ 'ਤੇ ਸਥਾਨ ਨਿਰਧਾਰਿਤ ਕੀਤੇ, ਦਰਵਾਜਿਆਂ 'ਤੇ ਅਤੇ ਸੜਕ ਦੇ ਕਿਨਾਰੇ ਭੋਜਨ ਛੱਡਿਆ ਅਤੇ ਅਜ਼ੀਜ਼ਾਂ ਨੂੰ ਆਤਮਿਕ ਸੰਸਾਰ ਵਿਚ ਵਾਪਸ ਜਾਣ ਦਾ ਰਸਤਾ ਲੱਭਣ ਵਿਚ ਮਦਦ ਕਰਨ ਲਈ ਮੋਮਬੱਤੀਆਂ ਜਗਾਈਆਂ।

ਅੱਜ ਦੇ ਹੈਲੋਵੀਨ ਭੂਤਾਂ ਨੂੰ ਅਕਸਰ ਵਧੇਰੇ ਡਰਾਉਣੇ ਅਤੇ ਦੁਰਾਚਾਰੀ ਵਜੋਂ ਦਰਸਾਇਆ ਜਾਂਦਾ ਹੈ, ਅਤੇ ਸਾਡੇ ਰੀਤੀ-ਰਿਵਾਜ ਅਤੇ ਅੰਧ ਵਿਸ਼ਵਾਸ ਵੀ ਡਰਾਉਣੇ ਹਨ। ਅਸੀਂ ਕਾਲੀਆਂ ਬਿੱਲੀਆਂ ਦੇ ਨਾਲ ਰਸਤੇ ਪਾਰ ਕਰਨ ਤੋਂ ਪਰਹੇਜ਼ ਕਰਦੇ ਹਾਂ, ਡਰਦੇ ਹਾਂ ਕਿ ਉਹ ਸਾਡੀ ਮਾੜੀ ਕਿਸਮਤ ਲਿਆ ਸਕਦੀਆਂ ਹਨ। ਇਸ ਵਿਚਾਰ ਦੀਆਂ ਜੜ੍ਹਾਂ ਮੱਧ ਯੁੱਗ ਵਿਚ ਹਨ, ਜਦੋਂ ਬਹੁਤ ਸਾਰੇ ਲੋਕ ਮੰਨਦੇ ਸਨ ਕਿ ਜਾਦੂਗਰ ਆਪਣੇ ਆਪ ਨੂੰ ਕਾਲੀਆਂ ਬਿੱਲੀਆਂ ਵਿਚ ਬਦਲ ਕੇ ਪਤਾ ਲਗਾਉਣ ਤੋਂ ਬਚਦੇ ਹਨ।

ਅਸੀਂ ਉਸੇ ਕਾਰਨ ਕਰਕੇ ਪੌੜੀਆਂ ਦੇ ਹੇਠਾਂ ਨਾ ਚੱਲਣ ਦੀਕੋਸ਼ਿਸ਼ ਕਰਦੇ ਹਾਂ। ਇਹ ਵਹਿਮ ਸ਼ਾਇਦ ਪ੍ਰਾਚੀਨ ਮਿਸਰੀ ਲੋਕਾਂ ਤੋਂ ਆਇਆ ਹੈ, ਜੋ ਮੰਨਦੇ ਸਨ ਕਿ ਤਿਕੋਣ ਪਵਿੱਤਰ ਸਨ (ਇਸ ਦਾ ਇਸ ਤੱਥ ਨਾਲ ਵੀ ਕੁਝ ਲੈਣਾ-ਦੇਣਾ ਹੋ ਸਕਦਾ ਹੈ ਕਿ ਝੁਕੀ ਹੋਈ ਪੌੜੀ ਦੇ ਹੇਠਾਂ ਚੱਲਣਾ ਕਾਫੀ ਅਸੁਰੱਖਿਅਤ ਹੁੰਦਾ ਹੈ) ਅਤੇ ਹੈਲੋਵੀਨ ਦੇ ਆਲੇ-ਦੁਆਲੇ, ਖਾਸ ਤੌਰ 'ਤੇ, ਅਸੀਂ ਸ਼ੀਸ਼ੇ ਤੋੜਨ, ਸੜਕ ਵਿਚ ਤਰੇੜਾਂ 'ਤੇ ਕਦਮ ਰੱਖਣ ਜਾਂ ਨਮਕ ਛਿੜਕਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਾਂ।

**ਹੈਲੋਵੀਨ ਮੈਚਮੇਕਿੰਗ ਅਤੇ ਘੱਟ ਜਾਣੀਆਂ ਰਸਮਾਂ:** ਪਰ ਹੈਲੋਵੀਨ ਦੀ ਪ੍ਰੰਪਰਾਵਾਂ ਅਤੇ ਵਿਸ਼ਵਾਸਾਂ ਬਾਰੇ ਕੀ ਜੋ ਅੱਜ ਦੇ ਚਾਲ-ਚਲਣ ਵਾਲੇਜਾਂ ਵੀਟਰਜ ਸਭ ਕੁਝ ਭੁੱਲ ਗਏ ਹਨ? ਇਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਰਾਣੀਆਂ ਰਸਮਾਂ ਅਤੀਤ ਦੀ ਬਜਾਏ ਭਵਿੱਖ ਅਤੇ ਮੁਰਦਿਆਂ ਦੀ ਬਜਾਏ ਜੀਵਤ ਉਤੇ ਕੇਂਦਰਿਤ ਹਨ।

ਖਾਸ ਤੌਰ 'ਤੇ ਕਈਆਂ ਨੂੰ ਜਵਾਨ ਔਰਤਾਂ ਨੂੰ ਆਪਣੇ ਹੋਣਵਾਲੇ ਪਤੀਆਂ ਦੀ ਪਛਾਣ ਕਰਨ ਵਿਚ ਮਦਦ ਕਰਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਣ ਵਿਚ ਮਦਦ ਕਰਨੀ ਪਈ ਕਿ ਉਹ ਕਿਸੇ ਦਿਨ-ਕਿਸਮਤ ਨਾਲ, ਅਗਲੇ ਹੈਲੋਵੀਨ ਤੱਕ-ਵਿਆਹ ਕਰ ਲੈਣਗੀਆਂ। 18ਵੀਂ ਸਦੀ ਦੇ ਆਇਰਲੈਂਡ ਵਿਚ, ਇਕ ਮੈਚਮੇਕਿੰਗ ਕੁਕ ਹੈਲੋਵੀਨ ਦੀ ਰਾਤ ਨੂੰ ਆਪਣੇ ਫੇਹੇ ਹੋਏ ਆਲੂਆਂ ਵਿਚ ਇਕ ਅੰਗੂਠੀ ਦਫਨ ਕਰ ਸਕਦਾ ਹੈ, ਜਿਸ ਨੂੰ ਇਹ ਮਿਲਿਆ ਡਿਨਰ ਲਈ, ਸੱਚਾ ਪਿਆਰ ਲਿਆਉਣ ਦੀ ਉਮੀਦ ਹੈ।

ਸਕਾਟਲੈਂਡ ਵਿਚ ਭਵਿੱਖਬਾਣੀਆਂ ਨੇ ਸਿਫਾਰਸ਼ ਕੀਤੀ ਕਿ ਇਕ ਯੋਗ ਮੁਟਿਆਰ ਆਪਣੇ ਹਰ ਇਕ ਲੜਕੇ ਲਈ ਇਕ ਹੇਜ਼ਲਨਟ ਦਾ ਨਾਮ ਲਵੇ ਅਤੇ ਫਿਰ ਅਖਰੋਟ ਨੂੰ ਚੁੱਲ੍ਹੇ ਵਿਚ ਸੁੱਟੇ। ਅਖਰੋਟ ਜੋ ਭਟਕਣ ਜਾਂ ਫਟਣ ਦੀ ਬਜਾਏ ਸੜ ਕੇ ਸੁਆਹ ਹੋ ਗਈ, ਕਹਾਣੀ ਚਲੀ ਗਈ, ਲੜਕੀ ਦੇ ਹੋਣ ਵਾਲੇ ਪਤੀ ਨੂੰ ਦਰਸਾਉਂਦੀ ਹੈ (ਇਸ ਦੰਤਕਥਾ ਦੇ ਕੁਝ ਸੰਸਕਰਣਾਂ ਵਿਚ, ਇਸ ਦੇ ਉਲਟ ਸੱਚ ਸੀ: ਅਖਰੋਟ ਜੋ ਸੜ ਗਈ ਸੀ, ਇਕ ਪਿਆਰ ਦਾ ਪ੍ਰਤੀਕ ਹੈ ਜੋ ਨਹੀਂ ਰਹੇਗਾ।)

ਇਕ ਹੋਰ ਕਹਾਣੀ ਇਹ ਸੀ ਕਿ ਜੇ ਇਕ ਮੁਟਿਆਰ ਹੈਲੋਵੀਨ ਦੀ ਰਾਤ ਨੂੰ ਸੌਣ ਤੋਂ ਪਹਿਲਾਂ ਅਖਰੋਟ, ਹੇਜ਼ਲਨਟ ਅਤੇ ਜਾਇਫਲ ਤੋਂ ਬਣੀ ਇਕ ਮਿੱਠੀ-ਮਿੱਠੀ ਖਾਏਗੀ ਤਾਂ ਉਹ ਆਪਣੇ ਹੋਣ ਵਾਲੇ ਪਤੀ ਬਾਰੇ ਸੁਪਨੇ ਦੇਖੇਗੀ।

ਮੁਟਿਆਰਾਂ ਆਪਣੇ ਮੋਢਿਆਂ ਉਤੇ ਸੇਬ ਦੇ ਛਿਲਕਿਆਂ ਨੂੰ ਉਛਾਲਦੀਆਂ ਹਨ, ਇਸ ਉਮੀਦ ਵਿਚ ਕਿ ਛਿਲਕੇ ਉਨ੍ਹਾਂ ਦੇ ਹੋਣ ਵਾਲੇ ਪਤੀਆਂ ਦੇ ਨਾਮ ਦੇ ਰੂਪ ਵਿਚ ਫਰਸ਼ 'ਤੇ ਡਿੱਗਣਗੇ, ਪਾਣੀ ਦੇ ਕਟੋਰੇ ਵਿਚ ਤੈਰਦੇ ਹੋਏ ਅੰਡੇ ਦੀ ਜ਼ਰਦੀ ਨੂੰ ਦੇਖ ਕੇ ਅਤੇ ਹਨੇਰੇ ਕਮਰਿਆਂ ਵਿਚ ਸ਼ੀਸ਼ਿਆਂ ਦੇ ਸਾਹਮਣੇ ਖੜ੍ਹ ਕੇ ਮੋਮਬੱਤੀਆਂ ਫੜ ਕੇ ਅਤੇ ਆਪਣੇ ਪਤੀਆਂ ਦੇ ਚਿਹਰਿਆਂ ਵੱਲ ਆਪਣੇ ਮੋਢਿਆਂ ਵੱਲ ਦੇਖ ਕੇ ਆਪਣੇ ਭਵਿੱਖ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ।

ਹੋਰ ਰੀਤੀ ਰਿਵਾਜ ਵਧੇਰੇ ਮੁਕਾਬਲੇ ਵਾਲੇ ਸਨ। ਕੁਝ ਹੈਲੋਵੀਨ ਪਾਰਟੀਆਂ 'ਤੇ ਚੈਸਟਨਟ-ਹੰਟ 'ਤੇ ਬਰ ਲੱਭਣ ਵਾਲਾ ਪਹਿਲਾ ਮਹਿਮਾਨ ਵਿਆਹ ਕਰਨ ਵਾਲਾ ਪਹਿਲਾ ਹੋਵੇਗਾ। ਦੂਜਿਆਂ 'ਤੇ ਪਹਿਲਾ ਸਫਲ ਸੇਬ-ਬੋਬਰ ਗਲੀ ਤੋਂ ਹੇਠਾਂ ਸਭ ਤੋਂ ਪਹਿਲਾਂ ਹੋਵੇਗਾ।

ਬੇਸ਼ੱਕ, ਭਾਵੇਂ ਅਸੀਂ ਰੋਮਾਂਟਿਕ ਸਲਾਹ ਲਈ ਕਹਿ ਰਹੇ ਹਾਂ ਜਾਂ ਸੱਤ ਸਾਲਾਂ ਦੀ ਮਾੜੀ ਕਿਸਮਤ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਇਨ੍ਹਾਂ ਹੈਲੋਵੀਨ ਅੰਧ ਵਿਸ਼ਵਾਸਾਂ ਵਿਚੋਂ ਹਰ ਇਕ ਉਸੇ "ਆਤਮਾ" ਦੀ ਸਦਭਾਵਨਾ 'ਤੇ ਨਿਰਭਰ ਕਰਦਾ ਹੈ, ਜਿਸਦੀ ਮੌਜੂਦਗੀ ਸ਼ੁਰੂਆਤੀ ਸੇਲਟਸ ਨੇ ਬਹੁਤ ਉਤਸੁਕਤਾ ਨਾਲ ਮਹਿਸੂਸ ਕੀਤੀ ਸੀ।







ਕਾਂਗਰਸਮੈਨ ਜੌਹਨ ਗਾਰਮੈਂਡੀ ਲਈ ਫੇਅਰਫੀਲਡ ਵਿਖੇ ਸਤਿੰਦਰ ਅਤੇ ਹਰਜੀਤ ਹੇਅਰ ਦੇ ਗ੍ਰਹਿ ਵਿਖੇ ਫੰਡ ਰੇਜ਼ਿੰਗ ਸਮਾਗਮ ਕੀਤਾ ਗਿਆ। ਇਸ ਮੌਕੇ ਨਾਮਵਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ, ਜਿਹਨਾਂ ਵਿਚੋਂ ਕੁਝ ਸੈਕਰਾਮੈਂਟੋ ਤੋਂ ਵੀ ਸਨ। ਪ੍ਰੋਗਰਾਮ ਬਹੁਤ ਹੀ ਸੁਚੱਜੇ ਤਰੀਕੇ ਨਾਲ ਆਯੋਜਿਤ ਕੀਤਾ ਗਿਆ। ਆਏ ਸਾਰੇ ਮਹਿਮਾਨਾਂ ਨੇ ਸ੍ਰੀ ਗਰਮੈਂਡੀ ਨੂੰ ਮਿਲ ਕੇ ਖੁਸ਼ੀ ਜ਼ਾਹਿਰ ਕੀਤੀ ਅਤੇ ਉਹਨਾਂ ਦਾ ਧੰਨਵਾਦ ਕੀਤਾ ਗਿਆ। ਤਸਵੀਰਾਂ ਅਤੇ ਵੇਰਵਾ- ਸੁਖਚੈਨ ਸਿੰਘ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਰਵਾਇਆ ਸੈਮੀਨਾਰ

## ਪੇਟਿੰਗ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮਾ ਦੀ ਕੀਤੀ ਵੰਡ

**ਫਗਵਾੜਾ 2 ਨਵੰਬਰ (ਬੀਕੇ ਰੱਤੂ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿਖੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਵਿੱਚ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਸੈਮੀਨਾਰ ਕਰਵਾਇਆ ਗਿਆ।



ਇਸ ਮੌਕੇ ਤੇ ਖੇਤੀਬਾੜੀ ਅਫ਼ਸਰ ਸ਼੍ਰੀ ਰਣਜੀਤ ਸਿੰਘ ਚੋਹਾਨ ਨੇ ਬਤੌਰ ਮੁੱਖ ਮਹਿਮਾਨ ਹਾਜਰ ਹੋ ਕੇ ਪਰਾਲੀ ਨੂੰ ਅੱਗ ਲਗਾਉਣ ਦੇ ਨੁਕਸਾਨ ਅਤੇ ਅੱਗ ਨਾ ਲਗਾਉਣ ਦੇ ਲਾਭਾਂ ਬਾਰੇ ਬੱਚਿਆਂ ਨੂੰ ਦੱਸਿਆ ਅਤੇ ਪਾਣੀ ਦੀ ਦੁਰਵਰਤੋਂ ਨਾ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਸੈਮੀਨਾਰ ਵਿੱਚ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਨੇ ਆਪਣੇ ਸੰਬੋਧਨ 'ਚ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਅਤੇ ਵਾਤਾਵਰਣ ਸਾਫ਼ ਰੱਖਣ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

ਇਸ ਦੌਰਾਨ ਖੇਤੀਬਾੜੀ ਵਿਭਾਗ ਦੀ ਟੀਮ ਨੇ ਵਿਸ਼ੇਸ਼ ਤੌਰ ਤੇ ਸ਼ਿਰਕਿਤ ਕੀਤੀ। ਇਸ ਦੌਰਾਨ ਵਿਦਿਆਰਥੀਆਂ ਦੀ ਪੇਂਟਿੰਗ ਮੁਕਾਬਲੇ ਕਰਵਾਏ ਗਏ ਅਤੇ ਇਸ ਉਪਰੰਤ ਸਕੂਲ ਦੇ ਸਟਾਫ,ਖੇਤੀਬਾੜੀ ਵਿਭਾਗ ਦੀ ਟੀਮ ਅਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪਿੰਡ ਵਿੱਚ ਰੈਲੀ ਕੱਢੀ ਗਈ।

ਅਖੀਰ ਵਿੱਚ ਪੇਟਿੰਗ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮਾ ਦੀ ਵੰਡ ਕੀਤੀ ਗਈ। ਰੈਲੀ ਵਿੱਚ 'ਪਰਾਲੀ ਨੂੰ ਅੱਗ ਨਾ ਲਾਓ,ਵਾਤਾਵਰਣ ਬਚਾਓ' ਦੇ ਨਾਹਰੇ ਨਾਲ ਪਿੰਡ ਵਾਸੀਆ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਤੇ ਖੇਤੀਬਾੜੀ ਵਿਭਾਗ ਟੀਮ ਦੇ ਮੈਬਰ ਰਣਜੀਤ ਸਿੰਘ ਚੋਹਾਨ, ਮੈਡਮ ਜੋਤੀ, ਬਲਵਿੰਦਰ ਸਿੰਘ ਬਾਸੀ, ਵਾਇਸ ਪ੍ਰਿੰਸੀਪਲ ਰਿਸ਼ੀ ਕੁਮਾਰ, ਲੈਕ। ਵਿਦਿਆ ਸਾਗਰ, ਰਾਮ ਦਿਆਲ, ਜਸਵਿੰਧਰ ਸਾਂਪਲਾ, ਮੰਜੂ ਰਾਣੀ, ਜਸਵੀਰ ਕੌਰ, ਸਰਬਜੀਤ ਕੌਰ, ਅੰਸ਼ੂ ਸਰਭਵਾਲ ਅਤੇ ਰਜਨੀ ਸੂਦ ਤੋਂ ਇਲਾਵਾ ਵਿਦਿਆਰਥੀ ਹਾਜਰ ਸਨ ।

# ਅਯੁੱਧਿਆ 'ਚ 14 ਕੋਸੀ ਪਰਿਕਰਮਾ ਮੇਲੇ 'ਚ ਮਚੀ ਭਗਦੜ ਕਾਰਨ ਕਈ ਸ਼ਰਧਾਲੂ ਬੇਹੋਸ਼

ਬੀਤੀ ਰਾਤ ਤੋਂ ਸ਼ੁਰੂ ਹੋਈ ਰਾਮ ਨਗਰੀ ਦੀ 14 ਕੋਸੀ ਪਰਿਕਰਮਾ ਬੁੱਧਵਾਰ ਨੂੰ ਵੀ ਪੂਰੇ ਪ੍ਰਵਾਹ ਨਾਲ ਜਾਰੀ ਰਹੀ। ਰਾਤ 1:30 ਵਜੇ ਦੇ ਕਰੀਬ ਹਨੂੰਮਾਨ ਗੁਫਾ ਦੇ ਨੁੱਕਰ 'ਤੇ ਸ਼ਰਧਾਲੂਆਂ ਦੇ ਭਾਰੀ ਦਬਾਅ ਵਿਚਕਾਰ ਪਰਿਕਰਮਾ ਮਾਰਗ 'ਤੇ ਕੁਝ ਸਮੇਂ ਲਈ ਹਫੜਾ-ਦਫੜੀ ਮੱਚ ਗਈ। ਲੋਕਾਂ ਦੇ ਜ਼ਿਆਦਾ ਦਬਾਅ ਕਾਰਨ ਕਈ ਸ਼ਰਧਾਲੂ ਬੇਹੋਸ਼ ਹੋ ਗਏ। ਇਨ੍ਹਾਂ 'ਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਨੁੱਕੜ ਵਿਖੇ ਨਿਯੁਕਤ ਮੈਜਿਸਟ੍ਰੇਟ ਲਕਸ਼ਮਣ ਪ੍ਰਸਾਦ ਨੇ ਦੱਸਿਆ ਕਿ ਹਫੜਾ-ਦਫੜੀ ਦਰਮਿਆਨ ਪੁਲਿਸ ਤੁਰੰਤ ਸਰਗਰਮ ਹੋ ਗਈ ਅਤੇ ਐਂਬੂਲੈਂਸ ਦੀ ਮਦਦ ਨਾਲ ਬੇਹੋਸ਼ ਸ਼ਰਧਾਲੂਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਸਾਹ ਲੈਣ ਵਿੱਚ ਤਕਲੀਫ਼ ਅਤੇ ਘਬਰਾਹਟ ਕਾਰਨ ਬਜ਼ੁਰਗ ਸ਼ਰਧਾਲੂਆਂ ਨੂੰ ਕੁਝ ਪ੍ਰੇਸ਼ਾਨੀ ਹੋਈ ਸੀ ਪਰ ਪੂਰੀ ਤਰ੍ਹਾਂ ਠੀਕ ਹੋਣ 'ਤੇ ਉਨ੍ਹਾਂ ਨੂੰ ਜਲਦੀ ਹੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾਵੇਗੀ।

ਇਸ ਦੌਰਾਨ 14 ਕੋਸੀ ਦੀ ਪਰਿਕਰਮਾ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੀ। ਪਰਿਕਰਮਾ ਦਾ ਸਮਾਂ ਅੱਧੀ ਰਾਤ ਤੋਂ ਬਾਅਦ 12:47 ਵਜੇ ਦਾ ਸੀ ਪਰ ਸ਼ਰਧਾਲੂ ਮੁਹੱਰਤੇ ਤੋਂ ਘੰਟੇ ਪਹਿਲਾਂ ਪੂਰੇ ਉਤਸ਼ਾਹ ਨਾਲ ਪਰਿਕਰਮਾ ਦੇ ਰੂਟ 'ਤੇ ਚੱਲਦੇ ਰਹੇ। ਮੁਹੂਰਤ ਸ਼ੁਰੂ ਹੋਣ ਤੋਂ ਬਾਅਦ ਰਾਮਨਗਰੀ ਦੇ 42 ਕੋਸ ਦੇ ਘੇਰੇ ਵਿੱਚ ਇੱਕ ਤਿਲ ਵੀ ਰੱਖਣ ਦੀ ਥਾਂ ਨਹੀਂ ਸੀ। ਕੁਝ ਘੰਟਿਆਂ ਤੱਕ ਪੁਲਿਸ ਵੀ ਭੀੜ ਅੱਗੇ ਬੇਵੱਸ ਨਜ਼ਰ ਆਈ ਅਤੇ ਭੀੜ ਨੂੰ ਕਾਬੂ ਕਰਨ ਲਈ ਕਾਫੀ ਜੱਦੋ-ਜਹਿਦ ਕਰਨੀ ਪਈ।

# ਦੇਸ਼ ਦੀ ਏਕਤਾ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ ਦੁਸ਼ਮਣ: ਮੋਦੀ

**ਕੇਵੜੀਆ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੁਸ਼ਮਣ ਦੇਸ਼ ਦੀ ਏਕਤਾ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਮੁਲਕ ਨੂੰ ਅਜਿਹੀਆਂ ਕੋਸ਼ਿਸ਼ਾਂ ਖ਼ਿਲਾਫ਼ ਡਟ ਕੇ ਖੜ੍ਹਾ ਹੋਣਾ ਚਾਹੀਦਾ ਹੈ। ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਦੀ ਜੈਅੰਤੀ ਮੌਕੇ ਗੁਜਰਾਤ ਦੇ ਕੇਵੜੀਆ 'ਚ ਉਨ੍ਹਾਂ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ੍ਰੀ ਮੋਦੀ ਨੇ ਐਤਵਾਰ ਨੂੰ ਮੋਰਬੀ ਪੁਲ ਹਾਦਸੇ ਦੇ ਮ੍ਰਿਤਕਾਂ ਨੂੰ ਵੀ ਯਾਦ ਕੀਤਾ। ਪ੍ਰਧਾਨ ਮੰਤਰੀ ਨੇ ਭਾਵੁਕ ਹੁੰਦਿਆਂ ਕਿਹਾ,''ਮੈਂ ਕੇਵੜੀਆ 'ਚ ਹਾਂ ਪਰ ਮੇਰਾ ਦਿਲ ਮੋਰਬੀ ਪੁਲ ਹਾਦਸੇ ਦੇ ਮ੍ਰਿਤਕਾਂ ਪ੍ਰਤੀ ਰੋ ਰਿਹਾ ਹੈ।''

ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ ਵੱਖ ਕੋਨਿਆਂ ਤੋਂ ਕਲਾਕਾਰ ਕੇਵੜੀਆ ਆਏ ਹੋਏ ਸਨ ਪਰ ਮੌਜੂਦਾ ਸੋਗ ਦੇ ਹਾਲਾਤ ਨੂੰ ਦੇਖਦਿਆਂ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਕਿ ਸਰਕਾਰ ਪੀੜਤਾਂ ਦੇ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਸਾਡੇ ਦੁਸ਼ਮਣਾਂ ਦੀਆਂ ਅੱਖਾਂ 'ਚ ਰੜਕ ਰਹੀ ਹੈ। ਨਾ ਸਿਰਫ਼ ਅੱਜ ਸਗੋਂ ਹਜ਼ਾਰਾਂ ਸਾਲਾਂ ਤੋਂ ਇਹ ਹੋ ਰਿਹਾ ਹੈ ਅਤੇ ਸਾਰੇ ਵਿਦੇਸ਼ੀ ਹਮਲਾਵਰਾਂ ਨੇ ਵੀ ਇਸ ਏਕਤਾ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਸ੍ਰੀ ਮੋਦੀ ਨੇ ਕਿਹਾ ਕਿ ਲੰਬੇ ਸਮੇਂ ਤੋਂ ਫੈਲਾਏ ਜਾ ਰਹੇ ਜ਼ਹਿਰ ਕਾਰਨ ਦੇਸ਼ ਅੱਜ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਅਸੀਂ ਦੇਸ਼ ਦੀ ਵੰਡ ਵੀ ਦੇਖੀ ਅਤੇ ਦੁਸ਼ਮਣਾਂ ਨੇ ਇਸ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ।

'ਅਜਿਹੀਆਂ ਤਾਕਤਾਂ ਅੱਜ ਸਰਗਰਮ ਹਨ ਅਤੇ ਉਹ ਲੋਕਾਂ ਨੂੰ ਜਾਤ, ਖ਼ਿੱਤੇ ਅਤੇ ਭਾਸ਼ਾ ਦੇ ਨਾਮ 'ਤੇ ਲੜਾਉਣਾ ਚਾਹੁੰਦੇ ਹਨ। ਇਤਿਹਾਸ ਵੀ ਇਸ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਲੋਕ ਇਕ-ਦੂਜੇ ਨਾਲ ਖੜ੍ਹੇ ਨਾ ਹੋ ਸਕਣ।' ਉਨ੍ਹਾਂ ਕਿਹਾ ਕਿ ਅਜਿਹੀਆਂ ਤਾਕਤਾਂ ਸਿਰਫ਼ ਬਾਹਰੋਂ ਹੀ ਨਹੀਂ ਸਗੋਂ ਮੁਲਕ ਦੇ ਪ੍ਰਬੰਧ 'ਚ ਗੁਲਾਮੀ ਦੀ ਮਾਨਸਿਕਤਾ ਦੇ ਰੂਪ 'ਚ ਵੀ ਆ ਗਈਆਂ ਹਨ ਅਤੇ ਉਹ ਆਪਣੇ ਸੌੜੇ ਹਿੱਤਾਂ, ਭਾਈ-ਭਤੀਜਵਾਦ, ਲਾਲਚ ਅਤੇ ਭ੍ਰਿਸ਼ਟਾਚਾਰ ਵਜੋਂ ਪੇਸ਼ ਕਰਦੀਆਂ ਹਨ।

# ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨਾ ਹਰ ਸਕੂਲ ਅਤੇ ਅਧਿਆਪਕ ਦਾ ਫ਼ਰਜ਼- ਬਨਵਾਰੀ ਲਾਲ ਪੁਰੋਹਿਤ








ਨਵੀਂ ਸਿੱਖਿਆ ਨੀਤੀ-2022 ਨੂੰ ਲਾਗੂ ਕਰਨ ਵਿੱਚ ਦੇਸ਼ ਦੇ ਪ੍ਰਾਈਵੇਟ ਸਕੂਲ ਅਤੇ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਕਿਉਂਕਿ ਭਾਰਤ 'ਚ ਕੁੱਲ ਸਕੂਲਾਂ ਦੀ ਗਿਣਤੀ ਵਿਚੋਂ 26 ਫ਼ੀਸਦੀ ਪ੍ਰਾਈਵੇਟ ਸਕੂਲ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਅਤੇ ਯੂ.ਟੀ ਪ੍ਰਸ਼ਾਸਕ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਵੱਲੋਂ ਕੀਤਾ ਗਿਆ। ਇਸ ਮੌਕੇ ਉਹ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ (ਫੈਪ) ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਏ 'ਨੈਸ਼ਨਲ ਸਕੂਲ ਐਵਾਰਡ-2022' ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਇਸ ਰਾਸ਼ਟਰ ਪੱਧਰੀ ਸਮਾਗਮ ਦੇ ਪਹਿਲੇ ਦਿਨ ਦੇਸ਼ ਭਰ ਤੋਂ 230 ਸਕੂਲਾਂ ਨੂੰ 'ਬੈਸਟ ਨੈਸ਼ਨਲ ਸਕੂਲ' ਐਵਾਰਡ ਦਿੱਤੇ ਗਏ ਜਦਕਿ 135 ਪ੍ਰਿੰਸੀਪਲਾਂ ਦਾ ਬੈਸਟ ਪ੍ਰਿੰਸੀਪਲ ਐਵਾਰਡ ਸ਼੍ਰੇਣੀ ਅਧੀਨ ਸਨਮਾਨ ਕੀਤਾ ਗਿਆ।ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ ਅਤੇ ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਅਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਉਚੇਚੇ ਤੌਰ 'ਤੇ ਮੌਜੂਦ ਰਹੇ।

ਇਸ ਮੌਕੇ ਬੋਲਦਿਆਂ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੇ ਪ੍ਰਾਈਵੇਟ ਸਕੂਲਾਂ ਦੇ ਯੋਗਦਾਨ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਦੁਆਰਾ ਐਲਾਨੀ ਨਵੀਂ ਸਿੱਖਿਆ ਨੀਤੀ-2022 ਨੂੰ ਲਾਗੂ ਕਰਨ ਵਿੱਚ ਪ੍ਰਾਈਵੇਟ ਸਕੂਲ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਦੇ ਕੁੱਲ ਸਕੂਲਾਂ ਵਿੱਚੋਂ, ਨਿੱਜੀ ਖੇਤਰ ਦੇ ਸਕੂਲ ਕੁੱਲ ਗਿਣਤੀ ਦਾ 26 ਫ਼ੀਸਦੀ ਬਣਦੇ ਹਨ ਜਦਕਿ ਪੰਜਾਬ ਵਿੱਚ ਪ੍ਰਾਈਵੇਟ ਸੈਕਟਰ ਦੇ ਸਕੂਲਾਂ ਦੀ ਗਿਣਤੀ 30 ਫ਼ੀਸਦੀ ਹੈ ਜੋ ਰਾਸ਼ਟਰੀ ਔਸਤ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਕੁੱਲ ਦਾਖ਼ਲਾ ਅਨੁਪਾਤ ਦੇ ਅੰਕੜਿਆਂ ਨੂੰ ਸੁਧਾਰਨ ਵਿੱਚ ਪ੍ਰਾਈਵੇਟ ਸਕੂਲਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ, ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ 100 ਫ਼ੀਸਦੀ ਦਾਖ਼ਲਾ ਯਕੀਨੀ ਬਣਾਉਣ 'ਚ ਪ੍ਰਾਈਵੇਟ ਸਕੂਲਾਂ 'ਤੇ ਵੱਡੀ ਜ਼ੁੰਮੇਵਾਰੀ ਹੈ ਤਾਂ ਜੋ ਦੇਸ਼ ਦੇ ਹਰ ਬੱਚੇ ਤੱਕ ਸਿੱਖਿਆ ਦੀ ਪਹੁੰਚ ਬਣਾਈ ਜਾ ਸਕੇ। ਉਨ੍ਹਾਂ ਦੇਸ਼ ਭਰ ਤੋਂ ਸਮਾਗਮ 'ਚ ਸ਼ਿਰਕਤ ਕਰਨ ਵਾਲੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਨੁਮਾਇੰਦਿਆਂ ਨੂੰ ਵੀ ਨਵੀਂ ਸਿੱਖਿਆ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪ੍ਰਾਚੀਨ ਕਾਲ ਤੋਂ ਹੀ ਸਿੱਖਿਆ ਭਾਰਤ ਦੇ ਵਿਕਾਸ ਦਾ ਧੁਰਾ ਰਹੀ ਹੈ। ਸਾਡੇ ਪੂਰਵਜਾਂ ਨੇ ਸੈਂਕੜੇ ਸਾਲ ਪਹਿਲਾਂ ਨਾਲੰਦਾ ਅਤੇ ਤਕਸ਼ਿਲਾ ਦੇ ਰੂਪ 'ਚ ਵਿਸ਼ਵ ਦੀਆਂ ਸਭ ਤੋਂ ਵਧੀਆ ਯੂਨੀਵਰਸਿਟੀਆਂ ਬਣਾਈਆਂ ਅਤੇ ਸਭ ਤੋਂ ਵੱਡੀਆਂ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ।ਉਨ੍ਹਾਂ ਕਿਹਾ ਕਿ ਇੱਕ ਚੰਗੀ ਸਿੱਖਿਆ ਪ੍ਰਣਾਲੀ ਇੱਕ ਗਿਆਨਵਾਨ ਸਮਾਜ ਦੀ ਨੀਂਹ ਹੈ, ਜਿਸ ਨਾਲ ਇੱਕ ਅਗਾਂਹਵਧੂ, ਜਮਹੂਰੀ ਸਮਾਜ ਦਾ ਨਿਰਮਾਣ ਹੁੰਦਾ ਹੈ। ਉਨ੍ਹਾਂ ਕਿਹਾ ਕਿ ਨਿਰਸੰਦੇਹ ਭਾਰਤ ਨੇ ਵਿਗਿਆਨ, ਤਕਨਾਲੋਜੀ, ਨਵੀਨਤਾ ਅਤੇ ਆਰਥਿਕ ਵਿਕਾਸ ਦੇ ਖੇਤਰਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਸਿਰਫ਼ ਫੈਕਟਰੀਆਂ, ਡੈਮਾਂ, ਸੜਕਾਂ ਦਾ ਨਿਰਮਾਣ ਹੀ ਅਸਲ ਵਿਕਾਸ ਨਹੀਂ ਬਲਕਿ ਸਾਨੂੰ ਆਪਣੇ ਮਨਾਂ 'ਚ ਕਦਰਾਂ ਕੀਮਤਾਂ, ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਪ੍ਰਤੀ ਵਫ਼ਾਦਾਰ ਵੀ ਕਾਇਮ ਰੱਖਣੀ ਹੋਵੇਗੀ। ਉਨ੍ਹਾਂ ਕਿਹਾ ਕਿ ਸਾਡੇ ਵਿਦਿਅਕ ਅਦਾਰਿਆਂ ਵਿੱਚ ਅਜਿਹੇ ਅਧਿਆਪਕ ਹੋਣੇ ਚਾਹੀਦੇ ਹਨ ਜੋ ਨੌਜਵਾਨ ਮਨਾਂ ਦੇ ਵਿਚਾਰਾਂ ਨੂੰ ਰੂਪ ਦੇ ਸਕਣ ਅਤੇ ਅਧਿਆਪਕ ਵਿਦਿਆਰਥੀਆਂ ਦੇ ਮਨਾਂ ਵਿੱਚ ਸਹੀ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਸਿੱਖਿਆ ਸੰਸਥਾਵਾਂ ਦੀ ਨੌਜਵਾਨ ਮਨਾਂ ਵਿੱਚ ਕਦਰਾਂ-ਕੀਮਤਾਂ, ਅਨੁਸ਼ਾਸਨ, ਸਮਰਪਣ ਅਤੇ ਰਾਸ਼ਟਰ ਪ੍ਰਤੀ ਪ੍ਰਤੀਬੱਧਤਾ ਦੀ ਭਾਵਨਾ ਪੈਦਾ ਕਰਨ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇੱਕ ਮਜਬੂਤ ਅਤੇ ਗੁਣਵੱਤਾਪੂਰਨ ਸਿੱਖਿਆ ਪ੍ਰਣਾਲੀ 'ਚ ਅਜਿਹੀ ਤਾਕਤ ਹੈ, ਜੋ ਭਾਰਤ ਨੂੰ ਵਿਸ਼ਵ ਦੇ ਮੋਹਰੀ ਦੇਸ਼ਾਂ 'ਚ ਸ਼ੁਮਾਰ ਕਰਨ 'ਚ ਸਹਾਈ ਹੋਵੇਗੀ।ਉਨ੍ਹਾਂ ਕਿਹਾ ਕਿ ਕਦਰਾਂ-ਕੀਮਤਾਂ ਤੋਂ ਬਿਨਾਂ ਸਿੱਖਿਆ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾਂ ਸਕੂਲ ਮੁਖੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਕਦਰਾਂ-ਕੀਮਤਾਂ 'ਤੇ ਅਧਾਰਤ ਅਤੇ ਸੰਪੂਰਨ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਨੂੰ ਹਿੰਸਾ, ਅੱਤਵਾਦ, ਅਸਹਿਣਸ਼ੀਲਤਾ ਅਤੇ ਵਾਤਾਵਰਣ ਦੇ ਵਿਗਾੜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਬੱਚਿਆਂ ਨੂੰ ਸੱਚਾਈ, ਸਹਿਣਸ਼ੀਲਤਾ, ਅਖੰਡਤਾ, ਧਰਮ ਨਿਰਪੱਖਤਾ ਅਤੇ ਸਮਾਵੇਸ਼ ਦੀਆਂ ਕਦਰਾਂ-ਕੀਮਤਾਂ ਪ੍ਰਦਾਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਵਿਸ਼ਵ ਨੂੰ ਰਹਿਣ ਲਈ ਇੱਕ ਸੁਰੱਖਿਅਤ ਅਤੇ ਬਿਹਤਰ ਸਥਾਨ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ 'ਤੇ ਧਿਆਨ ਕੇਂਦਰਤ ਕਰਦਿਆਂ ਇੱਕ ਵਿਕਸਤ ਭਾਰਤ ਦੇ ਨਿਰਮਾਣ ਲਈ ਸਮੁੱਚੇ ਦੇਸ਼ਵਾਸੀਆਂ ਨੂੰ ਇੱਕਜੁੱਟ ਹੋਣ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ 'ਆਜ਼ਾਦੀ ਦੇ ਅੰਮ੍ਰਿਤਕਾਲ ਵਿੱਚ' ਭਾਰਤ ਲਈ ਆਪਣੀ ਪੁਰਾਤਨ ਸਾਖ ਕਾਇਮ ਕਰਨ ਅਤੇ ਵਿਸ਼ਵ ਵਿੱਚ ਗਿਆਨ ਦੀ ਮਹਾਂਸ਼ਕਤੀ ਵਜੋਂ ਸਥਾਪਿਤ ਹੋਣ ਦਾ ਸੁਨਿਹਰੀ ਮੌਕਾ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਕਿਹਾ ਕਿ ਸਮਾਜ ਨੂੰ ਲੋੜੀਂਦੀ ਮਿਆਰੀ ਸਿੱਖਿਆ ਪ੍ਰਦਾਨ 'ਚ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪਿਛਲੇ 20-25 ਸਾਲਾਂ 'ਚ ਪੰਜਾਬ ਨੂੰ ਪੈਰ੍ਹਾਂ 'ਤੇ ਖੜ੍ਹੇ ਰੱਖਣ 'ਚ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੇ ਅਹਿਮ ਭੂਮਿਕਾ ਨਿਭਾਈ ਹੈ।ਉਨ੍ਹਾਂ ਕਿਹਾ ਕਿ ਸਮਾਜ 'ਚ ਅਧਿਆਪਕ ਦਾ ਰੁਤਬਾ ਪ੍ਰਮਾਤਮਾ ਦੇ ਸਮਾਨ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀ ਵਿਦਿਆਰਥੀਆਂ ਪ੍ਰਤੀ ਵੱਡੀ ਜ਼ੁੰਮੇਵਾਰੀ ਬਣਦੀ ਹੈ, ਕਿ ਉਹ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ, ਇਤਿਹਾਸ ਅਤੇ ਮਾਂ ਬੋਲੀ ਨਾਲ ਜੋੜਨ ਲਈ ਸੰਜੀਦਾ ਕਦਮ ਚੁੱਕਣ। ਉਨ੍ਹਾਂ ਕਿਹਾ ਕਿ ਸਭ ਭਾਸ਼ਾਵਾਂ ਦਾ ਸਤਿਕਾਰ ਕਰੋ ਪਰ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣਾ ਅਤਿਅੰਤ ਮਹੱਤਵਪੂਰਨ ਹੈ। ਇਸ ਲਈ, ਜਦੋਂ ਅਸੀਂ ਅੱਜ ਹਿੰਸਾ, ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਖਤਰੇ ਨੂੰ ਦੇਖਦੇ ਹਾਂ ਤਾਂ ਅਧਿਆਪਕ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹਰ ਵਿਦਿਆਰਥੀ ਦਾ ਹੱਥ ਫੜਣ ਤਾਂ ਜੋ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਕੀਤਾ ਜਾ ਸਕੇ ਅਤੇ ਉੱਜਵਲ ਭਵਿੱਖ ਯਕੀਨੀ ਬਣਾਇਆ ਜਾ ਸਕੇ।

ਇਸ ਮੌਕੇ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਪ੍ਰਧਾਨ ਸ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਮਿਆਰੀ ਸਕੂਲ ਵਿਦਿਆ ਦੇ ਖੇਤਰ 'ਚ ਨਿੱਜੀ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਫੈਪ ਵੱਲੋਂ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਦੇਸ਼ ਭਰ ਦੇ ਪ੍ਰਾਈਵੇਟ ਸਕੂਲਾਂ ਨੂੰ ਇਹ ਵਕਾਰੀ ਐਵਾਰਡ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਇਹ ਐਵਾਰਡ ਕੇਵਲ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਨੂੰ ਦਿੱਤੇ ਗਏ ਸਨ ਪਰ ਇਸ ਵਰ੍ਹੇ ਫੈਡਰੇਸ਼ਨ ਵੱਲੋਂ ਇਨ੍ਹਾਂ ਐਵਾਰਡਾਂ ਲਈ ਦੇਸ਼ ਭਰ ਤੋਂ ਨਾਮਜ਼ਦਗੀਆਂ ਲੈਂਦਿਆਂ ਰਾਸ਼ਟਰ ਪੱਧਰ 'ਤੇ ਪ੍ਰਾਈਵੇਟ ਸਕੂਲਾਂ ਦਾ ਸਨਮਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ 'ਚ 50 ਫ਼ੀਸਦੀ ਤੋਂ ਵੱਧ ਵਿਦਿਆਰਥੀ ਸੈਲਫ਼ ਫਾਈਨਾਂਸਡ ਸਕੂਲਾਂ 'ਚ ਵਿਦਿਆ ਹਾਸਲ ਕਰਕੇ ਰਾਸ਼ਟਰ ਨਿਰਮਾਣ 'ਚ ਯੋਗਦਾਨ ਪਾਉਂਦੇ ਹਨ, ਜਿਨ੍ਹਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਇਹ ਪੁਰਸਕਾਰ ਕੌਮੀ ਪੱਧਰ 'ਤੇ ਦਿੱਤੇ ਗਏ ਹਨ। ਸ. ਧੂਰੀ ਨੇ ਕਿਹਾ ਕਿ ਸਕੂਲੀ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੈਲਫ਼ ਫਾਈਨਾਂਸਡ ਸਕੂਲਾਂ ਦੀ ਅਹਿਮ ਭੂਮਿਕਾ ਰਹੀ ਹੈ।

ਸਮਾਗਮ ਦੇ ਪਹਿਲੇ ਦਿਨ ਦਿੱਲੀ ਪਬਲਿਕ ਸਕੂਲ, ਅੰਮ੍ਰਿਤਸਰ, ਸੇਂਟ ਸੋਲਡਰ ਇਲੀਟ ਕਾਨਵੈਂਟ ਸਕੂਲ, ਅੰਮ੍ਰਿਤਸਰ ਅਤੇ ਗੁਰੂ ਨਾਨਕ ਪਬਲਿਕ ਸਕੂਲ, ਲੁਧਿਆਣਾ ਨੂੰ ਬੈਸਟ ਡਿਜੀਟਲ ਟੀਚਿੰਗ ਇਨਫ੍ਰਾਸਟਰੱਕਚਰ ਐਵਾਰਡ ਨਾਲ ਨਿਵਾਜਿਆ ਗਿਆ ਜਦਕਿ ਸਿਲਵਰ ਓਕਸ ਸਕੂਲ ਬਠਿੰਡਾ ਅਤੇ ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਸਰਬੋਤਮ ਬੁਨਿਆਦੀ ਢਾਂਚੇ ਸਬੰਧੀ ਐਵਾਰਡ ਦਿੱਤਾ ਗਿਆ। ਇਸੇ ਤਰ੍ਹਾਂ ਦਿੱਲੀ ਪਬਲਿਕ ਸਕੂਲ ਖੰਨਾ ਅਤੇ ਸ਼ਾਈਨਿੰਗ ਸਟਾਰ ਸਕੂਲ ਅੰਮ੍ਰਿਤਸਰ ਨੇ ਇਨੋਵੇਟਿਵ ਟੀਚਿੰਗ ਪ੍ਰੈਕਟਿਸਜ਼ ਵਰਗ ਵਿੱਚ ਸਰਵੋਤਮ ਸਕੂਲ ਐਵਾਰਡ ਜਿੱਤਿਆ ਜਦਕਿ ਪ੍ਰਤਾਪ ਵਰਲ ਸਕੂਲ ਪਠਾਨਕੋਟ ਅਤੇ ਸਿਲਵਰ ਓਕਸ ਸਕੂਲ ਬਠਿੰਡਾ ਨੇ ਸ਼ਾਨਦਾਰ ਖੇਡ ਬੁਨਿਆਦੀ ਢਾਂਚੇ ਵਾਲਾ ਸਰਵੋਤਮ ਸਕੂਲ ਐਵਾਰਡ ਹਾਸਲ ਕੀਤਾ। ਇਸੇ ਤਰ੍ਹਾਂ ਸ਼੍ਰੀ ਨਰਾਇਣਾ ਸੈਂਟਰਲ ਸਕੂਲ, ਅਹਿਮਦਾਬਾਦ ਗੁਜਰਾਤ ਤੋਂ ਡਾ. ਸੁਨੀਤਾ ਸਿੰਘ ਅਤੇ ਦਵਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ ਅੰਮ੍ਰਿਤਸਰ ਤੋਂ ਸ਼੍ਰੀਮਤੀ ਹਰਜੀਤ ਕੌਰ ਨੂੰ ਡਾਇਨਾਮਿਕ ਪ੍ਰਿੰਸੀਪਲ ਐਵਾਰਡ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਨੇ ਸਕੂਲੀ ਪੱਧਰ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਪਰਪੱਕ ਬੁਨਿਆਦ ਬਣਾਉਣ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਦਿਆ ਦਾ ਮਿਆਰ ਹੋਰ ਉਪਰ ਚੁੱਕਣ ਲਈ ਚੰਡੀਗੜ੍ਹ ਯੂਨੀਵਰਸਿਟੀ ਹਮੇਸ਼ਾ ਫੈਡਰੇਸ਼ਨ ਦੇ ਨਾਲ ਖੜ੍ਹੀ ਹੈ, ਜਿਸ ਦੇ ਅੰਤਰਗਤ ਸਕੂਲਾਂ 'ਚ ਲੀਡਰਸ਼ਿਪ ਟ੍ਰੇਨਿੰਗ ਪ੍ਰੋਗਰਾਮ ਚਲਾਉਣ ਲਈ ਚੰਡੀਗੜ੍ਹ ਯੂਨੀਵਰਸਿਟੀ ਜ਼ੁੰਮੇਵਾਰੀ ਚੁੱਕਣ ਲਈ ਤਿਆਰ ਹੈ। ਇਸ ਪ੍ਰੋਗਰਾਮ ਦੇ ਮਾਧਿਅਮ ਰਾਹੀਂ ਅਧਿਆਪਕਾਂ ਨੂੰ ਤਕਨਾਲੋਜੀ ਅਤੇ ਹੋਰਨਾਂ ਖੇਤਰਾਂ 'ਚ ਸਿਖਲਾਈ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਲਈ ਉਚੇਰੀ ਸਿੱਖਿਆ, ਪੀ.ਐਚ.ਡੀ ਡਿਗਰੀ ਸਬੰਧੀ ਹਰ ਸਹਾਇਤਾ ਦੇਣ ਲਈ ਚੰਡੀਗੜ੍ਹ ਯੂਨੀਵਰਸਿਟੀ ਵਚਨਬੱਧ ਹੈ।ਜ਼ਿਕਰਯੋਗ ਹੈ ਕਿ 30 ਅਕਤੂਬਰ ਨੂੰ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੁਰਸਕਾਰਾਂ ਦੀ ਵੰਡ ਕਰਨਗੇ ਜਦਕਿ ਪੰਜਾਬ ਦੇ ਖੇਡ ਅਤੇ ਉਚੇਰੀ ਸਿੱਖਿਆ ਸਬੰਧੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀ.ਬੀਸੀ. ਫੈੱਡਰੇਸ਼ਨ ਤਿੱਖੇ ਸੰਘਰਸ਼ ਦੇ ਰੌਂਅ 'ਚ




**ਹੁਸਿਆਰਪੁਰ-** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਲੈਕ. ਬਲਦੇਵ ਸਿੰਘ ਧੁੱਗਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਅਤੇ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਜੀ ਉਚੇਚੇ ਤੌਰ ਤੇ ਪਹੁੰਚੇ। ਮੀਟਿੰਗ ਵਿੱਚ ਸੂਬਾ ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਫੈੱਡਰੇਸ਼ਨ ਵਲੋਂ ਕੀਤੀਆਂ ਪਿਛਲੀਆਂ ਗਤੀਵਿਧੀਆਂ ਦਾ ਰੀਵਿਊ ਅਤੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਸ. ਬੋਦਲ, ਸ਼੍ਰੀ ਬਲਰਾਜ ਕੁਮਾਰ ਅਤੇ ਸ. ਧੁੱਗਾ ਨੇ ਫੈੱਡਰੇਸ਼ਨ ਦੇ ਭਾਰੀ ਗਿਣਤੀ ਵਿੱਚ ਇਕੱਤਰ ਹੋਏ ਆਹੁਦੇਦਾਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸੱਤਾ ਵਿਚ ਆਈ ਨਵੀਂ ਸਰਕਾਰ ਦੇ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਫੈੱਡਰੇਸ਼ਨ ਦੇ ਆਗੂ ਸਾਥੀਆਂ ਨਾਲ ਮਿਲ ਕੇ ਦਲਿਤ ਮੁਲਾਜ਼ਮਾਂ ਅਤੇ ਸਮਾਜ ਦੀਆਂ ਸੰਵਿਧਾਨਕ ਮੰਗਾਂ ਤੋਂ ਜਾਣੂ ਕਰਵਾ ਚੁੱਕੇ ਹਨ। ਪਰ ਹਾਲੇ ਤੱਕ ਸਰਕਾਰ ਵਲੋਂ ਕੋਈ ਵੀ ਹਾਂ ਪੱਖੀ ਹੁੰਗਾਰਾ ਨਹੀਂ ਮਿਲਿਆ।ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਨਾਂ ਲੈ ਕੇ ਸੱਤਾ ਵਿਚ ਆਈ ਸਰਕਾਰ ਵੀ ਪਹਿਲਾਂ ਵਾਲੀਆਂ ਸਰਕਾਰਾਂ ਦੇ ਰਾਹ ਤੇ ਤੁਰ ਪਈ ਹੈ। ਦਲਿਤ ਮੁਲਾਜ਼ਮਾਂ ਅਤੇ ਸਮਾਜ ਦੀਆਂ ਸੰਵਿਧਾਨਕ ਮੰਗਾਂ ਸਰਕਾਰ ਨੇ ਠੰਡੇ ਬਸਤੇ ਵਿੱਚ ਪਾ ਰੱਖੀਆਂ ਹਨ।ਇਸ ਨਾਲ ਦਲਿਤ ਮੁਲਾਜ਼ਮਾਂ ਅਤੇ ਸਮਾਜ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ।ਦਰਜਾ ਬਦਰਜਾ ਆਹੁਦੇਦਾਰਾਂ ਨੇ ਆਪਣੀਆਂ ਤਕਰੀਰਾਂ ਵਿੱਚ ਸਰਕਾਰ ਨਾਲ ਬਹੁਤ ਨਰਾਜ਼ਗੀ ਅਤੇ ਬੇਭਰੋਸਗੀ ਜ਼ਾਹਰ ਕਰਦਿਆਂ ਭਵਿੱਖ ਵਿੱਚ ਤਿੱਖਾ ਸੰਘਰਸ਼ ਉਲੀਕਣ ਦੇ ਸੰਕੇਤ ਜ਼ਾਹਰ ਕੀਤੇ।ਬੁਲਾਰਿਆਂ ਨੇ ਰਾਖਵਾਂਕਰਨ, ਪੁਰਾਣੀ ਪੈਨਸ਼ਨ ਦੀ ਬਹਾਲੀ, ਸੰਵਿਧਾਨ ਦੀ 85ਵੀਂ ਸੋਧ ਸੰਬੰਧੀ ਅਤੇ 10-10-2014 ਦਾ ਗੈਰ ਸੰਵਿਧਾਨਕ ਪੱਤਰ ਰੱਦ ਕਰਾਉਣ ਵਰਗੇ ਮੁਦਿਆਂ ਨੂੰ ਬੜੀ ਗੰਭੀਰਤਾ ਨਾਲ ਉਠਾਇਆ।

ਪ੍ਰਿੰਸੀਪਲ ਸ਼ਿਵ ਸਿੰਘ ਬੰਗੜ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਲੈਕ. ਬਲਜੀਤ ਸਿੰਘ, ਲੈਕ. ਲਖਵੀਰ ਸਿੰਘ, ਯੋਧਾ ਮੱਲ ਪਾਲ, ਜਰਨੈਲ ਸਿੰਘ ਸੀਕਰੀ, ਲੈਕ. ਪ੍ਰਭਜੋਤ ਸਿੰਘ, ਬਲਵਿੰਦਰ ਸਿੰਘ, ਬਲਵੰਤ ਸਿੰਘ, ਪਰਮਜੀਤ ਸਿੰਘ, ਜਸਪਾਲ ਸਿੰਘ, ਜਸਵੀਰ ਸਿੰਘ, ਸੋਹਨ ਸਿੰਘ, ਗੁਰਮੁਖ ਸਿੰਘ, ਕਰਨੈਲ ਸਿੰਘ, ਕੁਲਵੰਤ ਸਿੰਘ, ਪਰਮਿੰਦਰ ਕੁਮਾਰ, ਹਰਪ੍ਰੀਤ ਸਿੰਘ, ਰਿੰਕੂ ਭਾਟੀਆ, ਹਰਦਿਆਲ ਸਿੰਘ, ਸ਼ਸ਼ੀ ਕੁਮਾਰ, ਉਂਕਾਰ ਸਿੰਘ, ਸਤਪਾਲ ਸਿੰਘ, ਪ੍ਰਿਤਪਾਲ ਸਿੰਘ, ਸੰਜੀਵ ਕੁਮਾਰ, ਮਨਵਿੰਦਰ ਸਿੰਘ, ਰੇਸ਼ਮ ਸਿੰਘ, ਦਰਸ਼ਨ ਸਿੰਘ, ਅਜੀਤ ਪਾਲ ਸਿੰਘ, ਸੁਰਿੰਦਰ ਕੁਮਾਰ, ਕਸ਼ਮੀਰ ਸਿੰਘ, ਹਰਿੰਦਰ ਸਿੰਘ, ਜੈਲ ਸਿੰਘ, ਲਖਵਿੰਦਰ ਰਾਮ, ਗੁਰਜਿੰਦਰ ਪਾਲ ਸਿੰਘ, ਸੁਖਵਿੰਦਰ ਸਿੰਘ, ਮਨਿੰਦਰ ਸਿੰਘ, ਗੁਲਜਾਰੀ ਲਾਲ, ਗੁਰਦਰਸ਼ਨ ਸਿੰਘ, ਪਰਵੀਨ ਕੁਮਾਰ, ਰਵਿੰਦਰ ਸਿੰਘ, ਲਵਿੰਦਰ ਸਿੰਘ, ਸੁਰੇਸ਼ ਕੁਮਾਰ, ਅਮਰਜੀਤ ਸਿੰਘ, ਜਗਦੀਪ ਸਿੰਘ, ਕਰਨੈਲ ਸਿੰਘ,ਜਸਵਿੰਦਰ ਸਿੰਘ ਆਦਿ ਵਰਕਰ ਹਾਜ਼ਰ ਸਨ।

ਚੇਅਰਮੈਨ- ਗੁਰਦਿਆਲ ਸਿੰਘ ਫੁੱਲ ਮੋਬ.94177-80858, ਉਪ-ਪ੍ਰਧਾਨ ਬਲਦੇਵ ਸਿੰਘ ਧੁੱਗਾ ਮੋਬ. 94643-23215, ਡਾ ਜਸਵੰਤ ਰਾਏ, ਜਨਰਲ ਸਕੱਤਰ ਮੋਬ. 98158-25999, ਕੁਲਵਿੰਦਰ ਸਿੰਘ ਬੋਦਲ, ਜ਼ਿਲਾ ਪ੍ਰਧਾਨ, ਮੋਬਾਇਲ:-94636-92271

# ਸੰਘੋਲ ਦਾ ਇਤਿਹਾਸ



ਕੁਸ਼ਲ ਕੁਮਾਰ
91-97807-780629

ਬਾਬਾ ਸਾਹਿਬ ਅੰਬੇਡਕਰ ਲਿਖਦੇ ਹਨ ਕਿ "Indian History is Nothing, It is Just Conflict between Buddhism and Brahmanism" ਭਾਵ ਭਾਰਤ ਦਾ ਇਤਿਹਾਸ ਕੁੱਝ ਵੀ ਨਹੀਂ ਹੈ, ਸਿਵਾਏ ਬੁੱਧਵਾਦ ਅਤੇ ਬ੍ਰਾਹਮਣਵਾਦ ਦੇ ਆਪਸੀ ਸੰਘਰਸ਼ ਤੋਂ। ਇਸ ਤੋਂ ਅੱਗੇ ਬਾਬਾ ਸਾਹਿਬ ਹੋਰ ਲਿਖਦੇ ਹਨ ਕਿ ਭਾਰਤ ਦਾ ਅਸਲ ਇਤਿਹਾਸ ਬੋਧ ਸਾਹਿਤ ਵਿੱਚੋ ਮਿਲੇਗਾ। ਇੱਥੇ ਬਾਬਾ ਸਾਹਿਬ ਦੀ ਇੱਕ ਹੋਰ ਗੱਲ ਕੋਡ ਕੀਤੀ ਜਾ ਸਕਦੀ ਹੈ ਕਿ "ਜਿਹੜੀਆਂ ਕੌਮਾਂ ਆਪਣਾ ਇਤਿਹਾਸ ਨਹੀਂ ਜਾਣਦੀਆਂ ਉਹ ਕਦੇ ਇਤਿਹਾਸ ਸਿਰਜ ਵੀ ਨਹੀਂ ਸਕਦੀਆਂ।"ਉਪਰ ਦਿੱਤੇ ਸਾਰੇ ਸ਼ਬਦ ਆਪਣੇ ਆਪ ਵਿੱਚ ਪ੍ਰੇਰਨਾ ਸਰੋਤ ਹਨ। ਜਿਸ ਕਰਕੇ ਮੇਰੀ ਅਪਣੀ ਬਿਰਤੀ ਭਾਰਤ ਦੇ ਵੀਰਾਨ ਖੰਡਰਾਂ ਵੱਲ ਬਾਰ-ਬਾਰ ਜਾਂਦੀ ਹੈ, ਅਤੇ ਉਥੋਂ ਪੁਰਾਤਨ ਇਤਿਹਾਸ ਦਾ ਕੋਈ ਨਾ ਕੋਈ ਤੱਥ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਸ਼ਾਇਦ ਇੱਥੇ ਸਾਡੇ ਪੁਰਖਿਆਂ ਦਾ ਆਖ਼ਿਰੀ ਸੁਨੇਹਾ ਸਾਡੇ ਲਈ ਛੱਡਿਆ ਪਿਆ ਹੋਵੇ।






ਇਸੇ ਹੀ ਤਾਕ ਵਿੱਚ ਮੈਂ ਕਦੇ ਕਸ਼ਮੀਰ ਦੇ ਖੰਡਰ ਭਾਲ਼ਦਾ, ਕਦੇ ਪੰਜਾਬ ਦੇ ਜਾਂ ਕਿਸੇ ਹੋਰ ਸੂਬੇ ਦੇ। ਕਿਤਿਓਂ ਨਾ ਕਿਤਿਓਂ ਕੋਈ ਨਾ ਕੋਈ ਚੀਜ਼ ਮਿ਼ਲ ਹੀ ਜਾਂਦੀ ਹੈ ਜੋ ਕੜੀਆਂ ਜੋੜਨ ਦਾ ਕੰਮ ਕਰੇ।

ਇਤਿਹਾਸ ਸਾਨੂੰ ਇੰਨੀਆ ਡੂੰਘੀਆਂ ਪੀੜ੍ਹਾਂ ਦਿੰਦਾ ਹੈ ਕਿ ਅਸੀਂ ਇਸ ਤੋਂ ਭੱਜ ਨਹੀਂ ਸਕਦੇ। ਭਾਰਤ ਅੰਦਰ ਸਭਿਆਚਾਰਿਕ ਅਤੇ ਸਾਹਿਤਕ ਤੌਰ ਤੇ ਆਮ ਪ੍ਰਚਲਿਤ ਹੈ ਕਿ ਗੱਡੇ ਹੋਏ ਮੁਰਦੇ ਨਹੀਂ ਪੁਟੀਦੇ ਪਰ ਅੱਜ ਪਤਾ ਲੱਗਾ ਹੈ ਕਿ ਇਹ ਕਹਾਵਤ ਲੋਕਾਂ ਨੂੰ ਇਤਿਹਾਸਿਕ ਗੱਲ ਕਰਨ ਤੋਂ ਵਰਜਦੀ ਹੈ। ਇਤਿਹਾਸ ਵਿੱਚੋ ਸੱਭਿਆਚਾਰ ਦੀ ਝਲਕ ਨਜ਼ਰ ਆਉਂਦੀ ਹੈ। ਇਸ ਵਿੱਚੋ ਭੂਤਕਾਲ ਦੇ ਲੋਕਾਂ ਦੀਆਂ ਸਭਿਆਚਾਰਿਕ ਗਤੀਵਿਧੀਆਂ, ਉਨ੍ਹਾਂ ਦੇ ਦੁੱਖ, ਤਕਲੀਫਾਂ, ਸ਼ੋਕ, ਸਮਾਜ-ਬਣਤਰ, ਕਥਾਵਾਂ, ਪ੍ਰਥਾਵਾਂ , ਰਸਮਾਂ, ਰਿਵਾਇਤਾਂ, ਮੰਨਤਾਂ, ਮਨੌਤਾਂ ਆਦਿ ਦੀ ਜਾਣਕਾਰੀ ਮਿਲਦੀ ਹੈ। ਹੁਣ ਚਰਚਾ ਕਰਦੇ ਹਾਂ ਓਸ ਥਾਂ ਦੀ ਜਿੱਥੇ 1968 ਵਿੱਚ ਖ਼ੁਦਾਈ ਦਾ ਕੰਮ ਚਲਿਆ ਅਤੇ ਜਿੱਥੇ ਬੋਧ ਕਾ਼ਲ ਦੇ ਵਿਲੱਖਣ ਘਰ, ਸਤੂਪ, ਖਿਡੌਣੇ, ਘਰ ਵਿੱਚ ਵਰਤਣ ਵਾਲਾ ਕੀਮਤੀ ਸਮਾਨ, ਸਿੱਕੇ, ਪੱਥਰ ਦੀ ਨਿਕਾਸ਼ੀ ਕੀਤੀਆਂ ਮੂਰਤੀਆਂ ਮਿਲੀਆਂ। ਇਹ ਥਾਂ ਲੁਧਿਆਣੇ ਤੋਂ ਤਕਰੀਬਨ 60 ਕਿਲੋਮੀਟਰ ਦੂਰ ਦੁਰਾਡੇ ਪ੍ਰਾਚੀਨ ਭਾਰਤ ਦੇ ਅਹਿਮ ਸ਼ਹਿਰ ਲੰਮਾ ਪਿੰਡ ਸੰਘੋਲ ਵਿਖ਼ੇ ਹੈ। ਮੇਰੇ ਨਾ਼ਲ ਮੇਰੇ ਦੋ ਸਾਥੀ ਇੰਜੀਨੀਅਰ ਲਵਦੀਪ ਸਿੰਘ, ਸਮਾਜਿਕ ਕਾਰਕੁੰਨ ਜਸਮਿੰਦਰ ਪਾਲ ਇਸ ਥਾਂ ਤੇ ਪਹੁੰਚੇ। ਜਿਥੇ ਸਾਨੂੰ ਵੱਡਾ ਬੋਧੀ ਮੱਠ ਅਤੇ ਸਤੂਪ ਖੁਦਾਈ ਦੌਰਾਨ ਧਰਤੀ ਹੇਠੋ ਮਿ਼ਲੇ। ਹੜੱਪਾ ਕਾ਼ਲ, ਕੁਸ਼ਾਨ ਕਾ਼ਲ ਅਤੇ ਮੁਗ਼ਲ ਸਾਮਰਾਜ ਦੀਆਂ ਨਿਸ਼ਾਨੀਆਂ ਮਿਲੀਆਂ। ਕੁਸ਼ਾਨਾਂ ਦੇ ਸਮੇਂ ਸੰਘੋ਼ਲ ਰੇਸ਼ਮੀ ਰਾਹ "Silk Route" ਦਾ ਅਹਿਮ ਪੜਾਅ ਸੀ। ਸੰਘੋਲ ਨੇੜੇ ਖ਼ੂਹਾਂ ਦੀ ਖ਼ੁਦਾਈ ਸਮੇਂ ਦਰਿਆਈ ਬੇੜੀਆਂ ਦੀ ਰਹਿੰਦ ਖ਼ੂੰਹਦ ਮਿ਼ਲੀ ਹੈ।

ਗੁਪਤ ਕਾ਼ਲ ਵੇ਼ਲੇ ਸੰਘੋਲ ਨੂੰ ਮਹਾਜਨਪਦ ਵੀ ਕਿਹਾ ਜਾਂਦਾ ਸੀ। ਇਤਿਹਾਸ ਵਿਚ ਸੰਘੋਲ ਵੱਖਰੇ-ਵੱਖਰੇ ਨਾਵਾਂ ਨਾਲ ਮਸ਼ਹੂਰ ਹੈ। ਜਿਸ ਵਿੱਚ ਸਘਲਾਦੀਪ, ਸਮਘਾਲਾ (ਬੋਧੀ ਸੰਘਾ ਦਾ ਘਰ), ਸੰਘੁਲ, ਸੰਘਪੁਰ ਅਤੇ ਨੰਦੀਪੁਰ ਮੁੱਖ ਹਨ।





ਪੰਜਾਬ ਦੇ ਗਣਰਾਜੀ ਅਤੇ ਜ਼ਮਹੂਰੀ ਸੁਭਾਅ ਦੇ ਕਬੀਲਿਆਂ ਦੀ ਹੋਂਦ ਨੇ ਬ੍ਰਾਹਮਣਵਾਦੀ ਰਾਠਾਚਾਰੀ ਦੇ ਪਸਾਰ ਨੂੰ ਰੋਕੀ ਰੱਖਿਆ। ਇਸ ਕਰਕੇ ਬ੍ਰਾਹਮਣ ਸਾਹਿਤ ਇਨ੍ਹਾਂ ਕਬੀਲਿਆਂ ਦੀ ਸਰਗਰਮੀ ਤੇ ਚੁੱਪ ਰਿਹਾ। ਇਨ੍ਹਾਂ ਕਬੀਲਿਆਂ ਵਿੱਚ ਤਰਿਗਰਤ, ਨਾਗ, ਯੁਦਿਆ, ਉਦਾਮਬਰਾ, ਅਤੇ ਕੁਨਿਦਾ ਸਭ ਤੋਂ ਜ਼ਿਆਦਾ ਤਾਕਤਵਰ ਕਬੀਲੇ ਸਨ। ਸੰਘੋਲ ਕਈ ਵਾਰ ਉਜਾੜਿਆ ਗਿਆ। ਸੰਘੋਲ ਦੇ ਮਹਾ ਸਤੂਪ ਨੂੰ ਹਿਉਨਸਾਂਗ ਨੇ ਅਸ਼ੋਕ ਦੇ ਸਮਿਆਂ ਨਾ਼ਲ ਜੋੜਿਆ ਹੈ। ਮਹਾਤਮਾ ਬੁੱਧ ਦੇ ਵੇ਼ਲੇ ਤੋਂ ਹੀ ਬੁੱਧ ਧੰਮ ਦਾ ਵਿਚਾਰ ਅਤੇ ਫ਼ਲਸਫ਼ਾ ਪੰਜਾਬ ਤੱਕ ਪਹੁੰਚ ਚੁੱਕਿਆ ਸੀ। ਕੁਸ਼ਾਨ ਕਾ਼ਲ ਦੌਰਾਨ ਸੰਘੋਲ ਇੱਕ ਕਸਬੇ ਤੋ ਵਿਕਾਸ ਕਰਕੇ Metropoiltan ਭਾਵ ਮਹਾਂਨਗਰ ਅਤੇ ਵਪਾਰਕ ਕੇਂਦਰ ਵਿੱਚ ਬਦਲ ਗਿਆ ਸੀ।

ਕੁਸ਼ਾਨ ਜਿਹੜੇ ਕਿ ਜੱਟਾਂ ਦੇ ਪੂਰਵਜ ਸਨ। ਦੂਜੇ ਪਾਸੇ ਇਹ ਵੀ ਮੰਨਿਆ ਜਾਂਦਾ ਹੈ ਕਿ ਜੱਟ ਟਾਂਕ ਛਤਰੀਆਂ ਦੇ ਇੱਕ ਗੋਤ ਦਾ ਨਾਮ ਹੈ। ਕਿਵੇਂ ਇਨ੍ਹਾਂ ਜੱਟਾਂ ਦੇ ਪੁਰਖੇ ਆਪਣੀ ਮਹਾਨ ਵਿਰਾਸਤ ਨੂੰ ਛੱਡ ਕੇ ਮੁਸਲਮਾਨ ਬਣੇ ਤੇ ਬਾਅਦ ਵਿੱਚ ਸਿੱਖ ਤੇ ਕੁੱਝ ਆਰੀਆ ਸਮਾਜੀ ਬਣੇ, ਇਹ ਇੱਕ ਅੱਲਗ ਖੋਜ ਦਾ ਵਿਸ਼ਾ ਹੋਵੇਗਾ।

ਸੰਘੋਲ ਵਿੱਚ ਬਣੇ ਅਜਾਇਬ ਘਰ ਵਿੱਚ ਜੋ ਕੁੱਝ ਵੀ ਮਿ਼ਲਿਆ, ਉਸੇ ਤਰ੍ਹਾਂ ਦਾ ਰੋਪੜ ਵਿਖੇ ਅਜਾਇਬ ਘਰ ਵਿੱਚ ਰੱਖਿਆ ਗਿਆ ਹੈ। ਪਰ ਜੋ ਵਿਲੱਖਣ ਮਿਲਿਆ, ਉਹ ਸੀ ਵੱਡੇ ਬੋਧ ਸਤੂਪ ਦੇ ਆ਼ਲੇ ਦੁਆ਼ਲੇ ਬਣੀ ਪੱਥਰ ਦੀ ਨਿਕਾਸ਼ੀ ਕੀਤੀ ਬਹੁਭਾਂਤੀ ਰੇਲਿੰਗ। ਜਿਹੜੀ ਕਿ ਉਸ ਵੇ਼ਲੇ ਦੇ ਸੱਭਿਆਚਾਰ ਅਤੇ ਸਮਾਜ ਵਿਚ ਪ੍ਰਚਲਿਤ ਰੀਤੀ ਰਿਵਾਜਾਂ ਦੀ ਧਾਰਨੀ ਹੈ। ਸਤੂਪ ਦੇ ਖੰਭਿਆਂ ਤੇ ਬਣੀਆਂ ਮੂਰਤੀਆਂ ਓਸ ਵੇਲੇ ਦੇ ਸਮਾਜ ਦਾ ਪ੍ਰਗਟਾਵਾ ਹੈ। ਮਰਦਾਂ ਅਤੇ ਤੀਵੀਂਆਂ ਦੇ ਪਹਿਰਾਵੇ, ਉਨ੍ਹਾਂ ਦੀਆਂ ਮੁਦਰਾਵਾਂ, ਵਿਆਹ ਵੇ਼ਲੇ ਇਸਤਰੀ ਤੇ ਮਰਦ ਦਾ ਪਹਿਰਾਵਾ,ਰੀਤੀ ਰਿਵਾਜ਼, ਸੱਭਿਆਚਾਰ ਆਦਿ ਸਮਾਜ ਦਾ ਸ਼ੀਸ਼ਾ ਹਨ। ਇਸਤਰੀਆਂ ਚੋਬਾਰਿਆਂ ਦੀ ਬਾਲਕੋਨੀ ਵਿੱਚ ਖੜ ਕੇ ਗਲੀਆਂ ਅਤੇ ਬਾਜ਼ਾਰਾਂ ਦੀਆਂ ਗਤੀਵਿਧੀਆਂ ਦੇਖਦੀਆਂ ਸਨ। ਹੜੱਪਾ ਕਾ਼ਲ ਤੋਂ ਬਾਅਦ ਦੇ ਭਵਨ ਨਿਰਮਾਣ ਕਲਾ, ਪੱਕੀ ਮਿੱਟੀ ਦੀਆਂ ਇੱਟਾਂ ਦੇ ਫ਼ਰਸ਼, ਮਿੱਟੀ ਦੇ ਸਜਾਵਟੀ ਟੈਰਾਕੋਟਾ ਭਾਂਡੇ ਘੁਮਿਆਰ ਦੀ ਸ਼ਾਨਦਾਰ ਕਲਾ ਦਾ ਨਮੂਨਾ ਹੈ। ਅਜਾਇਬ ਘਰ ਵਿੱਚ ਸ਼ੀਸ਼ੇ ਦੀਆਂ ਅਲਮਾਰੀਆਂ 'ਚ ਰੱਖੇ ਛੱਲੇ, ਮੁੰਦਰੀਆਂ, ਤਵੀਤ, ਮਿੱਟੀ ਦੇ ਬਣੇ ਬੱਚਿਆਂ ਦੇ ਖਿਡੌਣੇ, ਮਨੁੱਖ ਅਤੇ ਜਾਨਵਰਾਂ ਦੇ ਛੋਟੇ ਅਕਾਰ ਦੀਆਂ ਮੂਰਤੀਆਂ, ਪਹਿਲੀ ਸਦੀ ਤੋਂ ਸੱਤਵੀਂ ਸਦੀ ਤੱਕ ਦੀਆਂ ਮੋਹਰਾਂ, ਮਿੱਟੀ ਤੇ ਪੱਥਰ ਦੇ ਵੱਡੇ ਅਕਾਰ ਦੇ ਬਣੇ ਟੱਬ ਆਦਿ ਸਾਂਭੇ ਹੋਏ ਹਨ। ਖਾਸ ਗੱਲ ਇਹ ਹੈ ਕਿ ਜਿਹੋ ਜਿਹੀ ਔਰਤ ਅਤੇ ਮਰਦ ਦੇ ਸਜਾਵਟੀ ਗਹਿਣੇ ਮਿਲੇ ਹਨ ਉਹ ਅੱਜ ਵੀ ਰਾਜਸਥਾਨ ਦੇ ਖ਼ਾਨਾਬਦੋਸ਼ ਤੀਵੀਂਆਂ ਅਤੇ ਮਰਦਾਂ ਦੇ ਪਾਏ ਹੋਏ ਵੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਹਾਥੀ ਦੰਦ ਦੇ ਬਣੇ ਔਜਾਰ, ਗਹਿਣੇ, ਤੀਰ, ਮਾਲਾ-ਮਣਕੇ, ਬਲੇਡ ਆਦਿ ਵੀ ਖਾਸ ਹਨ। ਬੋਧ ਸਤੂਪ ਦੇ ਆਲੇ-ਦੁਆਲੇ ਬਣੇ ਲਾਲ ਪੱਥਰ ਦੇ ਖੰਭਿਆਂ ਤੇ ਔਰਤਾਂ ਦੀਆਂ ਵੱਖ-ਵੱਖ ਮੁਦਰਾਵਾਂ ਵਾਲਾਂ ਨੂੰ ਗੁੰਦਣ ਅਤੇ ਸੰਵਾਰਨ ਦੀ ਵੰਨਗੀ, ਕੁਲੀਨ ਵਰਗ ਅਤੇ ਸਾਧਾਰਨ ਵਰਗ ਦੀਆਂ ਔਰਤਾਂ ਵਿੱਚ ਵਖਰੇਵਾਂ ਸਪੱਸ਼ਟ ਨਜ਼ਰ ਆਉਂਦਾ ਹੈ। ਉਨ੍ਹਾਂ ਦੇ ਹੱਥਾਂ ਵਿਚ ਫੜੇ ਘੜੇ, ਸੁਰਾਹੀਆਂ, ਅਤੇ ਹੋਰ ਬਰਤਨ ਇਹ ਸਿੱਧ ਕਰਦੇ ਹਨ ਕਿ ਜਿਵੇਂ ਇਹ ਔਰਤਾਂ ਵਿਓਪਾਰ ਕਰਦੇ ਜਾਂ ਖੇਤੀ ਕਰਦੇ ਮਰਦਾਂ ਲਈ ਖਾਣ ਪੀਣ ਦਾ ਸਮਾਨ ਲੈ ਕੇ ਜਾ ਰਹੀਆਂ ਹੋਣ।

ਇਸ ਤੋਂ ਇਲਾਵਾ ਜਿਨ੍ਹਾਂ ਥਾਂਵਾਂ ਤੋਂ ਇਹ ਸਾਰਾ ਕੁੱਝ ਮਿਲਿਆ ਅਸੀਂ ਜਦ ਉਥੇ ਪਹੁੰਚੇ ਤਾਂ ਉਥੇ ਬਚੇ-ਖੁਚੇ ਭਵਨ ਨਿਰਮਾਣ ਕਲਾ ਦੇ ਨਾਯਾਬ ਨਮੂਨੇ ਮਿਲੇ। ਜਿਸ ਵਿੱਚ ਅੰਸ਼ਿਕ ਰੂਪ ਵਿੱਚ ਉੱਭਰਿਆ ਹੋਇਆ ਇੱਕ ਮਕਾਨ, ਜਿਸ ਵਿੱਚ ਇੱਕ ਰਸੋਈ, ਰਹਿਣ ਵਾਲਾ ਕਮਰਾ, ਇਸ਼ਨਾਨ ਘਰ, ਪ੍ਰਵੇਸ਼ ਦੁਆਰ ਜਿਹੜਾ ਕਿ ਬਾਹਰ ਗ਼ਲੀ ਵੱਲ ਨੂੰ ਖੁੱਲਦਾ ਹੈ, ਇਹ ਸਿੱਧ ਕਰਦਾ ਹੈ ਕਿ ਹੜੱਪਾ, ਕੁਸ਼ਾਨ ਕਾ਼ਲ ਅਤੇ ਬਾਅਦ ਦੇ ਕਾ਼ਲ ਦੇ ਲੋਕ ਭਵਨ ਨਿਰਮਾਣ ਕਲਾ ਵਿੱਚ ਨਿਪੁੰਨ ਸਨ। ਢਕੀਆਂ ਹੋਈਆਂ ਨਾਲੀਆਂ, 90 ਡਿਗਰੀ ਤੇ ਕੱਟਦੀਆਂ ਗਲੀਆਂ ਅਤੇ ਦੋ ਮੰਜ਼ਿਲਾ ਇਮਾਰਤਾਂ ਵੀ ਖ਼ਾਸ ਹਨ।

ਅਖੀਰ ਤੇ ਚਿੰਤਨ-ਮੰਥਨ ਕਰਨ ਵਾ਼ਲੀ ਗੱਲ ਇਹ ਹੈ ਕਿ ਐਨੀ ਅਮੀਰ ਅਤੇ ਵਿਸ਼ਾਲ ਸੱਭਿਅਤਾ ਨੂੰ ਕਿਸਨੇ ਨਸ਼ਟ ਕੀਤਾ? ਕੀ ਇਹ ਆਰੀਅਨ ਦੇ ਆਉਣ ਨਾਲ ਖ਼ਤਮ ਹੋਈ? ਕੀ ਇਹ ਕੁਦਰਤੀ ਆਫ਼ਤਾਂ ਨਾ਼ਲ ਖ਼ਤਮ ਹੋਈ ? ਕੀ ਮੱਧ ਕਾਲ ਦੇ ਧਾੜਵੀਆਂ ਤੋਂ ਸਤਾਏ ਲੋਕ ਦੱਖਣ ਭਾਰਤ ਵੱਲ ਪਲਾਇਨ ਕਰ ਗਏ?

ਕੀ ਬੋਧ ਧੰਮ ਨੂੰ ਛੱਡ ਕੇ ਨਵੇਂ ਅਪਣਾਏ ਧਰਮ ਦੀਆਂ ਇਮਾਰਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ? ਇਹ ਸਾਰੇ ਸਵਾ਼ਲ ਹੁਣ ਤੱਕ ਵੀ ਸਵਾਲ ਬਣੇ ਹੋਏ ਹਨ ਕਿ ਸੱਭਿਅਤਾ ਪਤਨ ਦਾ ਕੀ ਕਾਰਨ ਸੀ?

# ਦਿਵਿਆਂਗਾਂ ਦਾ ਨ੍ਰਿਤ

ਜਤਿੰਦਰ ਰੰਧਾਵਾ (ਕਨੇਡਾ)

ਕਈ ਵਾਰ ਅਸੀਂ ਆਪਣੀਆਂ ਨਿੱਕੀਆਂ ਨਿੱਕੀਆਂ ਸਰੀਰਕ ਬਿਮਾਰੀਆਂ ਜਾਂ ਦਿੱਕਤਾਂ ਨੂੰ ਲੈ ਕੇ ਉਦਾਸ ਹੋ ਜਾਂਦੇ ਹਾਂ ਜਾਂ ਇਹਨਾਂ ਤਕਲੀਫਾਂ ਲਈ ਖਾਸ ਰਿਆਇਤਾਂ



ਜਾਂ ਸੁਵਿਧਾਵਾਂ ਦੀ ਮੰਗ ਕਰਨ ਲੱਗ ਪੈਂਦੇ ਹਾਂ ਲ ਅਜੇ ਕਲ੍ਹ ਦੀ ਗੱਲ ਹੈ ਕਿ ਜਿਸ ਨੇ ਮੇਰੀ ਸੋਚ ਨੂੰ ਬਦਲ ਕੇ ਰੱਖ ਦਿੱਤਾ ਲ ਕਲ੍ਹ ਮੈਨੂੰ ਸਕੂਲ ਦੀ ਡਿਊਟੀ ਦੌਰਾਨ ਆਪਣੀ ਕਲਾਸ ਦੇ ਬੱਚਿਆਂ ਨਾ਼ਲ ਸਾਡੇ ਸਕੂਲ ਦੇ ਨੇੜੇ ਹੀ ਸਥਿਤ ਰੋਜ਼ ਥਿਏਟਰ (ਬਰੈਂਪਟਨ) ਵਿਖੇ ਇੱਲ-ਅਬਿਲਿਟੀਜ਼ (ILL-ABILITIES) ਨਾਂ ਦੇ ਅੰਤਰ-ਰਾਸ਼ਟਰੀ ਡਾਂਸ-ਸਮੂਹ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਦਾ ਮੌਕਾ ਮਿ਼ਲਿਆ।

ਅਸੀਂ ਸਾਰੇ ਸਕੂਲ ਦੇ ਅਧਿਆਪਕ ਅਤੇ ਲਗਭਗ 700 ਵਿਦਿਆਰਥੀ ਇਸ ਇੱਲ-ਏਬੇਲੀਟਿਸ ਨਾਂ ਦੇ ਅੰਤਰਰਾਸ਼ਟਰੀ ਡਾਂਸ-ਸਮੂਹ ਦੀ ਪਰਫੋਰਮੇਂਸ



ਦੇਖਣ ਲਈ ਰੋਜ਼ ਥਿਏਟਰ ਗਏ ਲ ਇਸ ਗਰੁੱਪ ਵਿੱਚ ਵੱਖੋ-ਵੱਖਰੀਆਂ ਸਰੀਰਕ ਅਸਮਰੱਥਾਵਾਂ ਵਾ਼ਲੇ ਵਿਅਕਤੀ ਭਾਗ ਲੈ ਰਹੇ ਸਨ ਲ ਮੈਂ ਆਪਣੀ ਜ਼ਿੰਦਗੀ ਵਿੱਚ ਇਸ ਕਿਸਮ ਦਾ ਪ੍ਰੇਰਕ ਮਨੋਰੰਜਨ ਅੱਜ ਤੱਕ ਨਹੀਂ ਦੇਖਿਆ। ਮੈਂ ਅਤੇ ਮੇਰੇ ਸਾਰੇ ਸਾਥੀ ਉਨ੍ਹਾਂ ਦੇ ਡਾਂਸ ਪ੍ਰਦਰਸ਼ਨ ਦੀ ਵਿਲੱਖਣ ਕਾਰਗੁਜਾਰੀ ਤੋਂ ਬਹੁਤ ਪ੍ਰਭ-ਾਵਿਤ ਹੋਏ ਲ ਉਹਨਾਂ ਦੇ ਨਿਜ਼ੀ ਜੀਵਨ ਅਨੁਭਵ ਅਤੇ ਡਾਂਸ ਪ੍ਰਦਰਸ਼ਨ ਨੇ ਸਾਨੂੰ ਹੱਸਣ, ਰੋਣ ਅਤੇ ਆਪਣੀਆਂ ਸੀਟਾਂ ਤੋਂ ਉੱਠ ਉੱਠ ਨੱਚਣ ਲਈ ਮਜਬੂਰ ਕਰ ਕੀਤਾ।

ILL-ABILITIES™ ਇੱਕ ਅੰਤਰ-ਰਾਸ਼ਟਰੀ ਬ੍ਰੇਕਡੈਂਸ ਕ੍ਰੁ ਹੈ ਜਿਸ ਵਿੱਚ ਦੁਨੀਆ ਭਰ ਦੇ ਸੱਤ ਸਰਗਰਮ ਮੈਂਬਰ ਸ਼ਾਮਲ ਹਨ: ਰੇਡੌਆਨ "ਰੀਡੋ" ਆਈਟ ਚਿੱਟ (ਨੀਦਰਲੈਂਡ), ਸਰਜੀਓ "ਚੇਚੋ" ਕਾਰਵਾਜਲ (ਚਿੱਲੀ), ਜੁੰਗ ਸੂ "ਕਰੋਪਸ" ਲੀ (ਦੱਖਣੀ ਕੋਰੀਆ), ਜੈਕਬ "ਕੁਜੋ" ਲਿਓਨਸ (ਯੂ।ਐਸ।ਏ।), ਲੂਕਾਸ "ਪਰਨਿਨਹਾ" ਮਚਾਡੋ (ਬ੍ਰਾਜ਼ੀਲ), ਲੂਕਾ "ਲੈਜ਼ੀਲੇਗਜ਼" ਪਤੁਏਲੀ (ਕੈਨੇਡਾ), ਸੈਮੂਅਲ ਹੈਨਰੀਕ "ਸਮੁਕਾ" ਦਾ ਸਿਲਵੇਰਾ ਲੀਮਾ (ਬ੍ਰਾਜ਼ੀਲ)

ਇਹ ਡਾਂਸ ਗਰੁੱਪ ਮਾਂਟਰੀਅਲ-ਅਧਾਰਤ ਡਾਂਸਰ/ਪ੍ਰੇਰਣਾਦਾਇਕ ਸਪੀਕਰ ਲੂਕਾ "ਲੈਜ਼ੀਲੇਗਜ਼" ਪੈਟੁਏਲੀ ਦੁਆਰਾ ਦੁਨੀਆ ਦੇ ਸਭ ਤੋਂ ਵਧੀਆ ਵੱਖ-ਵੱਖ-ਸਰੀਰਕ ਤੌਰ ਤੇ ਅਸਮਰੱਥ ਡਾਂਸਰਾਂ ਦੀ ਇੱਕ ਆਲ-ਸਟਾਰ ਟੀਮ ਬਣਾਉਣ ਲਈ ਇੱਕ ਵਿਚਾਰ ਤੋਂ ਉਤਪੰਨ ਹੋਇਆ ਹੈ, ਜਿਨ੍ਹਾਂ ਦਾ ਟੀਚਾ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨਾ ਅਤੇ ਪ੍ਰਦਰਸ਼ਨ ਕਰਨਾ ਸੀ ਦੁਨੀਆ ਨੂੰ ਦਿਖਾਉਣਾ ਕਿ ਕੁਝ ਵੀ ਸੰਭਵ ਹੈ। ਇਹਨਾਂ ਦਾ ਕਹਿਣਾ ਹੈ ਕਿ ੋ ਓਣਚੁਸਏਸ ! ਮਿਟਸ ! ਤਸਵੀਰ ਇਸ ਗਰੁੱਪ ਦੀ ਨ੍ਰਿਤ ਕਲਾ ਦਾ ਸਿਖਰਲਾ ਨਮੂਨਾ ਹੈ।

# ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਲਈ ਵਚਨਬੱਧ-ਧਾਲੀਵਾਲ

**ਜਲੰਧਰ**-ਪੰਜਾਬ ਵਿਚ ਪ੍ਰਵਾਸੀ ਭਾਰਤੀਆਂ ਲਈ ਚੰਗੀ ਖਬਰ ਹੈ। ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਸੂਬੇ ਦੇ ਐੱਨਆਰਆਈ ਥਾਣਿਆਂ ਵਿਚ ਐੱਨ।ਆਰ।ਆਈਜ਼ ਦੇ ਮਾਮਲਿਆਂ



ਨੂੰ ਪੂਰੀ ਪਹਿਲ ਦਿੱਤੀ ਜਾਵੇਗੀ ਅਤੇ ਇਸ ਦੇ ਲਈ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਐੱਨਆਰਆਈ ਥਾਣਿਆਂ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ ਫੰਡ ਵੀ ਦਿੱਤੇ ਹਨ ਅਤੇ ਇਨ੍ਹਾਂ ਥਾਣਿਆਂ ਲਈ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾਵੇਗੀ ਤਾਂ ਜੋ ਇਨਸਾਫ਼ ਲਈ ਆਉਣ ਵਾਲੇ ਪ੍ਰਵਾਸੀ ਭਾਰਤੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਧਾਲੀਵਾਲ ਨੇ ਪੰਜਾਬ ਪੁਲਸ ਅਕੈਡਮੀ ਫਿਲੌਰ ਵਿਖੇ ਐੱਨਆਰਆਈ ਵਿੰਗ ਵੱਲੋਂ ਕਰਵਾਏ ਗਏ ਇਕ ਦਿਨਾ ਸੂਬਾ ਪੱਧਰੀ ਸਿਖਲਾਈ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਦਾ ਧਿਆਨ ਰੱਖਣਾ ਸਰਕਾਰ ਦਾ ਪਹਿਲਾ ਫਰਜ਼ ਹੈ। ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਲਈ ਵਚਨਬੱਧ ਹੈ ਅਤੇ ਉਨ੍ਹਾਂ ਦੀ ਸਹੂਲਤ ਲਈ ਸਾਰੇ ਜ਼ਿਲ੍ਹਿਆਂ ਵਿਚ ਨੋਡਲ ਅਫ਼ਸਰ ਤਾਇਨਾਤ ਕੀਤੇ ਜਾ ਰਹੇ ਹਨ ਤਾਂ ਜੋ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ, ਉਨ੍ਹਾਂ ਦੇ ਕਾਨੂੰਨੀ ਮਾਮਲਿਆਂ ਅਤੇ ਵਿਆਹ ਨਾਲ ਸਬੰਧਤ ਝਗੜਿਆਂ ਨੂੰ ਜਲਦੀ ਹੱਲ ਕੀਤਾ ਜਾ ਸਕੇ।

# ਸਰਕਾਰਾਂ ਦੇ ਗੈਰ-ਸੰਵਿਧਾਨਿਕ ਕੰਮ




ਐਸ.ਆਰ.ਲੱਧੜ
ਸਾਬਕਾ ਆਈ ਏ ਐਸ

ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਨੇ ਦੇਸ਼ ਦਾ ਸੰਵਿਧਾਨ ਲਿਖਣ ਉਪਰੰਤ 26 ਨਵੰਬਰ 1949 ਨੂੰ ਪਾਰਲੀਮੈਂਟ ਵਿੱਚ ਭਾਸ਼ਣ ਦਿੰਦਿਆਂ ਇਤਹਾਸਿਕ ਸ਼ਬਦ ਕਹੇ ਸਨ, "ਦੇਸ਼ ਦਾ ਸੰਵਿਧਾਨ ਜਿੰਨਾ ਮਰਜ਼ੀ ਮਾੜਾ ਹੋਵੇ, ਜੇਕਰ ਲਾਗੂ ਕਰਨ ਵਾਲੇ ਲੋਕ ਚੰਗੇ ਹੋਏ ਤਾਂ ਮਾੜਾ ਸੰਵਿਧਾਨ ਵੀ ਚੰਗਾ ਸਾਬਤ ਹੋਵੇਗਾ ਲੇਕਿਨ ਜੇਕਰ ਲਾਗੂ ਕਰਨ ਵਾਲੇ ਲੋਕ ਮਾੜੇ ਹੋਏ ਤਾਂ ਚੰਗਾ ਸੰਵਿਧਾਨ ਵੀ ਮਾੜਾ ਸਾਬਿਤ ਹੋਵੇਗਾ।"

ਸਮੇਂ ਦੀਆਂ ਸਰਕਾਰਾਂ ਨੇ ਬਾਬਾ ਸਾਹਿਬ ਨੂੰ ਸ਼ਤ ਪ੍ਰਤੀ ਸ਼ਤ ਸਹੀ ਸਾਬਿਤ ਕੀਤਾ ਹੈ। ਪਛੜੀਆਂ ਸ਼੍ਰੇਣੀਆਂ ਜੋ ਕੁੱਲ ਅਬਾਦੀ ਦਾ 52 ਪ੍ਰਤੀਸ਼ਤ ਤੋਂ ਵੀ ਉੱਪਰ ਹੈ, ਨੂੰ ਉਨ੍ਹਾਂ ਦਾ ਬਣਦਾ ਹੱਕ ਅੱਜ ਤੱਕ ਨਹੀਂ ਮਿਲਿਆ। ਆਉ ਪੰਜਾਬ ਦੇ ਸੰਦਰਭ ਵਿੱਚ ਕੁੱਝ ਤੱਥਾਂ ਤੇ ਅਧਾਰਤ ਪੜਚੋਲ ਕਰੀਏ। ਪੰਜਾਬ ਦੀ ਅਨੁਸੂਚਿਤ ਜਾਤੀ ਦੀ ਅਬਾਦੀ 2011 ਦੀ ਜਨ ਗਣਨਾ ਅਨੁਸਾਰ 31.94 ਪ੍ਰਤੀ ਸ਼ਤ ਸੀ ਜੋ ਦਸ ਸਾਲਾ ਬਾਅਦ 2 ਪ੍ਰਤੀ ਸ਼ਤ ਤੋਂ ਜ਼ਿਆਦਾ ਵਧਦੀ ਹੈ ਤੇ 2021 ਦੀ ਜਨ ਗਣਨਾ ਅਨੁਸਾਰ 34 ਪ੍ਰਤੀਸ਼ਤ ਤੋਂ ਉੱਪਰ ਜਾਣ ਦੀ ਸੰਭਾਵਨਾ ਹੈ। ਲੇਕਿਨ ਪੰਜਾਬ ਅੰਦਰ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਣ ਸਿਰਫ 25 ਪ੍ਰਤੀਸ਼ਤ ਹੈ। ਪਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਣ ਸਿਰਫ 12 ਪ੍ਰਤੀਸ਼ਤ ਹੈ ਜਦੋਂ ਕਿ ਉਹਨਾਂ ਦੀ ਅਬਾਦੀ ਲਗਭਗ 42 ਪ੍ਰਤੀਸ਼ਤ ਹੈ ਜਦੋਂ ਕਿ ਮੰਡਲ ਕਮਿਸ਼ਨ ਅਨੁਸਾਰ ਭਾਰਤ ਵਿੱਚ ਪਛੜੀਆਂ ਸ਼੍ਰੇਣੀਆਂ ਦੀ ਅਬਾਦੀ 52 ਪ੍ਰਤੀਸ਼ਤ ਹੈ। ਭਾਰਤ ਸਰਕਾਰ ਅ. ਜਾਤੀਆਂ ਨੂੰ 15 ਪ੍ਰਤੀਸ਼ਤ, ਅ. ਜਨ ਜਾਤੀਆਂ ਨੂੰ 7.5 ਪ੍ਰਤੀਸ਼ਤ 1931 ਦੀ ਜਨ ਗਣਨਾ ਅਨੁਸਾਰ ਦਿੰਦੀ ਆ ਰਹੀ ਹੈ। ਕਦੇ ਵੀ ਜ਼ਹਿਮਤ ਨਹੀਂ ਉਠਾਈ ਕਿ ਦੇਸ਼ ਅਜ਼ਾਦ ਹੋਇਆਂ 75 ਸਾਲ ਹੋ ਗਏ ਹਨ, ਰਾਖਵਾਂਕਰਣ ਨੂੰ ਅਬਾਦੀ ਮੁਤਾਬਕ ਸੋਧ ਕੇ ਵਧਾ ਦਿੱਤਾ ਜਾਵੇ ਜਦੋਂ ਕਿ ਹਰ ਦੱਸ ਸਾਲ ਬਾਅਦ ਜਨ ਗਣਨਾ ਦੇ ਅੰਕੜੇ ਸਰਕਾਰ ਕੋਲ ਮੌਜੂਦ ਹਨ। ਬਹੁਤ ਸੰਘਰਸ਼ ਅਤੇ ਜਦੋ ਜਹਿਦ ਤੋਂ ਬਾਅਦ ਪਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਤੇ ਕਾਰਵਾਈ ਹੋਈ ਉਹ ਵੀ ਅੱਧੀ ਅਧੂਰੀ। ਜੇਕਰ ਦੇਸ਼ ਦਾ ਸੰਵਿਧਾਨ ਅਬਾਦੀ ਮੁਤਾਬਕ ਪ੍ਰਤਿਨਿਧਤਾ ਦੇਣ ਦੀ ਵਕਾਲਤ ਕਰਦਾ ਹੈ ਤਾਂ 52 ਪ੍ਰਤੀਸ਼ਤ ਅਬਾਦੀ ਨੂੰ 27 ਪ੍ਰਤੀਸ਼ਤ ਕਿਉਂ?

ਪੰਜਾਬ ਸਰਕਾਰ ਤਾਂ ਇਹਨਾਂ ਅਣਗੌਲਿਆ ਵਰਗ ਨੂੰ 27 ਪ੍ਰਤੀਸ਼ਤ ਵੀ ਨਹੀਂ ਦੇ ਰਹੀ ਸਗੋਂ 12 ਪ੍ਰਤੀਸ਼ਤ ਦੇ ਕੇ ਖ਼ਾਨਾ ਪੂਰਤੀ ਦੀ ਮਿਸਾਲ ਪੇਸ਼ ਕਰਦੀ ਹੈ। ਭਾਰਤ ਸਰਕਾਰ ਦੇ ਕੁੱਝ ਅੰਕੜੇ ਚੌਂਕਾ ਦੇਣ ਵਾਲੇ ਨੇ। ਭਾਰਤ ਸਰਕਾਰ ਪੰਜਾਬ ਲਈ ਗਰੁੱਪ ਸੀ ਅਤੇ ਡੀ ਲਈ ਪਛੜੀਆਂ ਸ਼੍ਰੇਣੀਆਂ ਨੂੰ 21 ਪ੍ਰਤੀਸ਼ਤ ਅਤੇ ਅ. ਜਾਤੀਆਂ ਨੂੰ 29 ਪ੍ਰਤੀਸ਼ਤ ਨੌਕਰੀਆਂ ਵਿੱਚ ਰਾਖਵਾਂਕਰਣ ਦੇ ਰਹੀ ਹੈ ਪਰ ਪੰਜਾਬ ਸਰਕਾਰ ਕਿਸ ਅਧਾਰ ਤੇ ਇਹੀ ਰਾਖਵਾਂਕਰਣ ਕ੍ਰਮਵਾਰ 12 ਅਤੇ 25 ਪ੍ਰਤੀਸ਼ਤ ਪੱਛੜੀਆਂ ਅਤੇ ਅ. ਜਾਤੀਆਂ ਨੂੰ ਦੇ ਰਹੀ ਹੈ?

ਪੰਜਾਬ ਸਰਕਾਰ ਨੇ 2006 ਵਿੱਚ ਰਾਖਵਾਂਕਰਣ ਐਕਟ ਪਾਸ ਕੀਤਾ ਤੇ ਉਸ ਵਿੱਚ ਲਿਖਿਆ ਕੇ ਹਰ ਤਰਾਂ ਦੀ ਭਰਤੀ ਤੇ ਭਾਵੇਂ ਉਹ ਠੇਕੇਦਾਰੀ ਸਿਸਟਮ ਹੀ ਕਿਉਂ ਨਾ ਹੋਵੇ ਰਾਖਵਾਂਕਰਣ ਪਾਲਿਸੀ ਲਾਗੂ ਹੋਵੇਗੀ ਪਰ ਕਨੂੰਨ ਅਫਸਰਾਂ ਦੀ ਭਰਤੀ ਵੇਲੇ ਆਪਣੇ ਐਕਟ ਨੂੰ ਲਾਂਭੇ ਰੱਖ ਕੇ ਮੈਰਿਟ ਦਾ ਰਾਗ ਅਲਾਪਦਿਆਂ ਕੋਈ ਰਾਖਵਾਂਕਰਣ ਨਹੀਂ ਦਿੱਤਾ, ਇੱਥੋਂ ਤੱਕ ਕੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਵੀ ਹਦਾਇਤਾਂ ਕੀਤੀਆਂ ਕਿ 2006 ਦੇ ਐਕਟ ਨੂੰ ਲੈਟਰ ਅਤੇ ਸਪਿਰਟ ਵਿੱਚ ਲਾਗੂ ਕੀਤਾ ਜਾਵੇ। ਰਾਜਨੀਤਿਕ ਰਾਖਵਾਂਕਰਣ ਦਿੰਦਿਆਂ ਪਾਰਲੀਮੈਂਟ ਦੀਆਂ ਤਿੰਨ ਤੋਂ ਚਾਰ ਸੀਟਾਂ ਰਾਖਵੀਆਂ ਕੀਤੀਆਂ ਗਈਆਂ, ਵਿਧਾਨ ਸਭਾ ਪੰਜਾਬ ਦੀਆਂ ਉਨੱਤੀ ਤੋਂ ਵਧਾ ਕੇ ਚੌਂਤੀ ਸੀਟਾਂ ਕੀਤੀਆਂ ਗਈਆਂ ਪਰ ਜਦੋਂ ਰਾਜ ਸਭਾ ਵਿੱਚ ਨਾਮੀਨੇਸ਼ਨ ਦਾ ਮੌਕਾ ਆਇਆ ਤਾਂ ਸੱਤ ਸੀਟਾਂ ਤੇ ਪੰਜਾਬ ਦੀ 75 ਪ੍ਰਤੀਸ਼ਤ ਪੱਛੜੀਆਂ ਅਤੇ ਅ। ਜਾਤੀਆਂ ਨੂੰ ਯੋਗ ਨਹੀਂ ਸਮਝਿਆ ਗਿਆ। ਕਈ ਬੁੱਧੀ ਜੀਵੀ ਹੁਣ ਰਾਖਵਾਂਕਰਣ ਖਤਮ ਕਰਨ ਦੀ ਵਕਾਲਤ ਕਰਦੇ ਹਨ , ਉਹਨਾਂ ਲਈ ਇਹ ਸਚਾਈ ਅੱਖਾਂ ਖੋਲਣ ਵਾਲੀ ਹੈ ਕਿ ਰਾਖਵਾਂਕਰਣ ਦੀ ਅਣਹੋਂਦ ਵਿੱਚ ਇਹ ਪਛੜੇ ਵਰਗ ਕਿੱਥੇ ਜਾਣਗੇ? ਆਉ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੇ ਤੱਥਾਂ ਤੇ ਅਧਾਰਤ ਝਾਤ ਮਾਰੀਏ। ਪੰਜਾਬ ਸਰਕਾਰ ਨੇ 20.6. 1951 ਨੂੰ ਅਨੁਸੂਚਿਤ ਜਾਤੀਆਂ ਲਈ 15 ਪ੍ਰਤੀਸ਼ਤ ਰਾਖਵਾਂਕਰਣ ਦੇ ਹੁਕਮ ਜਾਰੀ ਕੀਤੇ। 19.8. 1952 ਨੂੰ ਰਾਖਵਾਂਕਰਣ 19 ਪ੍ਰਤੀਸ਼ਤ ਕਰ ਦਿੱਤਾ ਗਿਆ। ਇਸ ਦਾ ਅਧਾਰ 1951 ਦੀ ਜਨ ਗਣਨਾ ਸੀ। 1961 ਦੀ ਜਨ ਗਣਨਾ ਅਨੁਸਾਰ ਰਾਖਵਾਂਕਰਣ 7.9. 1963 ਨੂੰ ਰਾਖਵਾਂਕਰਣ 20 ਪ੍ਰਤੀਸ਼ਤ ਕਰ ਦਿੱਤਾ ਗਿਆ। 1971 ਦੀ ਜਨ ਗਣਨਾ ਅਨੁਸਾਰ ਰਾਖਵਾਂਕਰਣ 24.71 ਪ੍ਰਤੀਸ਼ਤ ਕਰ ਕੇ ਵਧਾ ਦਿੱਤਾ ਗਿਆ। ਕਿਉਂਕਿ ਹਰਿਆਣਾ ਤੇ ਹਿਮਾਚਲ 1966 ਵਿੱਚ ਹੋਂਦ ਵਿੱਚ ਆਏ ਤੇ ਵਧੇਰੇ ਅ. ਜਾਤੀ ਅਬਾਦੀ ਪੰਜਾਬ ਦੇ ਹਿੱਸੇ ਆਈ। 6.6. 1974 ਨੂੰ ਪੰਜਾਬ ਸਰਕਾਰ ਨੇ ਰਾਖਵਾਂਕਰਣ 25 ਪ੍ਰਤੀਸ਼ਤ ਕਰ ਦਿੱਤਾ। 5.5. 1975 ਨੂੰ ਪੰਜਾਬ ਸਰਕਾਰ ਨੇ ਬਾਲਮੀਕੀ/ਮਜਬੀ ਸਿੱਖ ਭਾਈਚਾਰੇ ਲਈ 12.5 ਪ੍ਰਤੀਸ਼ਤ ਰਾਖਵਾਂਕਰਣ ਕਰ ਦਿੱਤਾ ਅਤੇ ਬਾਕੀ ਸਾਰੀਆਂ ਅ. ਜਾਤੀਆਂ ਨੂੰ 12.5 ਪ੍ਰਤੀਸ਼ਤ ਦੇ ਦਿੱਤਾ। ਮਜਬੀ ਸਿੱਖ ਅਤੇ ਬਾਲਮੀਕੀ ਭਾਈਚਾਰੇ ਦੀ ਕੁੱਲ ਅਬਾਦੀ ਪੰਜਾਬ ਵਿੱਚ 12.60 ਪ੍ਰਤੀਸ਼ਤ ਹੈ ਪਰ ਬਾਕੀ 20.4 ਪ੍ਰਤੀਸ਼ਤ ਨੂੰ 12.5 ਪ੍ਰਤੀਸ਼ਤ ਰਾਖਵਾਂਕਰਣ ਮਿਲ ਰਿਹਾ ਹੈ। ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਮੇਂ ਦੀਆਂ ਸਰਕਾਰਾਂ ਜੋ ਪਿਛਲੇ 47 ਸਾਲ ਤੋਂ ਅਨਿਆਂ ਕਰਦੀਆਂ ਆ ਰਹੀਆਂ ਹਨ ਉਹ ਪੂਰੇ ਭਾਰਤ ਵਿੱਚ ਕਿਧਰੇ ਵੀ ਨਹੀਂ ਹੈ। ਸੱਭ ਤੋਂ ਵੱਧ ਅਬਾਦੀ ਵਾਲੇ ਸੂਬੇ ਪੰਜਾਬ ਦੇ ਅ. ਜਾਤੀ ਲੋਕ ਖਾਸ ਕਰ ਰਾਜਨੀਤਿਕ ਨੁਮਾਇੰਦੇ ਕਿਵੇਂ ਇਹ ਅਨਿਆਂ ਸਹਿਨ ਕਰਦੇ ਆ ਰਹੇ ਹਨ ਸਮਝ ਤੋਂ ਬਾਹਰ ਹੈ। ਹੁਣ ਮੈਂ ਤੁਹਾਡੇ ਨਾਲ ਦੂਸਰੇ ਸੂਬਿਆਂ ਦੀ ਅਬਾਦੀ ਅਤੇ ਰਾਖਵਾਂਕਰਣ ਸਾਂਝਾ ਕਰਦਾ ਹਾਂ ਤਾਂ ਜੋ ਸਥਿਤੀ ਵਧੇਰੇ ਸਪੱਸ਼ਟ ਹੋ ਜਾਵੇ, ਇਹ ਅੰਕੜੇ 2011 ਦੀ ਜਨ ਗਣਨਾ ਤੇ ਅਧਾਰਤ ਹਨ।




Constitution of India:
List of All Articles (1-395) and Parts (1-22)

ਪੰਜਾਬ ਅੰਦਰ 31.94% ਵੱਸੋਂ ਲਈ 25.0% ਰਾਖਵਾਂਕਰਣ ਹੈ. ਬਾਲਮੀਕੀ/ਮਜਬੀ ਸਿੱਖ ਲਈ 12.5%, ਬਾਕੀ 37 ਜਾਤੀਆਂ ਜੋ 20.4% ਹੈ, ਲਈ 12.5% । ਹਰਿਆਣਾ ਵਿੱਚ 20.17% ਦਲਿਤ ਵੱਸੋਂ ਲਈ 20.0%ਰਾਖਵਾਕਰਣ ਹੈ, ਰਾਜਸਥਾਨ ਵਿੱਚ 17.83% ਵੱਸੋਂ ਲਈ 16.0%ਹੈ। ਛਤੀਸਗੜ ਵਿੱਚ 12.83% ਵੱਸੋਂ ਲਈ 13.0%ਹੈ। ਗੁਜਰਾਤ ਵਿੱਚ 6.74% ਲਈ 7.0%ਹੈ। ਝਾਰਖੰਡ ਵਿੱਚ 12।08% ਦਲਿਤ ਵੱਸੋਂ ਲਈ 14।0% ਹੈ। ਕੇਰਲਾ ਵਿੱਚ 9.10% ਲਈ 8.0%ਹੈ। ਮੱਧ ਪ੍ਰਦੇਸ਼ ਵਿੱਚ 15.62% ਵੱਸੋਂ ਲਈ 16.0% ਹੈ। ਮਹਾਰਾਸ਼ਟਰ 11.8% ਵੱਸੋਂ ਲਈ 13.0% ਹੈ। ਯੂ ਪੀ ਅੰਦਰ 20.7% ਦਲਿਤ ਵੱਸੋਂ ਲਈ 21.0% ਅਤੇ ਉਤਰਾਖੰਡ ਵਿੱਚ 18.76% ਦਲਿਤ ਵੱਸੋਂ ਲਈ 19% ਹੈ। ਪੰਜਾਬ ਅੰਦਰ 37 ਅਨੁਸੂਚਿਤ ਜਾਤੀਆਂ (20.4%)ਨੂੰ 12.5% ਰਾਖਵਾਂਕਰਣ ਮਿਲ ਰਿਹਾ ਹੈ, ਕੀ ਇਹ ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਜਾਂ ਗੁਰੂ ਗ੍ਰੰਥ ਸਾਹਿਬ ਜਿਸ ਵਿੱਚ ਬਾਬੇ ਨਾਨਕ ਦੀ ਬਾਣੀ ਸਰਕਾਰ ਦੀ ਵੀ ਰਹਿ-ਨੁਮਾਈ ਕਰਦੀ ਹੈ ਜਿਸ ਵਿੱਚ ਸਪੱਸ਼ਟ ਲਿਖਿਆ ਹੈ, "ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ, ਨਾਨਕ ਤਿਨ ਕੇ ਸੰਗ ਸਾਥ ਵੱਡਿਆਂ ਸੋ ਕਿਆ ਰੀਸ।"

ਬਾਕੀ ਸੂਬਿਆਂ ਦੇ ਅੰਕੜੇ ਵੇਖ ਲਵੋ, ਪੰਜਾਬ ਸਰਕਾਰ ਵੱਲੋਂ ਦਲ਼ਿਤਾਂ ਤੇ ਪੱਛੜੀਆਂ ਨਾਲ ਕੀਤਾ ਜਾ ਰਿਹਾ ਅਨਿਆਂ ਅਤੇ ਬੇ ਇਨਸਾਫੀ ਸਾਫ ਨਜ਼ਰ ਆ ਜਾਵੇਗੀ। ਜੇਕਰ ਪੱਛੜੀਆ ਸ਼੍ਰੇਣੀਆਂ ਦੇ ਹੱਕ ਤੇ ਸਵਰਨ ਜਾਤੀਆਂ ਵੱਲੋਂ ਡਾਕਾ ਮਾਰਨ ਦੀ ਗੱਲ ਹੈ ਤਾਂ ਉਹ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਬੜਾ ਸਪੱਸ਼ਟ ਹੈ, "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।" ਕੀ ਸਰਕਾਰ ਗਰੀਬ, ਦਲਿਤ ਅਤੇ ਪਛੜੀਆਂ ਜਾਤੀਆਂ ਨਾਲ ਅਨਿਆਂ ਬੰਦ ਕਰੇਗੀ?

ਤਹਿ ਸਰਕਾਰ ਨੇ ਕਰਨਾ ਹੈ ਕਿ ਕੀ ਉਹਨਾਂ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਅਤੇ ਦੇਸ਼ ਦੇ ਸੰਵਿਧਾਨ ਵਿੱਚ ਕੋਈ ਵਿਸ਼ਵਾਸ ਹੈ ਜਾਂ ਨਹੀਂ? ਵੋਟਾਂ ਲੈ ਕੇ, ਝੂਠ ਬੋਲ ਕੇ , ਝੂਠੇ ਵਾਅਦੇ ਕਰ ਕੇ, ਮਹਾਂਪੁਰਸ਼ਾਂ ਦੀਆਂ ਫੋਟੋਆਂ ਲਾਉਣੀਆਂ ਹੀ ਕੀ ਕਾਫ਼ੀ ਹਨ?

ਇਸ ਆਰਟੀਕਲ ਵਿੱਚ ਸਾਰੇ ਤੱਥ ਸਰਕਾਰੀ ਰਿਕਾਰਡ ਜਾਂ ਜਨ ਗਣਨਾ ਵਿੱਚੋਂ ਲਏ ਗਏ ਹਨ ਅਤੇ ਕੋਈ ਵੀ ਤੱਥ ਮੇਰੇ ਤੋਂ ਵੇਰੀਫਾਈ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਤੋਂ ਇਹ ਪੁੱਛਿਆ ਜਾਣਾ ਬਣਦਾ ਕਿ ਬਾਬਾ ਸਾਹਿਬ ਅੰਬੇਡਕਰ ਦੀ ਫੋਟੋ ਲਾ ਕੇ ਦੇਸ਼ ਦੇ ਸੰਵਿਧਾਨ ਨਾਲ ਖਿਲਵਾੜ ਕਿਉਂ? ਕੀ ਦਲਿਤ ਤੇ ਪੱਛੜੀਆਂ ਸ਼ਰੇਣੀਆਂ ਨੂੰ ਕਦੀ ਉਹਨਾਂ ਦੇ ਸੰਵਿਧਾਨਿਕ ਹੱਕ ਮਿਲਣਗੇ ? ਕੀ ਸੂਬੇ ਦੀ 75 ਪ੍ਰਤੀਸ਼ਤ ਜਨਤਾ ਨੀਂਦ ਚੋਂ ਜਾਗੇਗੀ? ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗਡਵਾਸੂ ਯੂਨੀਵਰਸਿਟੀ ਵਿੱਚ ਟੀਚਿੰਗ ਸਟਾਫ਼ ਲਈ ਜੀਰੋ ਰਾਖਵਾਂਕਰਣ ਹੈ, ਇਹ ਵਿਸ਼ਾ ਫਿਰ ਕਦੀ ਲਵਾਂਗਾ। ਮੰਗਿਆ ਕੁੱਝ ਨਹੀਂ ਮਿਲਦਾ, ਬਣਦੇ ਹੱਕ ਕਿਵੇਂ ਲੈਣੇ ਹਨ ਪੰਜਾਬ ਦੇ ਕਿਸਾਨਾਂ ਨੇ ਚੰਗੀ ਤਰਾਂ ਸਮਝਾ ਦਿੱਤਾ ਹੈ ਸਰਕਾਰਾਂ ਨੂੰ।

## ਲਾਈ ਕੁਰਬਾਨੀਆਂ ਦੀ ਝੜੀ ਰੰਘਰੇਟਿਆਂ ਨੇ

1- ਗੈਰਤ ਬੀਰਤਾ ਦੇ ਬੇਮਿਸਾਲ ਕਿੱਸੇ,
ਉੱਚਾ ਸੁੱਚਾ ਇਤਿਹਾਸ ਰੰਘਰੇਟਿਆਂ ਦਾ।
ਸਿੱਖੀ ਮਹਿਲ ਦੀ ਡੂੰਘੀ ਨੀਂਹ ਅੰਦਰ,
ਲੱਗਾ ਲਹੂ- ਮਿੱਝ , ਮਾਸ ਰੰਘਰੇਟਿਆਂ ਦਾ।
ਪੰਥ ਜੀਵੇ ਅਸੀਂ ਉਜੜੀਏ ਲੱਖ ਵਾਰੀ,
ਰਿਹਾ ਅਟੁੱਟ ਵਿਸ਼ਵਾਸ ਰੰਘਰੇਟਿਆਂ ਦਾ।
ਤਾਹੀਓਂ ਸੁਣੀਦੈ ਸਿੱਖ -ਇਤਿਹਾਸ ਅੰਦਰ,
ਰੁਤਬਾ ਰਿਹਾ ਐ "ਖਾਸ" ਰੰਘਰੇਟਿਆਂ ਦਾ।

2- ਨਾਨਕ ਨਾਮ ਲੇਵਾ ਬਣ ਕੇ ਮੁੱਢ ਤੋਂ ਹੀ,
ਸਿੱਖੀ ਖੂਬ ਕਮਾਈ ਰੰਘਰੇਟਿਆਂ ਨੇ।
ਸਿੱਖ ਸਿਧਾਂਤਾਂ ਦੇ ਪਹਿਰੇਦਾਰ ਬਣ ਕੇ,
ਥਾਂ ਥਾਂ ਸਿੱਖੀ ਫੈਲਾਈ ਰੰਘਰੇਟਿਆਂ ਨੇ।
ਸੰਗੀਤਕ ਧੁਨਾਂ ਤੇ ਮਿੱਠਾ ਗਾਇਨ ਕਰਕੇ,
ਇਲਾਹੀ ਬਾਣੀ ਸੁਣਾਈ ਰੰਘਰੇਟਿਆਂ ਨੇ।
ਭਾਈ ਕਲਿਆਣੇ ਦੀ ਥਾਪ ਕੇ ਧਰਮਸ਼ਾਲਾ,
ਕੀਰਤੀ ਗੁਰਾਂ ਦੀ ਗਾਈ ਰੰਘਰੇਟਿਆਂ ਨੇ।

3- ਜਦੋਂ ਦਾਅ ਤੇ ਹਿੰਦ ਅਣਖ ਲੱਗੀ,
ਕਬੂਲ ਕੀਤੀ ਵੰਗਾਰ ਰੰਘਰੇਟਿਆਂ ਨੇ।
ਲੱਗਣ ਦੇਣਾ ਨਹੀਂ ਅਜ਼ਮਤ ਨੂੰ ਮੂਲ ਵੱਟਾ,
ਪੱਕੀ ਲਈ ਸੀ ਧਾਰ ਰੰਘਰੇਟਿਆਂ ਨੇ।
ਚਾਂਦਨੀ ਚੌਕ ਦਾ ਖ਼ੂਨੀ ਇਤਿਹਾਸ ਦੱਸਦੈ,
ਮੰਨੀ ਨਹੀਂ ਸੀ ਹਾਰ ਰੰਘਰੇਟਿਆਂ ਨੇ।
ਗੁਰੂ ਗੋਦ ਦਾ ਮਾਣਿਆਂ ਨਿੱਘ ਤਾਹੀਓਂ,
ਸੱਚੀਂ ਮੁੱਚੀ ਸਰਦਾਰ ਰੰਘਰੇਟਿਆਂ ਨੇ।


4- ਰਹੇ ਗੁਰੂਆਂ ਦੇ ਵਫਾਦਾਰ ਬਣ ਕੇ,
ਰੱਖੀ ਸਿੱਖੀ ਦੀ ਸ਼ਾਨ ਰੰਘਰੇਟਿਆਂ ਨੇ।
ਡੁੱਬਦੀ ਮਜ਼ਹਬ ਦੀ ਬੇੜੀ ਬਚਾਉਣ ਖਾਤਰ,
ਦਿੱਤਾ ਹਰ ਬਲੀਦਾਨ ਰੰਘਰੇਟਿਆਂ ਨੇ।
ਬਿਰਦ ਬਾਣੇ ਦੀ ਰੱਖੀ ਐ ਲਾਜ ਏਹਨਾਂ,
ਖੜਕਾਈ ਖੂਬ ਕਿਰਪਾਨ ਰੰਘਰੇਟਿਆਂ ਨੇ।
ਕਰਕੇ ਵਫਾ ਤੇ ਸੇਵਾ, ਗੁਰੂ -ਭਗਤੀ,
ਕੀਤਾ ਨਹੀਂ ਗੁਮਾਨ ਰੰਘਰੇਟਿਆਂ ਨੇ ।

5- ਬੰਨੂ ਕੁਰਮ ਕੁਹਾਟ ਤੱਕ ਧੁੰਮ ਪਾਈ,
ਕੰਬਦੇ ਅਜੇ ਪਠਾਣ ਰੰਘਰੇਟਿਆਂ ਤੋਂ।
ਬੱਬਰ ਸ਼ੇਰਾਂ ਤੋਂ ਵੱਧ ਕੇ ਵੇਖ ਤਾਕਤ,
ਤੁਰਕ ਮੁਗਲ ਘਬਰਾਣ ਰੰਘਰੇਟਿਆਂ ਤੋਂ।
ਬੀਰ ਸਿੰਘ ਦੀ ਤੱਕ ਜਵਾਂ-ਮਰਦੀ,
ਭੈ ਪਠਾਣ ਪਏ ਖਾਣ ਰੰਘਰੇਟਿਆਂ ਤੋਂ।
ਲੋਹਾ ਬੀਰਤਾ ਦਾ ਮੰਨਿਆਂ ਗੋਰਿਆਂ ਨੇ,
ਤਾਰੀਖ਼ ਨਹੀਂ ਅਣਜਾਣ ਰੰਘਰੇਟਿਆਂ ਤੋਂ।

ਏਨਾਂ ਪਾਲ਼ਿਆ ਜਿਹਨਾਂ ਨੂੰ ਖੂਨ ਦੇ ਕੇ,
ਬੇੜੀ ਓਹਨਾਂ ਡੁਬਾਈ ਰੰਘਰੇਟਿਆਂ ਦੀ।
ਮਨਫ਼ੀ ਕੀਤਾ ਇਤਿਹਾਸ ਚੋਂ ਬੇਈਮਾਨਾਂ,
ਕੀਤੀ ਮੂਲ਼ੋਂ ਸਫਾਈ ਰੰਘਰੇਟਿਆਂ ਦੀ।
ਘੜਕੇ ਸਾਜਿਸ਼ਾਂ ਬੀਰ ਸਿੰਘ ਕਤਲ ਕਰਕੇ,
ਮਿਸਲ ਖਤਮ ਕਰਵਾਈ ਰੰਘਰੇਟਿਆਂ ਦੀ।
ਕੌਮ ਘਾਤਕ ਤੇ ਪੰਥ ਦੇ ਦੋਖੀਆਂ ਨੇ,
ਕੌਮ ਗੁਲਾਮ ਬਣਾਈ ਰੰਘਰੇਟਿਆਂ ਦੀ।

ਉੱਠੋ ਅਣਖੀਓ ! ਅਣਖ ਦਾ ਵਾਸਤਾ ਜੇ,
ਵਿਰਸਾ ਬੜਾ ਅਮੀਰ ਰੰਘਰੇਟਿਆਂ ਦਾ।
ਪਲਟ ਪੱਤਰੇ ਵੇਖੋ ਇਤਿਹਾਸ ਦੱਸਦੈ,
ਆਦਰਯੋਗ ਸੀ ਸੀਰ ਰੰਘਰੇਟਿਆਂ ਦਾ।
ਗਲ਼ੋਂ ਲਾਹੋ ਗੁਲਾਮੀਆਂ ਮਰਦ - ਸ਼ੇਰੋ,
ਦਿਲ ਕਿਉਂ ਦਿਲਗੀਰ ਰੰਘਰੇਟਿਆਂ ਦਾ।
ਕਰੋ ਏਕਾ ਗੁਰਬਾਣੀ ਦੇ ਲੜ ਲੱਗੋ,
ਡੰਕਾ ਵੱਜੂ ਅਖੀਰ ਰੰਘਰੇਟਿਆਂ ਦਾ।

ਦੇਸ਼ ਕੌਮ ਤੇ ਪੰਥ ਦੀ ਸ਼ਾਨ ਖਾਤਰ,
ਸੇਵਾ ਕੀਤੀ ਐ ਬੜੀ ਰੰਘਰੇਟਿਆਂ ਨੇ।
ਕੌਮ ਘਾਤਕ ਬਣ ਕਦੇ ਨਾ ਦਗਾ ਕੀਤਾ ,
ਕਦੇ ਸਾਜਿਸ਼ ਨਾ ਘੜੀ ਰੰਘਰੇਟਿਆਂ ਨੇ।
ਬਣ ਕੇ ਵਫਾ ਦੀ ਸਾਖਸ਼ਾਤ ਮੂਰਤ,
ਲਾਈ ਕੁਰਬਾਨੀਆਂ ਦੀ ਝੜੀ ਰੰਘਰੇਟਿਆਂ ਨੇ।
ਨਹੀਂ ਦਿੱਤਾ ਬੇਦਾਵਾ, ਰਹੇ ਅੰਗ ਬਣ ਕੇ,
ਕੰਨੀ ਗੁਰੂ ਦੀ ਫੜੀ ਰੰਘਰੇਟਿਆਂ ਨੇ।
ਉੱਚੀ ਮੁੱਛ ਕੀਤੀ ਸਦਾ ਖਾਲਸੇ ਦੀ,
ਕਦੇ ਝੱਲੀ ਨਾ ਤੜੀ ਰੰਘਰੇਟਿਆਂ ਨੇ ।
ਸੂਰਮਗਤੀ ਦੀ 'ਲਾਲ' ਮਸਾਲ ਬਣ ਕੇ ,
ਮੱਲੀ ਚਮਕੌਰ ਦੀ ਗੜ੍ਹੀ ਰੰਘਰੇਟਿਆਂ ਨੇ।



ਲਾਲ ਸਿੰਘ ਸੁਲਹਾਣੀ
91-98721-55120

## ਬੀਬੀ ਜਗੀਰ ਕੌਰ ਖਿਲਾਫ਼ ਐਕਸ਼ਨ ਦੀ ਤਿਆਰੀ

**ਚੰਡੀਗੜ੍ਹ-** ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਅਹੁਦੇ ਲਈ ਉਮੀਦਵਾਰ ਬੀਬੀ ਜਗੀਰ ਕੌਰ 'ਤੇ ਕਾਰਵਾਈ ਦੀ ਤਲਵਾਰ ਲਟਕ ਰਹੀ ਹੈ। ਚੰਡੀਗੜ੍ਹ 'ਚ ਬੁੱਧਵਾਰ ਯਾਨੀ ਅੱਜ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੀ ਬੈਠਕ ਹੋ ਰਹੀ ਹੈ ਜਿਸ ਵਿਚ ਘਫਛ ਸਮੇਤ ਪੂਰੇ ਪੰਜਾਬ ਦੇ ਮੁੱਦੇ ਵਿਚਾਰੇ ਜਾਣੇ ਸੰਭਵ ਹਨ। ਇਸ ਤੋਂ ਬਾਅਦ ਡੇਢ ਵਜੇ ਅਨੁਸ਼ਾਸਨੀ ਕਮੇਟੀ ਦੀ ਬੈਠਕ ਹੋਵੇਗੀ। ਦਰਅਸਲ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਬੀਤੇ ਦਿਨੀਂ ਪੰਜਾਬੀ ਜਾਗਰਣ ਨਾਲ ਗੱਲਬਾਤ ਦੌਰਾਨ ਦੱਸਿਆ ਸੀ ਕਿ ਬੀਬੀ ਜਗੀਰ ਕੌਰ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਲੜ੍ਹਦੇ ਹਨ ਤਾਂ ਉਨ੍ਹਾਂ ਖਿਲਾਫ਼ ਅਕਾਲੀ ਦਲ ਅਨੁਸ਼ਾਸਨੀ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਸੀ ਕਿ ਪਾਰਟੀ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਆਗੂ ਖਿਲਾਫ਼ ਕਾਰਵਾਈ ਕਰੇਗੀ। ਦੂਜੇ ਪਾਸੇ ਪ੍ਰਧਾਨ ਦੇ ਅਹੁਦੇ ਲਈ ਆਜ਼ਾਦ ਚੋਣ ਲੜ੍ਹਨ ਲਈ ਬੀਬੀ ਜਗੀਰ ਕੌਰ ਦ੍ਰਿੜ੍ਹ ਹਨ। ਉਨ੍ਹਾਂ ਪਾਰਟੀ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ। ਅਕਾਲੀ ਦਲ ਉਨ੍ਹਾਂ ਨੂੰ ਮਨਾਉਣ 'ਚ ਅਸਫਲ ਰਿਹਾ ਸੀ। ਜਾਣਕਾਰੀ ਅਨੁਸਾਰ ਬੀਬੀ ਜੀ ਨੂੰ ਮਨਾਉਣ ਲਈ ਪਾਰਟੀ ਦੇ ਸੀਨੀਅਰ ਆਗੂ ਤੇ ਬੁਲਾਰੇ ਡਾ। ਦਲਜੀਤ ਸਿੰਘ ਚੀਮਾ ਤੇ ਸੁਰਜੀਤ ਸਿੰਘ ਰੱਖੜ੍ਹਾ ਦੀ ਘੰਟਿਆਂ ਬੱਧੀ ਬੈਠਕ ਵੀ ਬੇਨਤੀਜਾ ਰਹੀ ਸੀ। ਹੁਣ ਸਥਿਤੀ ਇਹ ਹੈ ਕਿ ਨਾ ਤਾਂ ਅਕਾਲੀ ਦਲ ਬੀਬੀ ਨੂੰ ਪ੍ਰਧਾਨ ਬਣਾਉਣ ਲਈ ਤਿਆਰ ਹੈ ਤੇ ਨਾ ਹੀ ਬੀਬੀ ਜਗੀਰ ਕੌਰ ਪਿੱਛੇ ਹਟਣ ਲਈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕਾ ਦੇ ਡੇਟਨ ਗੁਰਦੁਆਰਾ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ





**ਡੇਟਨ 28 ਅਕਤੂਬਰ 2022–** ਅਮਰੀਕਾ ਦੇ ਓਹਾਇਹੋ ਸੂਬੇ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਸਿੱਖ ਸੁਸਾਇਟੀ ਆਫ਼ ਡੇਟਨ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰਦੁਆਰੇ ਦੇ ਮੁੱਖ ਗ੍ਰੰਥੀ ਭਾਈ ਹੇਮ ਸਿੰਘ ਦੇ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇੰਡੀਅਨ ਐਪਲਿਸ ਤੋਂ ਆਏ ਭਾਈ ਮਨਜੀਤ ਸਿੰਘ ਨੇ ਰਾਗਾਂ ਵਿੱਚ ਕੀਰਤਨ ਕੀਤਾ ਤੇ ਬਾਬਾ ਗੁਰਦਿੱਤਾ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਭਾਈ ਜਸਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਤੇ ਭਾਈ ਲਖਵਿੰਦਰ ਸਿੰਘ ਦੇ ਢਾਡੀ ਜੱਥੇ ਨੇ ਬਾਬਾ ਗੁਰਦਿੱਤਾ ਜੀ ਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਤਬਲੇ ਦੀ ਸੇਵਾ ਸ। ਜਤਿਨ ਸਿੰਘ ਤੇ ਕਰਨਵੀਰ ਸਿੰਘ ਨੇ ਨਿਭਾਈ। ਬੱਚਿਆਂ ਵਲੋਂ ਕੀਰਤਨ ਗਾਇਨ ਕੀਤਾ ਗਿਆ।

ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਵੱਡੇ ਸਪੁੱਤਰ, ਸੱਤਵੇਂ ਗੁਰੂ ਸ੍ਰੀ ਹਰਿ ਰਾਇ ਜੀ ਦੇ ਪਿਤਾ ਅਤੇ ਨੌਵੇਂ ਪਾਤਸ਼ਾਹ ਸ੍ਰੀਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਜੀ ਦੇ ਵੱਡੇ ਭਰਾ ਸਨ।ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਉਨ੍ਹਾਂ ਦੇ ਪੜਦਾਦਾ ਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਉਨ੍ਹਾਂ ਦੇ ਦਾਦਾ ਸਨ । ਉਨ੍ਹਾਂ ਦਾ ਜਨਮ 15 ਨਵੰਬਰ 1613 ਈ।ਨੂੰ ਡਰੋਲੀ ਭਾਈ ਜਿਲ੍ਹਾ ਫਿਰੋਜਪੁਰ ਵਿਚ ਹੋਇਆ।

ਇਸ ਮੌਕੇ 'ਤੇ ਉਨ੍ਹਾਂ ਦੀ ਜੀਵਨੀ ਬਾਰੇ ਕੁਲਦੀਪ ਸਿੰਘ ਕਾਮਿਲ ਤੇ ਡਾ। ਚਰਨਜੀਤ ਸਿੰਘ ਗੁਮਟਾਲਾ ਦੀ ਲਿਖੀ ਪੁਸਤਕ 'ਬਾਬਾ ਗੁਰਦਿੱਤਾ ਜੀ' ਰਲੀਜ ਕੀਤੀ ਗਈ, ਜੋ ਕਿ ਪੰਜਾਬੀ ਵਿਰਸਾ ਟਰੱਸਟ (ਰਜਿ।) ਫਗਵਾੜਾ (ਕਪੂਰਥਲਾ) ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਬਾਰੇ ਸੰਖੇਪ ਜਾਣਕਾਰੀ ਪ੍ਰੋ। ਤਰਲੋਚਨ ਸਿੰਘ ਸੰਧਾਵਾਲੀਆ ਨੇ ਦਿੱਤੀ। ਪ੍ਰਸਿੱਧ ਪੱਤਰਕਾਰ ਗੁਰਮੀਤ ਪਲਾਈ ਦਾ ਇਸ ਪੁਸਤਕ ਨੂੰ ਛਪਵਾਉਣ ਵਿਚ ਵਿਸ਼ੇਸ਼ ਯੋਗਦਾਨ ਰਿਹਾ।

ਡੇਟਨ ਤੋਂ ਇਲਾਵਾ ਸਿਨਸਿਨਾਟੀ, ਹੋਰਨਾਂ ਸੂਬਿਆਂ ਅਤੇ ਕਨੇਡਾ ਤੋਂ ਵੀ ਸੰਗਤ ਨੇ ਵੀ ਇਸ ਦੀਵਾਨ ਵਿਚ ਹਾਜਰੀ ਭਰੀ। ਸਪਰਿੰਗਫੀਲਡ ਦੇ ਉਘੇ ਕਾਰੋਬਾਰੀ ਅਵਤਾਰ ਸਿੰਘ ਜੋ ਕਿ ਪਿੰਡ ਲੁਹਾਰਾਂ ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ, ਜਿੱਥੇ ਬਾਬਾ ਗੁਰਦਿੱਤਾ ਜੀ ਦੀ ਚਰਨਸ਼ੋਹ ਪ੍ਰਾਪਤ ਗੁਰਦੁਆਰਾ ਹੈ ,ਦੇ ਪ੍ਰਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 1993 ਤੋਂ ਇਹ ਦਿਹਾੜਾ ਹਰ ਸਾਲ ਮਨਾਇਆ ਜਾ ਰਿਹਾ।

ਅਵਤਾਰ ਸਿੰਘ ਵਲੋਂ ਗੁਰਦਆਰੇ ਦੀ ਪ੍ਰਬੰਧਕ ਕਮੇਟੀ, ਸਮੂਹ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ। ਫੋਟੋਗ੍ਰਾਫਰੀ ਦੀ ਸੇਵਾ ਸੁਨੀਲ ਮੱਲੀ ਨੇ ਨਿਭਾਈ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਜਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ 'ਚ ਸਰਕਾਰੀ ਹਾਈ ਸਕੂਲ ਚੱਕ ਪ੍ਰੇਮਾ ਦੇ ਪਹਿਲਵਾਨਾਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

## ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਸਕੂਲ ਮੁਖੀ ਜਗਜੀਤ ਕੌਰ ਦੀ ਅਗਵਾਈ 'ਚ ਕੀਤਾ ਸਨਮਾਨਤ

**ਫਗਵਾੜਾ 1 ਨਵੰਬਰ (ਬੀਕੇ ਰੱਤੂ)** ਰਾਏਪੁਰ ਡੱਬਾ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਵਿਖੇ ਕਰਵਾਏ ਗਏ ਜਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ 'ਚ ਸਰਕਾਰੀ ਹਾਈ ਸਕੂਲ ਚੱਕ ਪ੍ਰੇਮਾ ਦੇ ਪਹਿਲਵਾਨਾਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਸਾਇੰਸ ਅਧਿਆਪਕ ਵਰਿੰਦਰ ਸਿੰਘ ਕੰਬੋਜ ਨੇ ਦੱਸਿਆ ਕਿ ਮੁੱਖ ਅਧਿਆਪਿਕਾ ਜਗਜੀਤ ਕੌਰ ਅਤੇ ਗਾਈਡ ਅਧਿਆਪਕ ਰਾਮ ਕੁਮਾਰ ਦੀ ਅਗਵਾਈ ਹੇਠ ਵਿਦਿਆਰਥਣ ਪ੍ਰੀਆ ਨੇ 34 ਕਿਲੋ ਭਾਰ ਵਰਗ, ਪੂਜਾ ਨੇ 51 ਕਿੱਲੋ, ਅਰਪਨਾ ਨੇ 57 ਕਿਲੋ, ਰਵੀ ਕੁਮਾਰ ਨੇ 55 ਕਿੱਲੋ ਅਤੇ ਜਸਪ੍ਰੀਤ ਨੇ 41 ਕਿੱਲੋ ਭਾਰ ਵਰਗ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਸਤੋਂ ਇਲਾਵਾ ਜਸਮੀਤ ਕੌਰ ਤੇ ਨੈਨਾ ਨੇ 39 ਕਿੱਲੋ, ਰਾਧਿਕਾ ਨੇ 44 ਕਿਲੋ, ਮਾਇਆ ਨੇ 48 ਕਿਲੋ, ਕਾਜਲ ਨੇ 41 ਕਿਲੋ, ਪ੍ਰੀਤੀ ਨੇ 45 ਕਿਲੋ, ਬਲਜੀਤ ਕੌਰ ਨੇ 48 ਕਿਲੋ ਅਤੇ ਅੰਜਲੀ ਨੇ 17 ਕਿਲੋ ਭਾਰ ਵਰਗ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ। ਜੇਤੂ ਖਿਡਾਰੀਆਂ ਨੂੰ ਸਕੂਲ ਪਹੁੰਚਣ ਤੇ ਸਕੂਲ ਮੁਖੀ ਜਗਜੀਤ ਕੌਰ ਦੀ ਅਗਵਾਈ ਹੇਠ ਸਨਮਾਨਤ ਕਰਕੇ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਪਰਮਜੀਤ ਕੁਮਾਰ, ਕਰਮਜੀਤ ਸਿੰਘ, ਹਰਮਿੰਦਰ ਸਿੰਘ ਕੁੰਦੀ, ਜੁਸਵਿੰਦਰ, ਗੁਰਦੀਪ ਕੌਰ, ਮਨਦੀਪ ਕੌਰ, ਲਖਵਿੰਦਰ ਕੌਰ ਅਤੇ ਰੋਮਾ ਆਦਿ ਹਾਜਰ ਸਨ।







# ਪੰਜਾਬੀ ਦਾ ਇਸਤਰੀ ਕਾਵਿ ਅਤੇ ਕਵਿਤਰੀਆਂ ਦਾ ਉਠਾਨ



ਜਗਦੀਸ਼ ਚੋਹਕਾ
91-92179-97445
001-403-285-4208

ਜਿਹੜਾ ਦੇਸ਼ ਜਿਨਾਂ ਹੀ ਸਮਰਿੱਧ ਹੁੰਦਾ ਹੈ, ਸੁੱਖੀ ਹੁੰਦਾ ਹੈ। ਗਰੀਬੀ ਤੋਂ ਮੁਕਤ ਹੁੰਦਾ ਹੈ ਉਤਨੀ ਹੀ ਉਸਦੀ ਸਿਰਜਨਾਤਮਕ ਸ਼ਕਤੀ ਅਤਿ ਵਿਕਸਤ ਹੁੰਦੀ ਹੈ। ਇਹ ਸ਼ਕਤੀ ਕਵਿਤਾ, ਮੂਰਤੀਕਲਾ, ਕ੍ਰਿਤਕਲਾ, ਸੰਗੀਤਕਲਾ ਆਦਿ ਦੇ ਅਧਿਐਨ ਨਾਲ ਵੱਧ ਤੋਂ ਵੱਧ ਅਭਿਵਿਅਕਤੀ ਪਾਉਣਾ ਹੈ ਅਤੇ ਗਿਆਨ ਦੀ ਸੰਸਕ੍ਰਿਤੀ ਨੂੰ ਹਵਨ ਪ੍ਰਦਾਨ ਕਰਦੀ ਹੈ। ਭੁੱਖੇ ਅਭਾਵ-ਗ੍ਰਸਤ ਪੱਛੜੇ ਹੋਏ ਅਤੇ ਅਸੱਭਅ ਦੇਸ਼ਾਂ ਦੀ ਸੰਸਕ੍ਰਿਤੀ ਵੀ ਰੰਕ ਹੁੰਦੀ ਹੈ ! ਪੰਜਾਬ ਭਾਵੇਂ ਸਰਹੱਦੀ ਸੂਬਾ ਰਿਹਾ ਹੈ, ਪਰ ਇੱਥੋਂ ਦੇ ਨਿਵਾਸੀ ਸੰਗੀਤ, ਸਹਿਤ ਤੇ ਕਲਾ ਪ੍ਰੇਮੀ ਹੋਏ ਹਨ। 1500 ਪੂ.ਈ. ਦੇ ਨੇੜੇ ਤੇੜੇ ਆਰੀਆ ਲੋਕਾਂ ਦੇ ਪੰਜਾਬ ਵਿੱਚ ਆਉਣ ਨਾਲ ਲਗਪੱਗ ਇਕ ਹਜ਼ਾਰ ਵਰ੍ਹਿਆਂ ਲਈ ਜੋ ਇਤਿਹਾਸਕ ਤਸਵੀਰ ਉਘੜਦੀ ਹੈ ਉਹ ਸਰਾਸਰ ਉ੍ਹਨਾਂ ਧਾਰਮਿਕ ਗ੍ਰੰਥਾਂ ਉਤੇ ਅਧਾਰਿਤ ਹੈ ਜੋ ਆਰੀਆ ਲੋਕਾਂ ਦੀ ਕਿਰਤ ਮੰਨੀ ਜਾ ਸਕਦੀ ਹੈ। ਪੰਜਾਬ ਅੰਦਰ ਕਲਾ ਦੇ ਵਿਕਾਸ ਅੰਦਰ ਲੋਕ-ਕਲਾ (ਫੋਕ) ਦਾ ਵੱਡਾ ਯੋਗਦਾਨ ਰਿਹਾ ਹੈ। ਫੋਕ-ਕਲਾ ਦੀ ਸਿਰਜਣਹਾਰ ਸਾਡੀ ਪੰਜਾਬਣ ਹੈ ਜਿਸ ਨੇ ਇਸਤਰੀ ਨੂ ਨੂੰਝੀ ਤਰ੍ਹਾਂ ਦੀਆਂ ਹੀਣ-ਭਾਵਨਾਵਾਂ ਤੋਂ ਬਚਾ ਰੱਖਿਆ। ਬੱਚੇ ਦੇ ਜੰਮਣ 'ਤੇ ਉਹ ਦਰਵਾਜੇ ਉਤੇ ਸੱਜੇ-ਖੱਬੇ ਹੱਥਾਂ ਦੇ ਪੰਜੇ ਲਾਉਂਦੀ ਹੈ, ਕਾਲੇ ਰੰਗ ਨਾਲ ਲਾਇਆ ਠੱਪਾ, ਵਿਆਹ-ਸ਼ਾਦੀਆਂ ਸਮੇਂ 'ਤੇ ਉਲੀਕੇ ਗਏ ਨਮੂਨੇ, ਬਿੰਬ ਤੇ ਪ੍ਰਤੀਕ ਹੀ 'ਭਾਸ਼ਾ' ਦਾ ਰੂਪ ਧਾਰਦੇ ਗਏ ਹਨ। ਉਹ ਗੱਲਾਂ ਜਿਹਨਾਂ ਨੂੰ ਮੂੰਹੋਂ ਨਹੀਂ ਸਮਝਾਇਆ ਜਾ ਸਕਦਾ, 'ਇਹ ਬਿੰਬ ਹੀ ਸਮਝਾਉਂਦੇ ਹਨ ਜੋ ਇਸਤਰੀ ਦੀ ਅੰਦਰੂਨੀ ਮਾਨਸਿਕਤਾ (ਸਾਈਕੀ) ਦਾ ਪ੍ਰਤੀਕ ਹਨ।

ਇਸਤਰੀ ਦੇ ਅਰਧ ਚੇਤਨ ਅਤੇ ਚੇਤਨ ਮਨ ਵਿੱਚ ਉਭਰਦੇ ਹਾਵ-ਭਾਵ, ਸਮਾਜ ਦੇ ਤਸੀਹੇ, ਨਾਇਕ ਨੱਲਣ ਦੀ ਪ੍ਰਬਲ ਇੱਛਾ, ਸੰਯੋਗ-ਵਿਯੋਗ ਦੀਆਂ ਪ੍ਰਵਿਰਤੀਆਂ, ਇਸਤਰੀ ਦੀ ਸੁੰਦਰਤਾ ਲਈ ਨਕਸ਼ ਵਰਣਨ, ਤਰ੍ਹਾਂ-ਤਰ੍ਹਾਂ ਦੀਆਂ ਸਰੀਰਕ ਅੰਗ-ਭੰਗਿਆਵਾਂ, ਮੌਸਮ ਤਬਦੀਲ ਹੋਣ ਦੇ ਨਾਲ-ਨਾਲ ਇਸਤਰੀ-ਮਰਦ ਅੰਦਰ ਆਈ ਤਬਦੀਲੀ ਨੂੰ ਪੰਜਾਬ ਦੇ ਸਾਹਿਤਕ ਖੇਤਰ ਅੰਦਰ ਦੋਹਾਂ ਹੀ ਇਸਤਰੀ ਤੇ ਮਰਦ ਨੇ ਸਮੇਂ-ਸਮੇਂ ਅੰਦਰ ਕਾਵਿ ਰਚਨਾਵਾਂ ਲਈ ਜਨਮ ਦਿੱਤਾ। ਸਮੁੱਚੇ ਪੰਜਾਬ ਦੇ ਸਾਹਿਤਕ ਖੇਤਰ ਦੇ ਇਤਿਹਾਸ ਅੰਦਰ ਅੱਜ ਇਸਤਰੀ ਕਵਿਆਂ, ਉਹਨਾਂ ਦੀਆ ਕਾਵਿ ਰਚਨਾਵਾਂ ਅਤੇ ਕਲਾਵਾਂ ਦਾ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ। ਉਸ ਦਾ ਪੰਜਾਬੀ ਸੱਭਿਆਚਾਰ, ਵੰਨ-ਸੁਵੰਨਤਾ ਤੇ ਵਿਲੱਖਣਤਾ ਅੰਦਰ ਪੂਰੀ ਹਿੱਸੇਦਾਰੀ ਵੀ ਰਹੀ ਹੈ, ਪਰ ਸਮਾਜ ਅੰਦਰ ਮਰਦ-ਪ੍ਰਧਾਨ ਮਾਨਸਿਕਤਾ ਨੇ ਇਸਤਰੀ ਦੀ ਕਾਵਿ ਪ੍ਰਤਿਭਾ ਨੂੰ ਨਾ ਪਨਪਣ ਦਿੱਤਾ ਤੇ ਨਾ ਹੀ ਉਸਰਨ ਦਿੱਤਾ?

ਹੜੱਪਾ ਦੀ ਖੁਦਾਈ ਤੋਂ ਪ੍ਰਾਚੀਨ ਪੰਜਾਬ ਦੇ ਗੌਰਵ ਦਾ ਬੇਅੰਤ ਭੰਡਾਰ ਮਿਲਿਆ ਹੈ। ਪੱਥਰ ਤੇ ਤਾਂਬੇ ਦੇ ਹਥਿਆਰ, ਖੇਤੀ ਸੰਦ, ਚਿਤਰ, ਮੂਲ ਲਿਪੀ ਦੇ ਨਿਸ਼ਾਨ, ਲਲਿਤ ਕਲਾਵਾਂ ਦੇ ਹਥਿਆਰ, ਬਰਤਨ, ਸੁੰਦਰ ਮੂਰਤੀਆਂ, ਗਹਿਣੇ, ਨੱਚਦੀ ਮੂਰਤੀ, ਦੇਵੀ ਮਾਤਾ ਦੀ ਮੂਰਤੀ ਅਤੇ ਹੋਰ ਕਈ ਤਰ੍ਹਾਂ ਦੇ ਚਿੰਨ੍ਹ ਜੋ ਉਸ ਸਮੇਂ ਦੀ ਉਨਤ ਸੱਭਿਅਤਾ ਦਾ ਪ੍ਰਤੀਕ ਹਨ ਮਿਲੇ। ਹੜੱਪਾ ਸੱਭਿਅਤਾ ਅੰਦਰ ਮਰਦ-ਇਸਤਰੀ ਦੋਨੋ ਕਲਾ-ਪ੍ਰਣਾਲੀ ਅੰਦਰ ਨਿਪੁੰਨ ਸਨ। ਬੁੱਧਾ-ਕਾਲ ਦੌਰਾਨ ਮਿਲੀਆਂ ਮੂਰਤੀਆਂ, ਸ਼ਿਲਾ-ਲੇਖ ਤੇ ਸਤੰਭਾਂ ਉਪਰ ਉਕਰੀਆਂ ਕਲਾ-ਕਿਰਤੀਆਂ ਦੀ ਅਗਵਾਨੀ ਹੜੱਪਾ ਤੋਂ ਉਤਾਰੀ ਲੱਗਦੀ ਹੈ। ਰਿਗਵੇਦ ਵਿੱਚ ਜੋ ਭੂਗੋਲਿਕ ਹਵਾਲੇ ਹਨ ਉਨਾਂ ਵਿੱਚ ਸਭ ਤੋਂ ਪ੍ਰਮੁੱਖ ਵਰਣਨ ਸਪਤ ਸਿੰਧੂ ਦਾ ਹੈ, ਜੋ ਅੱਜ ਦੇ ਪੰਜਾਬ ਦਾ ਪ੍ਰਾਚੀਨ ਨਾਮ ਹੈ। ਰਿਗਵੇਦ ਤੋਂ ਤਤਕਾਲੀ ਪੰਜਾਬੀ ਸੱਭਿਆਚਾਰ 'ਤੇ ਜੀਵਨ ਦੀ ਝਲਕ ਮਿਲਦੀ ਹੈ। ਉਦੋਂ ਪਰਿਵਾਰ ਅਧਾਰਤ ਸਮਾਜ ਸੀ ਤੇ ਪਤਨੀ ਦਾ ਪੂਰਾ ਸਤਿਕਾਰ ਸੀ।

ਮਰਦ ਅਤੇ ਇਸਤਰੀ ਦੇ ਸੰਬੰਧਾਂ ਦੀ ਮਨੋ-ਵਿਗਿਆਨਕ ਚਰਚਾ ਪਰੂਰਵਾ (ਨਾਇਕ) ਤੇ ਉਰਵਸ਼ੀ (ਨਾਇਕਾ), ਅਗਸਤਯ ਅਤੇ ਲੋਪਾਮੁਦ੍ਰਾ ਅਤੇ ਯਮ ਤੇ ਯਮੀ ਦੇ ਸੰਵਾਦਾਂ ਰਾਹੀਂ ਪੇਸ਼ ਕੀਤੀ ਗਈ ਸੀ (ਸੋਸਦੀਸ: ਰਿਤਵਜਾ ਪ੍ਰਚਰੰਤਿ) ਮਿਲਦੀ ਹੈ। ਭਾਵ ਇਸਤਰੀ ਵੀ ਆਪਣੇ ਵਿਚਾਰ ਸੰਵਾਦਾਂ ਰਾਹੀਂ ਪ੍ਰਗਟ ਕਰਦੀ ਸੀ।

ਪੰਜਾਬ ਦਾ ਇਤਿਹਾਸ ਲੰਬੇ ਸਮੇਂ ਤੋਂ ਕਬੀਲਦਾਰੀ, ਰਾਜਾਸ਼ਾਹੀ, ਜਾਗੀਰਦਾਰੀ, ਬੱਸਤੀਵਾਦ ਦੇ ਕਾਲ ਅੰਦਰ ਮਰਦ ਪ੍ਰਧਾਨ ਸਮਾਜ ਹੀ ਕਾਬਜ਼ ਰਿਹਾ ਹੈ, ਜੋ ਮਨੁੱਖੀ ਸੰਬੰਧਾਂ ਉਪਰ ਵੀ ਪ੍ਰਭਾਵ ਪਾਉਂਦਾ ਰਿਹਾ ਹੈ। ਸ਼ੁਰੂ ਤੋਂ ਹੀ ਇਸਤਰੀ ਨੂੰ ਉਹਨਾਂ ਯੁੱਗਾਂ ਅੰਦਰ ਅਧੀਨਗੀ ਹੇਠ, ਮਨ-ਪਰਚਾਵਾਂ ਅਤੇ ਘਰ ਦੀ ਚਾਰਦੀਵਾਰੀ ਅੰਦਰ ਹੀ ਡੱਕ ਕੇ ਰੱਖਿਆ ਗਿਆ। ਉਸ ਤੋਂ ਸਦਾ ਤਿਆਗ, ਕੁਰਬਾਨੀ 'ਤੇ ਮਮਤਾ ਦੀ ਉਮੀਦ ਰੱਖੀ। ਭਾਵੇਂ ਉਸ ਦੇ ਮਨੋ-ਸੰਵਾਦਨਾ ਅੰਦਰ ਉਠਾਨ ਆਇਆ, ਵਲਵਲੇ ਪੈਦਾ ਹੋਏ, ਗੁੱਸਾ ਤੇ ਵਿਦਰੋਹ ਨੇ ਵੀ ਜਨਮ ਲਿਆ, ਪਰ ਸਦੀਆਂ ਦੀ ਲਤਾੜੀ ਉਹ ਨਾ ਬੋਲ ਸਕੀ, ਬੋਲੀ ਤਾਂ ਸੁਣੀ ਨਾ ਗਈ ਜਾਂ ਫਿਰ ਉਸ ਦੀ ਭਾਵਨਾ ਦੇ ਉਲਟ ਅਰਥ ਕੱਢ ਲਏ ਗਏ?

ਸਗੋਂ ਇਸਤਰੀ ਨੇ ਆਪਣੇ ਵਲਵੱਲਿਆਂ, ਵਿਦਰੋਹ ਅਤੇ ਗੁੱਸੇ ਨੂੰ ਆਪਣੇ ਢੰਗ ਨਾਲ ਬਿੰਬਾਂ, ਇਸ਼ਾਰਿਆਂ ਅਤੇ ਲੋਕ ਗੀਤਾਂ ਰਾਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਸਦੀਆਂ ਤੋਂ ਇਸਤਰੀ ਦੇ ਮਨ ਦੀ ਵੇਦਨਾ ਨੂੰ ਲਿਖਤੀ ਰੂਪ ਵਿੱਚ ਆਉਣ ਲਈ ਕਈ ਸਦੀਆ ਲੱਗ ਗਈਆ। ਇਸਤਰੀ ਨੂੰ ਸਿਖਿਅਤ ਹੋਣ 'ਤੇ ਅਤੇ ਆਪਣੀ ਪਛਾਣ ਬਣਾਉਣ ਲਈ ਲਿਖਤੀ ਵੇਦਨਾ ਕਹਿਣ ਲਈ ਲੰਮਾ ਸਮਾਂ ਉਡੀਕਣਾ ਪਿਆ।

ਇਹ ਗੱਲ ਤਾਂ ਪ੍ਰਮਾਣਿਕ ਹੈ ਕਿ ਕਾਵਿ ਰਚਨਾ ਵਾਰਤਕ ਤੋਂ ਪਹਿਲਾ ਜਨਮੀ ਹੈ। ਕਵਿਤਾ ਦਾ ਸੰਬੰਧ ਵਲਵੱਲੇ ਨਾਲ ਹੁੰਦਾ ਹੈ ਜੋ ਬੌਧਿਕ ਕਾਲ ਨਾਲੋ ਪਹਿਲਾ ਉਛਾਲਾਂ ਮਾਰਦੀ ਹੈ। ਪਰ ਜਦੋਂ ਕਿਸੇ ਵਿਅਕਤੀ ਪਾਸ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਾਸ਼ਾ ਦਾ ਮਾਧਿਅਮ ਤਾਂ ਹੋਵੇ ਪਰ ਅੱਖਰਾਂ ਦੇ ਗਿਆਨ ਦਾ ਉਸ ਨੂੰ ਘਾਵ ਹੋਵੇ ਫਿਰ ਉਸ ਦੇ ਅੰਦਰਲੇ ਜਜ਼ਬੇ ਜਦੋਂ ਉਸ ਦੀ ਹਿੱਕ ਦਾ ਕੜ ਪਾੜ ਕੇ ਬਾਹਰ ਆਉਂਦੇ ਹਨ ਤਾਂ ਉਹ ਲੋਕਾਂ ਦੀ ਜ਼ਬਾਨ ਦੇ ਰਾਜੇ ਹੋ ਜਾਂਦੇ ਹਨ। ਉਸ ਸਮੇਂ ਦੀਆਂ ਸਮਾਜਕ ਤੇ ਆਰਥਿਕ ਵਿਵਸਥਾਵਾਂ ਅਨੁਸਾਰ ਆਪਣੇ ਅੰਦਰ ਸਮੋਅ ਕੇ ਉਹ ਬੋਲ ਲੋਕਾਂ ਦੇ ਹੋ ਜਾਂਦੇ ਹਨ ਅਤੇ ਇੰਝ ਲੋਕ ਗੀਤਾਂ ਨੇ ਜਨਮ ਲਿਆ। ਇਸਤਰੀ ਨੇ ਜਨਮ ਤੋਂ ਲੈ ਕੇ ਅੰਤਲੇ ਪਲਾ ਤਕ ਆਪਣੇ ਮਨ ਦੀ ਵੇਦਨਾ ਨੂੰ ਬੋਲਾ ਨਾਲ ਤਾਂ ਪੰਜਾਬੀ ਸਾਹਿਤ ਦੇ ਲੋਕ ਗੀਤਾਂ ਰਾਹੀ ਅਮੀਰ ਬਣਾਇਆ ਹੈ, ਪਰ ਕਾਵਿ ਦੇ ਬੌਧਿਕ ਕਾਰਜ ਅੰਦਰ ਬਹੁਤ ਸਾਰੀਆਂ ਦੁਸ਼ਵਾਰੀਆਂ ਕਾਰਨ ਇਸ ਖੇਤਰ 'ਚ ਮਰਦਾ ਦੇ ਮੁਕਾਬਲੇ ਉਹ ਬਹੁਤ ਪਿਛੇ ਰਹਿ ਗਈ। ਇਸ ਘਾਟ ਨੂੰ ਦਰਸਾਉਂਦੀ ਮਾਂ ਦੀ ਧੀ ਨੂੰ ਸਿਖਿਆ ਇਹ ਕਹਿੰਦੀ ਹੈ:

**''ਸੁਣ ਨੀ ਧੀਏ ਬੜੀ ਪਛਤਾਈ**
**ਨਾਂਓ ਸੁਰਜੀਤੋ ਧਰ ਕੇ;**
**ਸੁੱਤੀ ਪਈ ਨੂ ਨੂੰਕਗ ਨੀ ਆਉਂਦੀ**
**ਦਿਨ ਨਾ ਜਾਂਦੈ ਚੜ੍ਹ ਕੇ;**
**ਅਧੀਆ ਨੇ ਤਾਂ ਦੁੱਧ ਨੀ ਰਿੜਕ ਲਏ ਅੱਧੀਆ ਨੇ**
**ਡਾਹ ਲੇ ਚਰਖੇ; ਅੰਦਰੋ ਨਿਕਲੇ**
**ਨੀ ਤੂੰ ਚੀਨਾ ਕਬੂਤਰ ਬਣਕੇ;**
**ਅੱਖੀ ਪੁਝੇਗੀ ਫਿਰ ਲੜ ਢਾਡੀ ਦੇ ਫੜਕੇ !**



ਰਿਗ-ਵੇਦ ਕਿਉਂਕਿ ਇਹ ਪੰਜਾਬ ਅੰਦਰ ਹੀ ਰੱਚਿਆ ਗਿਆ ਤੇ ਇਸ ਅੰਦਰ ਰਚਨਾ ਵੀ ਅਨੇਕਾਂ ਵਿਦਵਾਨਾਂ (ਰਿਸ਼ੀਆਂ) ਦੀ ਸਮੂਹਿਕ ਰਚਨਾ ਕਹੀ ਜਾ ਸਕਦੀ ਹੈ। ਰਿਗਵੇਦ ਅੰਦਰ ਰਿਸ਼ੀਆਂ ਦੇ ਨਾਲ -ਨਾਲ ਰਿਸ਼ਿਕਾਵਾਂ (ਭਾਵ ਪੰਜਾਬੀ ਇਸਤਰੀ ਕਵਿੱਤਰੀਆਂ) ਦਾ ਵਰਣਨ ਕਰਨਾ ਵੀ ਜਰੂਰੀ ਹੈ ਜਿਨ੍ਹਾਂ ਦੀ ਕਿਰਤ ਇਨ੍ਹਾਂ ਵੇਦਾਂ ਅੰਦਰ ਅੰਕਿਤ ਹੈ। ਇੰਦਰਾਣੀ, ਸ਼ਾਦਰੀਮਾਤਾ, ਰੋਮਾ, ਸ਼ੇਰਵਸੀ, ਲੋਪਮੁਦਰਾ, ਨਾਟਿਅਮਯਮੀ, ਨਾਰੀ, ਸ਼ਰਮਵਤੀ, ਸ਼ਰੀਰ, ਲਕਸ਼ਮੀ, ਸਰਪਰਜਨੀ, ਵਾਕਸ਼ਰਥਾ, ਔਸ਼ਾ, ਸੂਰੀਆ, ਸਵਿੱਤਰੀ, ਕੱਤਰੀ, ਦਕਸ਼ਿਣਾ, ਸੇਧਾ ਸਿਕਤਾ, ਕਿਦਾਵਰੀ, ਬ੍ਰਹਮਾ ਦਨਯਾ, ਤ੍ਰਿਪਤਾ, ਰਿਸ਼ਿਕਾ, ਘੋਸ ਆਦਿ ਅਤਿ ਸੁੰਦਰ ਇਸਤਰੀਆ ਜਿਨ੍ਹਾਂ ਨੂ ਨੂੰਰਆਨ ਅਤੇ ਸ਼ਕਤੀ ਨਾਲ ਏਨਾ ਪ੍ਰੇਮ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਰਿਗਵੇਦ ਦਾ ਅੰਗ ਬਣ ਗਈਆਂ। ਰਿਸ਼ਿਕਾ ਘੋਸ਼ ਦੇ ਦੋ ਸੰਪੂਰਨ ਸਲੋਕ ਰਿਗਵੇਦ ਵਿੱਚ ਸ਼ਾਮਲ ਹਨ। ਘੋਸ਼ ਦਾ ਦੁਖਾਤ ਸੀ ਕਿ ਉਹ ਇਕ ਅਸਾਧ ਰੋਗ ਨੇ ਬਦਸੂਰਤ ਬਣਾ ਦਿੱਤੀ ਸੀ। ਉਹ ਰਿਸ਼ੀ ਦੀਰਘਤਮਸ ਦੀ ਪੋਤੀ ਤੇ ਰਿਸ਼ੀ ਕਕਸ਼ਵੀਤ ਦੀ ਪੁਤਰੀ ਸੀ। ਉਸ ਦਾ ਇਕ ਸਲੋਕ ਅਸ਼ਵਿਨ ਦੀ ਮਹਿਮਾ 'ਚ ਤੇ ਦੂਸਰਾ ਸਲੋਕ ਉਸ ਨੇ ਆਪਣੇ ਦਿਲ ਦੀ ਵੇਦਨਾ ਅਤੇ ਵਿਆਹੁਤਾ ਜੀਵਨ ਦੀ ਕਾਮਨਾ ਉਜਾਗਰ ਕਰਕੇ ਉਚਾਰਿਆ ਸੀ।

ਰਿਸ਼ੀ ਵਾਚਕਨੂੰ ਦੀ ਪੁੱਤਰੀ ਗਾਰਗੀ ਨੂੰ ਕਾਵਿਕ-ਦਾਰਸ਼ਨਿਕ ਨਿਪੁੰਨਤਾ ਦੇ ਪੱਖੋ ਸਭ ਤੋਂ ਸਿਰ-ਕੱਢ ਰਿਸ਼ੀਕਾ (ਇਸਤਰੀ ਕਵਿਤਰੀ) ਕਹਿਣਾ ਨਾਵਾਜਬ ਨਹੀਂ ਹੋਵੇਗਾ! ਉਹ ਅਨੇਕ ਸਲੋਕਾਂ ਦੀ ਕਰਤਾ ਹੈ ਜਿਸ ਵਲੋਂ ਸੰਸਾਰ ਦੇ ਅਰੰਭ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ। ਉਹ ਸੰਵਾਦਾਂ ਦੇ ਜਵਾਬ ਵਿੱਚੋਂ ਨਵਾਂ ਸਵਾਲ ਕੱਢਣ ਦੀ ਨਿਪੁੰਨ ਮੰਨੀ ਜਾਂਦੀ ਸੀ। ਭਾਵ ਵੇਦਕਾਲ ਦੇ ਪੰਜਾਬ ਅੰਦਰ ਪੰਜਾਬਣਾਂ ਦੀ ਕਾਵਿ-ਪ੍ਰਤਿਬਾ ਸਾਨੀ ਹੁੰਦੀ ਸੀ। ਪਾਰ ਕਾਲ ਦੇ ਬੀਤਣ ਬਾਦ ਪੰਜਾਬ ਦੀਆਂ ਪ੍ਰਸਥਿਤੀਆਂ 'ਚ ਕਈ ਤਬਦੀਲੀਆਂ ਆਉਂਦੀਆਂ ਗਈਆਂ। ਪੰਜਾਬ ਅੰਦਰ ਦਾਰਸ਼ਨਿਕ ਕਾਵਿ-ਰਚਨਾਵਾਂ ਅੰਦਰ ਨਵੇਂ ਤੋਂ ਨਵੇਂ ਖੱਪੇ ਆਉਂਦੇ ਗਏ ਅਤੇ ਰਚਨਾਕਾਰੀ ਅੰਦਰ ਬੰਜਰਤਾ ਵੀ ਆਉਂਦੀ ਗਈ। ਪਰ ਫਿਰ ਵੀ ਪੰਜਾਬ ਅੰਦਰ ਬਨਾਂਵੀਆਂ, ਅਣਜਾਣੀਆਂ ਅਤੇ ਵਿਸਰੀਆਂ ਪੰਜਾਬਣਾਂ ਨੇ ਆਪਣੇ ਦਿਲ ਦੀਆਂ ਡੂੰਘਾਈਆਂ ਅੰਦਰ ਉਠੀਆਂ ਭਾਵਨਾਵਾਂ ਨੂੰ ਵੱਖੋ ਵੱਖ ਰੂਪਾਂ 'ਚ ਚਿਤਨਣ, ਅੱਗੋ ਆਪਣੇ ਧੀਆਂ-ਪੁੱਤਰਾਂ ਅਤੇ ਸਮਾਜ ਨੂੰ ਬੇਸ਼ੁਮਾਰ ਲੋਕ ਗੀਤਾਂ, ਬਾਤਾਂ ਅਤੇ ਟੋਟਕਿਆਂ ਰਾਹੀ ਪੰਜਾਬੀ ਅੰਦਰ ਅਨਮੋਲ, ਕਾਵਿ ਪੂੰਜੀ ਨੂੰ ਕੰਡੇ ਤੱਕ ਪੁੱਜਦਾ ਕੀਤਾ ਹੈ। ਇਸਤਰੀ ਨੇ ਜਨਮ ਤੋਂ ਲੈ ਕੇ ਮਰਨ ਤਕ, ਜੀਵਨ ਦੇ ਹਰ ਦੌਰ ਅੰਦਰ ਲੋਕ-ਗੀਤਾਂ ਰਾਹੀ ਇਸਤਰੀ ਕਾਵਿ ਦੇ ਇਤਿਹਾਸ ਨੂੰ ਸਬੂਤ ਕੀਤਾ।

ਪੰਜਾਬ ਅੰਦਰ ਲੋਕਗੀਤ ਵੀ ਵੱਡੀ ਹੱਦ ਤਕ ਇਸਤਰੀਆਂ ਦੇ ਰਚਨਾ-ਖੇਤਰ ਹੀ ਰਹੇ, ਮਰਦ-ਪ੍ਰਧਾਨ ਸਮਾਜ ਅੰਦਰ ਭਾਵੇਂ ਇਸਤਰੀਆਂ ਦਾ ਲੋਕ ਗੀਤ ਕਾਵਿ ਖੇਤਰ ਵੀ ਸਾਹ-ਘੁਟਵਾਂ ਰਿਹਾ, ਫਿਰ ਵੀ ਉਹਨਾਂ ਨੇ ਇਸ ਅੰਦਰ ਵੰਨ-ਸੁਵੰਨੇ ਜਜ਼ਬਿਆ ਦਾ ਖੁਲ੍ਹਕੇ ਕਾਰਗਾਰ ਪ੍ਰਗਟਾਵਾ ਕੀਤਾ। ਉਹਨਾਂ ਦੇ ਹਿਸੇ ਭਾਵੇ ਰੋਹ ਤੇ ਰੋਸ ਸੀ, ਫਿਰ ਵੀ ਉਹਨਾਂ ਦੀ ਹੂਕ ਅੰਦਰ ਪਿਆਰ ਹੈ, ਵਿਛੋੜਾ ਹੈ, ਸੁਹਣੇ ਪ੍ਰਤੀ ਕਾਮਨਾ ਤੇ ਤਾਂਘ ਸੀ। ਲੋਕ ਗੀਤ ਸੰਪੂਰਨ ਸਾਹਿਤਕ, ਵਿਚਾਰਾਂ ਅੰਦਰ ਜਜ਼ਬਾਤੀ ਅਤੇ ਜ਼ਮਾਨੇ ਨਾਲ ਪੂਰਾ-ਮੇਲ ਖਾਂਦੇ ਸਨ। ਆਰਥਿਕਤਾ ਅੰਦਰ ਟੁੱਟਿਆ ਪੇਂਡੂ ਜੀਵਨ ਕਿਸੇ ਅਣਦਿਸਦੇ ਦੁਸ਼ਮਣ ਵਿਰੁਧ ਲੋਕ ਗੀਤਾਂ ਅੰਦਰ ਆਪਣੀ ਧੜਾਸ ਰੱਖਦਾ ਹੈ।
''ਮੰਦੇ ਪਿਆ ਪੁਰਾਣਾ ਕੱਪੜਾ, ਕੋਈ ਨਾ ਸੀਵੇ ਦਰਜੀ ਹੋ,
ਕੋਈ ਨਾ ਮਿਲਿਆ ਦਿਲ ਦਾ ਮਹਿਰਮ, ਜੋ ਮਿਲਿਆ ਅਲਗ਼ਰਜੀ ਹੋ !

**ਕੋਠੇ ਚੜ੍ਹ ਕੇ ਕੇਸ ਸੁਕਾਵਾਂ, ਰੋ ਰੋ ਚਿਠੀ ਵਾਚੀ ਹੋ,**
**ਹੱਥੋ ਫਰ ਫਰ ਕਾਗਜ਼ ਉਡਦੇ,**
**ਸੋਝੀ ਸੂਰਤ ਗੁਆਚੀ ਹੋ।''**
**ਪ੍ਰੇਮੀ ਦਾ ਵਿਛੋੜਾ, ਬੰਦਿਸ਼ਾਂ ਅਤੇ ਪੀੜਾਂ ਦੇ ਪ੍ਰਗਟਾਵੇਂ ਰਾਹੀ ਵਿਯੋਗੀ ਹਾਲਤ;**
**ਤੰਦ ਤੇਰਿਆ ਦੁੱਖਾਂ ਦਾ ਪਾਵਾਂ,**
**ਲੋਕਾਂ ਭਾਵੇ ਕੱਤਾਂ ਪੂਣੀਆਂ,**
**ਪੀੜਾ ਡਾਹੀਏ ਗੋਰੀਏ, ਵਿਹੜੇ ਬਹਿ ਜਾਈਏ**
**ਗੋਰੀਏ, ਦੋ ਦੀਆਂ ਚਾਰ ਸੁਣਾਈਏ।**

ਪੰਜਾਬ ਦੇ ਸਾਹਿਤਕ ਪਿੜ ਅੰਦਰ ਹੋਈ ਨਿਰੰਤਰ ਖੋਜ ਨੇ ਕਵਿਤਰੀਆਂ ਦੇ ਇਤਿਹਾਸ ਅੰਦਰ ਸ਼ਰੁਤੀ-ਸਿਮ੍ਰਤੀ ਭਾਵ ਕਿਸੇ ਰਚਨਾ ਨੂੰ ਸੁਣ ਕੇ ਕੰਠ ਕਰਨ ਦੀ ਰੀਤ ਦਾ ਅਤੇ ਕਾਗਜ਼ ਉਤੇ ਰਚਨਾ ਨੂੰ ਉਤਾਰ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਨਾਲ ਸ਼ੁਰੂਆਤ ਹੋਈ। ਇਸ ਤੋਂ ਪਹਿਲਾ 1526 ਤੋਂ 1658 ਤਕ ਬਾਬਰ ਤੋਂ ਸ਼ਾਹਜਹਾਨ ਦੇ ਕਾਲ ਅੰਦਰ ਹਿੰਦੂ ਰਿਆਇਆ ਨਾਲ ਕੁਝ ਨਰਮੀ ਵਾਲਾ ਰਵੱਈਆਂ ਅਪਣਾਉਣ ਕਾਰਨ ਪੰਜਾਬ ਅੰਦਰ ਸਾਹਿਤ ਅਤੇ ਹੋਰ ਹੁਨਰ ਪਨਪੇ। ਸੂਫ਼ੀ-ਸੰਤ ਸਾਹਿਤ, ਸਿੱਖ-ਗੁਰਬਾਣੀ, ਰਾਜ ਸਾਹਿਤ ਤੇ ਕਲਾ, ਲਿਖਣ ਕਲਾ, ਚਿੱਤਰਕਾਰੀ ਆਦਿ ਵੱਧੇ-ਫੁੱਲੇ। ਪਰ ਔਰੰਗਜ਼ੇਬ ਦੇ ਕਾਲ ਦੌਰਾਨ ਸਾਰੀਆਂ ਕਲਾਵਾਂ ਪਿਛੇ ਧੱਕੀਆਂ ਗਈਆਂ। ਫਿਰ ਵੀ ਭਗਤੀ ਕਾਵਿ ਜਿਸ ਦਾ ਸੰਬੰਧ ਇਤਿਹਾਸਕ/ਮਿਥਿਹਾਸਕ ਘਟਨਾਵਾਂ ਨਾਲ ਸੀ ਪੰਜਾਬੀ ਸਾਹਿਤ ਵਿੱਚ (ਮਧਕਲੀਨੀ) ਉਪਲੱਬਧ ਹੈ। ਸਾਧੂ-ਸੰਤਾਂ ਦਾ ਆਪਣੀਆਂ ਭਾਵਨਾਵਾਂ ਕਵਿਤਾਵਾਂ ਰਾਹੀ ਪ੍ਰਗਟ ਕਰਨ ਦੀ ਇਕ ਰੀਤ ਸੀ। ਇਸ ਪ੍ਰੰਪਰਾ ਅਧੀਨ ਡੇਰਿਆ, ਧਰਮਸ਼ਲਾਵਾਂ, ਮੱਠਾਂ ਅੰਦਰ ਸੰਤਾਂ-ਸੰਤਨੀਆਂ ਦੇ ਸ਼ਰਧਾਲੂ ਉਹਨਾਂ ਕਾਵਿ-ਰਚਨਾ ਨੂੰ ਬਾਣੀ ਮੰਨ ਕੇ ਸੰਭਾਲਦੇ ਸਨ। ਭਾਵੇ ਇਨ੍ਹਾਂ ਡੇਰਿਆਂ ਅੰਦਰ ਇਸਤਰੀਆਂ ਵਰਜਿਤ ਸਨ ਪਰ ਹੌਲੀ-ਹੌਲੀ ਉਹ ਵੀ ਇਹਨਾਂ ਡੇਰਿਆਂ ਦਾ ਇਕ ਹਿਸਾ ਬਣ ਗਈਆਂ। ਉਹਨਾਂ ਅੰਦਰ ਵੀ ਪੜ੍ਹਨ, ਲਿਖਣ ਅਤੇ ਕਾਵਿ ਰਚਨਾਂ ਦੀ ਕਿਰਤ ਦੀ ਲਗਨ ਵੀ ਪੈਦਾ ਹੋ ਗਈ।

ਸੰਤ-ਇਸਤਰੀ ਪੰਜਾਬੀ ਕਵਿਤਰੀਆਂ ਜਿਹਨਾਂ ਨੇ ਸਾਧ-ਭਾਸ਼ਾ ਵਿੱਚ ਪੰਜਾਬੀ ਸ਼ਬਦਾਂ ਦੇ ਛਿੱਟੇ ਖੁਲੇ ਦਿਲ ਨਾਲ ਮਾਰੇ। ਦੋ ਸਕੀਆਂ ਭੈਣਾਂ ਸੰਤ ਸਹਿਜੋ ਬਾਈ ਅਤੇ ਉਸ ਦੀ ਛੋਟੀ ਭੈਣ ਸੰਤ ਦਯਾ ਬਾਈ ਜੋ ਗੁਰੂ ਚਰਨਦਾਸ ਦੀਆਂ ਚੇਲੀਆ ਸਨ। ਸਹਿਜੋ ਦੀ ਰਚਨਾ 'ਚ :

**''ਸਭ ਪਰਬਤ ਸਿਆਹੀ ਨਹੂੰ,**
**ਘੋਲੂ ਸਮੁੰਦਰ ਜਾਇ।**
**ਧਰਤੀ ਕਾ ਕਾਗਦ ਕਰੂੰ,**
**ਗੁਰੂ ਅਸਤੁਤਿ ਨਾ ਸਮਾਇ।'**

ਸਹਿਜੋ ਦੀ ਛੋਟੀ ਭੈਣ, ਦਯਾ ਬਾਈ ਦੀ ਰਚਨਾ ਦੋ ਪੋਥੀਆ ਅੰਦਰ ਮਿਲਦੀ ਹੈ:

**''ਚਾਰ ਬੇਦ, ਛੇ ਸਾਸਤ੍ਰ ਹੈ; ਅਰ ਦਸ ਆਠ ਪੁਰਾਨ।**
**ਸਭ ਗ੍ਰੰਥਨ ਕੋ ਸੋਧਿ ਕੇ, ਕੀਨੋ ਬਿਨਯ ਬਖਾਨ।''**

ਗੁਲਾਬਦਾਸੀ ਪ੍ਰੰਪਰਾ ਅੰਦਰ ਸੰਤਨੀਆਂ ਬਣਨ ਵਾਲੀਆਂ ਨੁਰੰਗੀ ਦੇਵੀ, ਪੀਰੋ ਪ੍ਰੇਮਣ ਅਤੇ ਕਈ ਹੋਰ ਵੀ ਸੰਤ-ਨੀਆਂ ਸਨ। ਨੁਰੰਗੀ ਦੇਵੀ ਦੇ ਕਰੀਬ ਦਸ ਹਥ ਲਿਖਤ ਖਰੜੇ ਹਨ। ਕਿਉਂਕਿ ਗੁਲਾਬ ਦਾਸੀ ਪ੍ਰੰਪਰਾ ਕੁਝ ਉਦਾਰਵਾਦੀ ਸੀ, ਉਹਨਾਂ ਦੇ ਦੁਆਰ ਅੰਦਰ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਖੁਲ੍ਹ ਸੀ। ਗੁਲਾਬਦਾਸੀ ਕਵਿਤਰੀ ਵੱਜੋ ਪਹਿਲਾਂ-ਪਹਿਲ ਪੀਰੋ ਪ੍ਰੇਮਣ ਉਜਾਗਰ ਹੋਈ। ਸਹਿਜੋ ਸੰਤਣੀ 80 ਸਾਲ ਦੀ ਉਮਰ ਭੋਗ ਕੇ 1805 ਈ. ਨੂੰ ਹੋਈ ਸੀ। ਸਹਿਜੋ ਬਾਈ ਦੇ ਕਾਵਿ ਅੰਦਰ ਸੋਚ ਦਾ ਕੇਂਦਰ ਗੁਰੂ ਹੈ ਤੇ ਉਹ ਹੀ ਉਸ ਦੀ ਮੰਜ਼ਿਲ ਹੈ। ਉਹ ਸਾਫ਼ ਕਹਿੰਦੀ ਹੈ ਕਿ ਮੈਂ ਰਾਮ ਨੂੰ ਤਜ ਸਕਦੀ ਹਾਂ ਗੁਰੂ ਨੂੰ ਨਹੀਂ।

**ਜੋਗੀ ਪਾਵੇ ਜੋਗ ਸੂ, ਗਿਆਨੀ ਲਹੈ ਵਿਚਾਰ।**
**ਸਹਜੋ ਪਾਵੇ ਭਗਤੀ ਸੂੰ, ਜਾਕੇ ਪ੍ਰੇਮ ਅਧਾਰ।**

ਜਦੋਂ ਗੁਲਾਬਦਾਸੀ ਕਵਿਤਰੀ ਵੱਜੋ ਪੀਰੋ ਪ੍ਰੇਮਣ ਉਜਾਗਰ ਹੋਈ ਤਾਂ ਛੇਤੀ ਹੀ ਇਕ ਹੋਰ ਗੁਲਾਬਦਾਸੀ ਕਵਿਤਰੀ ਨੁਰੰਗੀ ਦੇਵੀ ਪ੍ਰਗਟ ਹੋ ਗਈ ਜੋ ਪੀਰੋ ਤੋਂ ਦਸ-ਸਾਲ ਵੱਡੀ ਸੀ। ਨੁਰੰਗੀ ਦੇਵੀ ਵੀ ਪੀਰੋ ਵਾਂਗ ਜਾਤਾਂ ਤੇ ਧਰਮਾਂ ਦੀ ਕਥਿਤ ਲੱਜਾ 'ਚ ਨਿਕਲ ਕੇ ਸਵੈਮਾਣ ਮਹਿਸੂਸਦੀ ਹੈ;

**ਲਾਮ ਲੱਜਿਆ ਛੱਡ ਨਿਰਲੱਜ ਹੋਏ,**
**ਬਰਨ ਆਸ਼ਮ ਕਾ ਪਿੰਜਰਾ ਛੋੜ ਕੇ ਜੀ।**

ਸਾਰ-ਤੱਤ ਦੇ ਪੱਖੋ ਪੀਰੋ ਦੀ ਕਵਿਤਾ ਨੁਰੰਗੀ ਦੇਵੀ ਨਾਲੋ ਪਰਤੱਖ ਵੱਖਰੀ ਹੈ। ਪੀਰੋ ਨੇ ਆਪਣੇ ਜੀਵਨ ਅੰਦਰ ਮਾਨਸਿਕ, ਬਗਾਵਤੀ ਸੁਭਾਅ ਤੇ ਸੰਤ ਗ਼ੁਲਾਬ ਦਾਸ ਦੀ ਓਟ ਲੈ ਕੇ ਜੀਵਨ 'ਚ ਅਪਮਾਨ ਨੂੰ ਧੋ-ਪੂੰਝ ਕੇ ਸਵੈਮਾਨੀ ਜੀਵਨ ਜੀਵਿਆ। ਪੰਜਾਬੀ ਕਵੀ ਮਹਿਮੂਦ ਆਵਾਨ ਦੇ ਕਥਿਨ ਅਨੁਸਾਰ ਪੀਰੋ ਤੋਂ ਪਹਿਲਾ ਦਾ ਦਾਈ ਖ਼ਫਲ ਖ਼ਾਤੂਨ ਹਿਫ਼ਜਾਨੀ ਬਲੋਚ ਦੀ ਭੈਣ ਜੀਵਨ ਖ਼ਾਤੂਨ ਜਿਨਾਂ ਨੇ ਧਾਰਮਿਕ ਰੰਗ ਦੀਆਂ ਕਵਿਤਾਵਾਂ ਦੀ ਥਾਂ ਪ੍ਰੇਮ ਰੰਗ ਨੂੰ ਪਹਿਲ ਦਿਤੀ। ਇਸ ਤੋਂ ਬਿਨਾਂ ਪੀਰੋ ਤੋਂ ਚਲ ਕੇ ਬਿਲਕੀਸ ਅਖਤਰ ਰਾਣੀ, ਇਮਾਮ ਬੀਬੀ ਤੇ ਜ਼ੀਨਤ ਕਵਿਤਰੀਆਂ ਵੀ ਹੋਈਆਂ ਹਨ (ਮਹਿਮੂਦ ਆਵਾਨ)। ਇਸ ਪਰਾਗੇ ਵਿੱਚੋ ਸਭ ਤੋਂ ਮਹੱਤਵਪੂਰਨ ਕਵਿਤਰੀ ਜ਼ੀਨਤ ਸੀ ਜਿਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਬਸਤੀਵਾਦੀਆ ਦੀ ਭਰਤੀ ਦਾ ਵਿਰੋਧ ਕੀਤਾ ਸੀ।

ਨੁਰੰਗੀ ਤੇ ਪੀਰੋ ਕਵਿਤਰੀਆ ਦੇ ਦੌਰ ਤੋਂ ਬਾਦ ਹਰਨਾਮ ਕੌਰ ਨਾਭਾ ਦਾ ਸਮਾਂ ਆਉਂਦਾ ਹੈ। ਹਰਨਾਮ ਕੌਰ ਨਾਭਾ ਦੇ ਇਕ ਦਹਾਕੇ ਅੱਗੇ-ਪਿਛੇ ਹੋਰ ਕਈ ਸਮਕਾਲੀ ਕਵਿਤਰੀਆਂ ਦਾ ਜ਼ਿਕਰ ਆਉਂਦਾ ਹੈ (ਮਹਿਮੂਦ ਆਵਾਨ)। ਜਿਹਨਾਂ ਵਿੱਚ ਬੀਬੀ ਮਖ਼ਫੀ (1872), ਹਾਜਨ ਨੂਰ ਬੇਗਮ, ਕਰਮ ਬੀਬੀ ਅਜੀਜ਼, ਫਜ਼ਲ ਨੂਰ, ਹਾਕਿਮ ਬੀਬੀ ਅਤੇ ਆਜ਼ਾਦੀ ਸੰਗਰਾਮਣ ਸਲਾਮ ਤਸੱਦੁਕ ਹੁਸੈਨ (1908) ਤੇ ਹੋਰ ਕਈ ਕਵਿਤਰੀਆਂ ਵੀ ਸਨ। 19-ਵੀਂ ਸਦੀ ਦੇ ਅੱਧ ਵਿੱਚ ਹੋਰ ਕਈ ਕਵਿੱਤਰੀਆਂ ਜਿਵੇਂ ਮਾਈ ਭਗਵਾਨ ਕੌਰ, ਜੈ ਦੇਵੀ, ਬੀਬੀ ਰਾਧੀ, ਚੇਤ ਕੌਰ, ਬੀਬੀ ਕਰਮੀ ਦੇਵੀ, ਆਇਸ਼ਾ, ਹਾਜ਼ਿਕਾ ਫਾਤਮਾ ਆਰਫ਼ਾ, ਮਰੀਅਮ ਬੇਗਮ, ਮਾਤਾ ਜੀਓ (ਜੀਵੀ), ਮਾਤਾ ਜਮਨਾ ਦੇਵੀ, ਸਾਹਿਬ ਦੇਵੀ ਅਰੋੜੀ। ਜਿਨਾਂ ਨੂੰ ਬੀਬੀ ਹਰਨਾਮ ਕੌਰ ਨਾਭਾ (1896-1976) ਤੋਂ ਅੰਮ੍ਰਿਤਾ ਪ੍ਰੀਤਮ ਤਕ ਪੰਜਾਬੀ ਅੰਦਰ ਕਾਵਿਕ, ਸਾਹਿਤਕ ਅਤੇ ਸਮਾਜ ਅੰਦਰ ਹੋ ਰਹੇ ਸਮਾਜਕ ਤੇ ਆਰਥਕ ਪ੍ਰੀਵਰਤਨਾਂ ਦੇ ਪ੍ਰਭਾਵ ਨੇ ਪੰਜਾਬੀ ਕਵਿਤਰੀਆ ਨੂੰ ਖੁਲ੍ਹ ਕੇ ਲਿਖਣ ਦੀਆਂ ਸੰਭਾਵਨਾਵਾਂ ਨੂੰ ਪੂਰਾ ਮੌਕਾ ਦਿੱਤਾ। ਉਹਨਾਂ ਦੀਆਂ ਕਵਿਤਾਵਾਂ ਜਾਂ ਤਾਂ ਭਾਵੇ ਅਭਿਲਾਸ਼ੀ ਕਿਸਮ ਦੀਆਂ ਸਨ, ਧਾਰਮਿਕ ਤੇ ਇਤਿਹਾਸਕ ਵੰਨਗੀ ਵਾਲੀਆਂ, ਸਭ ਨੇ ਪੰਜਾਬੀ ਸਾਹਿਤ ਦੇ ਪਾਸਾਰ ਤੇ ਪ੍ਰਚਾਰ 'ਚ ਯੋਗਦਾਨ ਪਾਇਆ ਹੈ। ਇਸਤਰੀ ਕਵਿਰਤੀਆਂ ਦੀਆਂ ਰਚਨਾਵਾਂ ਨੇ ਮਰਦ ਪ੍ਰਧਾਨ ਮਾਨਸਿਕਤਾ ਦੇ ਕੜ ਨੂੰ ਤੋੜ ਕੇ, ਇਸਤਰੀ ਕਾਵਿ ਨੂੰ ਮਰਦ-ਪ੍ਰਧਾਨ ਪਰੰਪਰਾ ਅਤੇ ਮਰਦ ਵਿਰੋਧੀ ਨਾਰੀਵਾਦੀ ਸੋਚ ਤੋਂ ਵੀ ਮੁਕਤ ਕਰਾ ਕੇ ਸਮੁੱਚੀ ਕਿਰਤੀ-ਜਮਾਤ ਦੀ ਮੁਕਤੀ ਵਾਲੇ ਕਾਵਿ ਮੰਚ ਤੇ ਬੈਠਾ ਦਿੱਤਾ।

ਕਵਿਤਰੀ ਅਰਤਿੰਦਰ ਸੰਧੂ ਨੇ ਆਪਣੇ ਤਿਮਾਹੀ-ਮਾਸਕ ਸਾਹਿਤਕ ਏਕਮ ਦੇ ਮਹੀਨਾ ਅਪ੍ਰੈਲ-ਜੂਨ-2018 ਦੇ ਅੰਕ, 'ਨਾਰੀ ਕਾਵਿ ਵਿਸ਼ੇਸ਼ ਅੰਕ'' ਅੰਦਰ 98-ਕਵਿਤਰੀਆਂ ਦੀਆ ਪੰਜਾਬੀ ਬੋਲੀ ਅੰਦਰ ਰਚਨਾ ਕਰਨ ਵਾਲੀਆਂ ਕਵਿਤਰੀਆਂ ਸੰਬੰਧੀ ਜਾਣਕਾਰੀ ਉਪਲੱਬਧ ਕਰਾਈ ਹੈ। ਪੰਜਾਬ ਦੋ ਕਵਿਤਰੀਆਂ ਪਹਿਲੀ ਅੰਮ੍ਰਿਤਾ -ਪ੍ਰੀਤਮ ਅਤੇ ਦੂਸਰੀ ਪ੍ਰਭਜੋਤ ਕੌਰ ਸੀ, ਜਿਨਾਂ ਦਾ ਸਾਂਢਾ-ਗਾਂਢਾ ਸਥਾਪਤੀ ਨਾਲ ਸੀ, ਚਰਚਿਤ ਲੇਖਕਾਵਾਂ ਸਨ। ਅੱਜ ਦੇ ਪੰਜਾਬ ਦੇ ਸਾਹਿਤਕ ਪਿੜ ਅੰਦਰ ਕਵਿਤਰੀਆਂ ਵੱਜੋ ਸ਼ਰਨ ਮੱਕੜ, ਮਨਜੀਤ ਟਿਵਾਣਾ, ਕੁਲਦੀਪ ਕਲਪਨਾ, ਮਹਿੰਦਰ ਕੌਰ ਗਿਲ, ਮਨਜੀਤ ਪਾਲ ਕੌਰ, ਕੁਲਦੀਪ ਗਿਲ ਆਦਿ ਦੇ ਨਾਂ ਵਰਣਨ ਹਨ। ਇਸ ਤੋਂ ਬਿਨਾਂ ਕਈ ਦਰਜਨ ਕਵਿਤਰੀਆਂ ਹਨ ਜਿਨ੍ਹਾਂ ਦੀ ਕਲਮ ਨੇ ਖ਼ੂਬਸੂਰਤ ਕਾਵਿ ਰਚਨਾਵਾਂ ਰਾਹੀ ਮਾਂ ਬੋਲੀ ਨੂੰ ਨਿਖਾਰਿਆ ਤੇ ਸਾਹਿਤਕ ਪੱਖੋ ਅਮੀਰ ਬਣਾਇਆ।

ਭਾਵੇਂ ਪੰਜਾਬੀ ਸਾਹਿਤ ਅੰਦਰ ਇਸਤਰੀ ਕਵਿਤਰੀਆਂ ਲਈ ਪੰਜਾਬੀ ਕਾਵਿ ਸਾਹਿਤਕ ਦੀ ਚੜ੍ਹਾਈ ਬੜੀ ਮੁਸ਼ਕਲ ਸੀ। ਉਹਨਾਂ ਨੂੰ ਕਈ ਫਰੰਟਾਂ 'ਤੇ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈਂਦਾ ਸੀ। ਸਦੀਆਂ ਤੋਂ ਅਣਗੋਲੀ ਤੇ ਜਿਨਸੀ ਦਮਨ ਦੀਆਂ ਜੰਜੀਰਾਂ 'ਚ ਬੱਝੀ, ਫਿਰ ਵੀ ਉਸ ਦੀ ਪੇਸ਼ ਕਦਮੀ ਇਕ ਸ਼ਲਾਘਾਯੋਗ ਪ੍ਰਾਪਤੀ ਹੈ। ਜਿਉਂ-ਜਿਉਂ ਆਰਥਿਕ ਆਜਾਦੀ ਲਈ ਉਸ ਦਾ ਦਰਵਾਜਾ ਖੁਲ੍ਹਦਾ ਰਿਹਾ, ਉਹ ਸੁਤੰਤਰ ਭੂਮਿਕਾ ਨਿਭਾਉਂਦੀ ਗਈ। ਅੱਜ ਜਿਸ ਉਚਾਈ 'ਤੇ ਉਹ ਪੁੱਜ ਗਈ ਹੈ ਅਜੇ ਵੀ ਅੱਗੋ ਵੱਧਣ ਲਈ ਉਸ ਦੀ ਸੁਤੰਤਰ ਭੂਮਿਕਾ ਲਈ ਜਮਹੂਰੀ ਰਾਹ ਅਤੇ ਅੰਦੋਲਨ ਜਰੂਰੀ ਹੈ। ਸਾਹਿਤ ਦਾ ਅਕੀਦਾ ਭਾਵੇਂ ਕਿਸੇ ਵੀ ਸੇਧ ਵਾਲਾ ਹੋਵੇ, ਜਿਹੜਾ ਭੂਤ ਤੋਂ ਸਿਖਣ ਵਾਲਾ, ਵਰਤਮਾਨ ਉਸ ਨੂ ਨੂੰਕਣੀ ਬਣਾਏ ਅਤੇ ਭਵਿੱਖ ਨੂੰ ਸੁਚੇਤ ਕਰਨ ਵਾਲਾ ਹੋਣਾ ਚਾਹੀਦਾ ਹੈ। ਜਦੋਂ ਉਸ ਦਾ ਕਾਵਿਕ ਸਾਹਿਤ ਲੋਕ ਪੱਖੀ, ਜਨ ਸਾਹਿਤ, ਕਿਰਤ ਦੀ ਕਦਰ ਕਰਨ, ਕਿਰਤ ਨੂੰ ਜੋੜਨ ਵਾਲਾ, ਧਰਮ ਨਿਰਪੱਖ ਤੇ ਸ਼ੋਸ਼ਣ ਵਿਰੁੱਧ ਹੋਵੇਗਾ, ਉਹ ਪੰਜਾਬੀ ਕਾਵਿ ਸਾਹਿਤ ਜਨ-ਸਾਹਿਤ ਦਾ ਕੁਦਰਤੀ ਰੁਤਬਾ ਵੀ ਪ੍ਰਾਪਤ ਕਰ ਲਵੇਗਾ !

**ਹਵਾਲਾ: ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਜਾਬੀ ਸਾਹਿਤ ਦਾ ਇਤਿਹਾਸ, ਕਲਮ-ਸਿਆਹੀ)**

# ਮੈਂ ਇਹ ਕਦ ਕਿਹਾ

ਮੈਂ ਇਹ ਕਦ ਕਿਹਾ
ਕਿ ਤੁਸੀਂ ਕਰੋ ਨਾ
ਬੁੱਤਾਂ ਦੀ ਪੂਜਾ।
ਮੈਂ ਤਾਂ ਸਿਰਫ ਏਨਾ ਕਿਹਾ
ਕਿ ਪਲ ਦੀ ਪਲ ਇਹ ਸੋਚੋ
ਕਿ ਜਿਨ੍ਹਾਂ ਦੇ ਬੁੱਤਾਂ ਦੀ
ਤੁਸੀਂ ਕਰਦੇ ਹੋ ਪੂਜਾ,
ਉਨ੍ਹਾਂ ਨੇ ਆਪਣੇ
ਇਨਸਾਨੀ ਜਾਮੇ 'ਚ
ਤੁਹਾਡੇ ਪੂਰਵਜਾਂ ਲਈ
ਜਾਂ ਤੁਹਾਡੇ ਲਈ
ਕੀ ਕੁੱਝ ਕੀਤਾ ਹੈ,
ਜੇ ਕੁੱਝ ਨਹੀਂ ਕੀਤਾ,
ਤਾਂ ਫਿਰ ਉਨ੍ਹਾਂ ਦੇ ਬੁੱਤਾਂ ਨੂੰ
ਆਪਣੇ ਘਰਾਂ ਚੋਂ
ਤੇ ਆਪਣੇ ਦਿਲਾਂ ਚੋਂ ਕੱਢ ਦਿਉ
ਤੇ ਉਨ੍ਹਾਂ ਦਾ ਸਤਿਕਾਰ ਕਰੋ
ਜੋ ਤੁਹਾਡੇ ਲਈ
ਆਪਣਾ ਤਨ, ਮਨ, ਧਨ
ਵਾਰ ਰਹੇ ਨੇ
ਜਾਂ ਵਾਰਨ ਨੂੰ ਤਿਆਰ ਨੇ।



– ਮਹਿੰਦਰ ਸਿੰਘ ਮਾਨ
9915803554

# ਸਤਿਗੁਰੂ ਨਾਮਦੇਵ ਜੀ

ਸੱਤ ਸੌ ਬਵੰਜਾ ਸਾਲ ਪਹਿਲਾ,
ਲੱਗਗੇ ਨਰਸੀ ਨੂੰ ਸੀ ਭਾਗ ਭਾਈ

ਗੋਨਾਂਬਾਈ ਦੀ ਕੁੱਖੋ ਦਾਮਸ਼ੇਟ ਦੇ ਘਰ
ਗੂੰਜੀ ਰੱਬ ਨਾਲ ਜੁੜੀ ਅਵਾਜ ਭਾਈ

ਨਿੱਕੀ ਉਮਰ ਚੋ ਕੀਤੇ ਮਹਾਨ ਕੌਤਕ
ਰੱਖੀ ਵੱਡਿਆ ਦੀ ਸੀ ਲਾਜ ਭਾਈ

ਛੋਟੇ ਹੁੰਦਿਆ ਤੋ ਲੈ ਕੇ ਗੁਰਬਾਣੀ ਦਾ
ਵੱਜਿਆ ਦਿਲ ਦੇ ਵਿੱਚ ਸੀ ਸਾਜ ਭਾਈ

ਨਾਮਦੇਵ ਸੀ ਰੱਖਿਆ ਨਾਮ ਉਸਦਾ
ਛੋਟੇ ਹੁੰਦਿਆ ਈ ਨਾਮ ਧਿਆਉਣ ਲੱਗਾ

ਲਿਵ ਜੋੜ ਲਈ ਰੱਬ ਦੇ ਨਾਲ ਉਹਨੇ
ਲਿਖ ਲਿਖ ਫੱਟੀ ਤੇ, ਪੂਰਨੇ ਪਾਉਣ ਲੱਗਾ

ਦੁੱਧ ਲੈ ਕੇ ਮੰਦਰ ਚੋ ਆਣ ਬੈਠਾ
ਹੱਥ ਜੋੜ ਫਿਰ ਬਿਠਲ ਮਨਾਉਣ ਲੱਗਾ

ਭੋਗ ਲਾਉਣ ਲਈ ਕਰਕੇ ਜਿਦ ਬੈਠਾ
ਧੱਕੇ ਨਾਲ ਸੀ ਦੁੱਧ ਪਿਆਉਣ ਲੱਗਾ

ਯਾਰੀ ਪਾ ਲਈ ਨਾਲ ਪਰਮਾਤਮਾ ਦੇ
ਲਾ ਕੇ ਭੋਗ ਤੇ ਰੱਬ ਨੂੰ ਪਾ ਲਿਆ ਸੀ

ਪਾ ਵਾਸਤੇ ਬਿਠਲ ਦੀ ਮੂਰਤੀ ਨੂੰ
ਵਿਚੋ ਕੱਢ ਰੱਬ ਕੋਲ ਬਿਠਾ ਲਿਆ ਸੀ

ਤਾਕਤ ਬਖਸ਼ੀ ਰੱਬ ਨੇ ਭਗਤ ਜੀ ਨੂੰ
ਮੰਦਰ ਸਾਰੇ ਦਾ ਸਾਰਾ ਘੁੰਮਾ ਲਿਆ ਸੀ

ਭੁੱਲੇ ਪੰਡਤ ਫੇਰ ਆਣ ਕੇ ਪਏ ਪੈਰੀ
ਆਦਰ ਨਾਲ ਉਨਾਂ ਅੰਦਰ ਬਿਠਾ ਲਿਆ ਸੀ

ਨਾਲੇ ਕੰਮ ਕਰਨਾ ਤੇ ਨਾਲੇ ਨਾਮ ਜਪਨਾ
ਅੰਤਰ ਧਿਆਨ ਹੋ ਬਾਣੀ ਸੀ ਗਾਈ ਬਾਬੇ

ਦੱਬੇ ਕੁਚਲੇ ਲੋਕਾਂ ਦੀ ਗੱਲ ਕੀਤੀ
ਹੱਕ ਸੱਚ ਲਈ ਅਵਾਜ ਲਗਾਈ ਬਾਬੇ

ਛੰਨਾ ਬੰਨੀਆਂ ਆਪ ਪ੍ਰਮਾਤਮਾ ਨੇ
ਐਸੀ ਪ੍ਰੀਤ ਫੇਰ ਰੱਬ ਨਾਲ ਪਾਈ ਬਾਬੇ

ਦੋਸਤ ਸਮਝ ਕੇ ਰੱਬ ਨੂੰ ਅਵਾਜ ਮਾਰੀ
ਤੇ ਮਰੀ ਗਾਂ ਵੀ ਜਿੰਦਾਂ ਕਰਾਈ ਬਾਬੇ

ਗੁਰੂ ਗ੍ਰੰਥ ਵਿੱਚ ਬਾਣੀ ਦਰਜ ਹੋਈ
ਬੜੀ ਮਹਿਮਾ ਅੰਪਰ ਅੰਪਾਰ ਦੀ ਏ

ਬਾਣੀ ਪੜਿਆ ਸਵਰਗ ਦਾ ਆਏ ਝੂਟਾ
ਦੀਨ ਦੁਖੀਆਂ ਨੂੰ ਜਿਹੜੀ ਤਾਰ ਦੀ ਏ

ਦੁਖ ਦਲਿੱਦਰ ਨੇ ਸਾਰੇ ਦੂਰ ਹੁੰਦੇ
ਹਰ ਇਕ ਦਾ ਸੀਨਾ ਠਾਰਦੀ ਏ

ਹੱਥ ਜੋੜ ਕੇ ਬੰਦਾਨਾ ਨਾਮਦੇਵ ਜੀ ਨੂੰ
ਤੇ ਕਲਮ ਮੇਰੀ ਵੀ ਪਈ ਸਤਿਕਾਰ ਦੀ ਏ

ਦਰਸ਼ਨ ਬਹੱਤਰ ਵਾਰ ਨਹੀ ਸਦਾ ਹੋਏ
ਗੱਲ ਨਵੀ ਹੈ ਆਖ ਸੁਣਾਈ ਬੂਟੇ

ਕੋਈ ਗਿਣਤੀ ਮਿਣਤੀ ਨਹੀ ਸੀ ਜੀ
ਇਹ ਤਾ ਆਪਾ ਹੀ ਗੱਲ ਬਣਾਈ ਬੂਟੇ

ਤਿੰਨ ਵਾਰ ਮੈ ਨਰਸੀ ਆਪ ਜਾ ਕੇ
ਕਿਤਾਬ ਲਿਖਣ ਲਈ ਕਲਮ ਚਲਾਈ ਬੂਟੇ

ਗੁਲਾਮੀਵਾਲਿਆ ਸਮੂਹ ਸੰਗਤਾਂ ਨੂੰ
ਜਨਮ ਦਿਵਸ ਦੀ ਲੱਖ ਲੱਖ ਵਧਾਈ ਬੂਟੇ

– ਬੂਟਾ ਗੁਲਾਮੀ ਵਾਲਾ

# ਸ੍ਰੀ ਗੁਰੂ ਨਾਨਕ ਦੇਵ ਜੀ

ਹਨੇਰੇ ਦੂਰ ਭਜਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਸੁੱਤੇ ਲੋਕ ਜਗਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਵਹਿਮਾਂ ਭਰਮਾਂ ਦੇ ਵਿਚ ਪੈ ਕੇ, ਲੋਕੀ ਸੀ ਜੋ ਭੁੱਲੇ,
ਸੱਚ ਦਾ ਰਾਹ ਵਖਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਕਿਰਤ ਕਰਨ ਤੇ ਵੰਡ ਛਕਣ ਦਾ,ਅਦੇਸ਼ ਉਨਾਂ ਨੇ ਦਿੱਤਾ,
ਹੱਥੀਂ ਹਲ ਚਲਾਵਣ ਦੇ ਲਈ ਆਇਆ ਸੀ ਗੁਰੂ ਨਾਨਕ
ਭੋਲੇ ਲੋਕਾ ਨੂੰ ਸੀ ਲੁਟਦੇ, ਜੋ ਸੱਜਣ ਠੱਗ ਵਰਗੇ,
ਸਿੱਧੇ ਰਸਤੇ ਪਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਵੀਹ ਰੁਪਏ ਉਨਾਂ ਭੁੱਖੇ ਸਾਧੂਆਂ ਨੂੰ ਖਵਾਏ,
ਲੰਗਰ ਆਪ ਚਲਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਪੈਸੇ ਖਾਤਰ ਜਿਹੜੇ ਸੀਗੇ, ਗਲਤ ਪੜਾਉਂਦੇ ਪਾਡੇ,
ਉਨਾਂ ਤਾਈ ਪੜਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਮਰਦਾਨੇ ਨੂੰ ਨਾਲ ਰਲਾਇਆ ਸੀ ਜੋ ਡੂਮ ਮਰਾਸ਼ੀ,
ਜਾਤ ਦਾ ਭੇਤ ਮਿਟਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਦੁਨੀਆਂ ਦੇ ਵਿਚ ਫੈਲ ਚੁੱਕੀ ਸੀ, ਝੂਠਿਆਂ ਦੀ ਵਡਿਆਈ,
ਸੱਚ ਦਾ ਹੋਕਾ ਲਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਨਨਕਾਣੇ ਦੀ ਧਰਤੀ ਉੱਤੇ ਐਸਾ ਸੂਰਜ ਚੜਿਆ,
ਸਭ ਜਗ ਨੂੰ ਰੁਸ਼ਨਾਵਣ ਦੇ ਲਈ, ਆਇਆ ਸੀ ਗੁਰੂ ਨਾਨਕ
ਗੁਲਾਮੀ ਵਾਲਿਆ ਦੁਨੀਆਂ ਉਨਾਂ ਸਿੱਧੇ ਰਸਤੇ ਪਾਈ,
ਗੁਰਬਾਣੀ ਤਾਈਂ ਪੜਾਵਣ ਦੇ ਲਈ, ਆਇਆ ਸੀ ਗੁਰੂ ਨਾਨਕ



– ਬੂਟਾ ਗੁਲਾਮੀ ਵਾਲਾ
94171 97395

# ਪ੍ਰਸਿੱਧ ਕਬੱਡੀ ਕੁਮੈਂਟੇਟਰ ਬੀਰਾ ਰੈਲ ਮਾਜਰਾ ਨੂੰ ਸਦਮਾ, ਵੱਡੀ ਭੈਣ ਦਾ ਦਿਹਾਂਤ

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਮਾ ਖੇਡ ਕਬੱਡੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਦੋਆਬੇ ਦੇ ਪ੍ਰਸਿੱਧ ਕਬੱਡੀ ਕੁਮੈਂਟੇਟਰ ਬੀਰਾ ਰੈਲ ਮਾਜਰਾ ਜੀ ਨੂੰ ਉਸ ਵੇਲੇ ਭਾਰੀ ਸਦਮਾ ਲੱਗਿਆ ਜਦੋਂ ਉਹਨਾਂ ਦੇ ਵੱਡੀ ਭੈਣ ਜੀ ਊਸ਼ਾ ਰਾਣੀ ਪਤਨੀ ਪ੍ਰੇਮ ਚੰਦ ਬਾਠ, ਵਾਸੀ ਨੀਲੋਵਾੜੇ ਰੱਤੇਵਾਲ ਬਿਮਾਰ ਰਹਿਣ ਉਪਰੰਤ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।



ਕਬੱਡੀ ਕੁਮੈਂਟੇਟਰ ਬੀਰਾ ਰੈਲ ਮਾਜਰਾ ਜੀ ਨਾਲ ਇਸ ਦੁੱਖ ਦੀ ਘੜੀ ਵਿੱਚ ਕਬੱਡੀ ਕੁਮੈਂਟੇਟਰ ਉਸਤਾਦ ਮਨਜੀਤ ਸਿੰਘ ਕੰਗ ਇੰਟਰਨੈਸ਼ਨਲ ਕਬੱਡੀ ਕੋਚ ਦਵਿੰਦਰ ਸਿੰਘ ਚਮਕੌਰ ਸਾਹਿਬ ਕਬੱਡੀ ਪ੍ਰਮੋਟਰ ਸੁਰਜੀਤ ਸਿੰਘ ਖੰਡੂਪੁਰ ਇੰਗਲੈਂਡ ਕਬੱਡੀ ਲਿਖਾਰੀ ਕੁਲਵਿੰਦਰ ਬਿੰਗ ਕਨੇਡਾ ਕਬੱਡੀ ਪ੍ਰਮੋਟਰ ਅਵਤਾਰ ਪੋਜੇਵਾਲ ਗੱਗੀ ਲਾਲਬਾਈ ਮੋਹਣੀ ਸਰਪੰਚ ਅਮਨ ਕੁੱਲੇਵਾਲੀਆ ਗੀਤਕਾਰ ਰਾਜੂ ਨਾਹਰ, ਹਿੰਦਾ ਪ੍ਰਧਾਨ ਸੇਠੀ ਰੱਤੇਵਾਲ ਅਸਟ੍ਰੇਲੀਆ ਕਬੱਡੀ ਪ੍ਰਮੋਟਰ ਓਮੀ ਸਿੰਘਪੁਰ ਰਿਸ਼ੀ ਫਤਿਹਪੁਰ ਮਲੇਸੀਆ ਜੱਸੀ ਜੰਡੀ ਬਹਿਰੀਨ ਰਾਜ ਬਾਗੋਵਾਲ ਇੰਟਰਨੈਸ਼ਨਲ ਕਬੱਡੀ ਕੁਮੈਂਟੇਟਰ ਸੁਰਜੀਤ ਸਿੰਘ ਕਕਰਾਲੀ ਸੰਧੂ ਬਰਦਰਜ, ਬਿੱਟੂ ਹੱਕਲਾ, ਰਾਜਨ ਕਟਵਾਰਾ, ਤੇਲੂ ਭੱਟੀ, ਗੁਰਮੱਖ ਢੋਡੇਮਾਜਰਾ, ਕਬੱਡੀ ਪ੍ਰਮੋਟਰ ਚਮਕੀਲਾ ਆਸਟਰੀਆ ਕਬੱਡੀ ਕੋਚ ਕੇ। ਐਸ ਨਿਨੀ ਸਮਰਾਲਾ, ਚੰਚਲ ਸਿੰਘ ਸਜਾਵਲਪੁਰ, ਮਨਜੀਤ ਸਿੰਘ ਭੂਟੀ, ਰਣਜੀਤ ਸਿੰਘ ਸ਼ਾਤਪੁਰ, ਸੁਰੇਸ਼ ਬਲਵੇੜਾ ਹਰਿਆਣਾ, ਸੇਠੀ ਦੁਸਾਰਨਾ, ਪਰਦੀਪ ਰੌਲੂਮਾਜਰਾ ਸਤਨਾਮ ਯੈਗੋ, ਰਾਜੇਸ਼ ਧੀਮਾਨ, ਹਰਦੀਪ ਸਿਆਣ, ਜਸਵੰਤ ਸਿੰਘ ਜੱਬੋਵਾਲ ਆਸਟਰੇਲੀਆ, ਪੰਮਾ ਕਾਈਨੌਰ ਪੰਜਾਬੀ ਲਾਇਵ ਟੀਵੀ ਜਗਤਾਰ ਕਟਵਾਰਾ ਇੰਗਲੈਂਡ, ਮੋਹਣਾ ਇਟਲੀ, ਹਰਨੇਕ ਸਿੰਘ ਥਿਆੜਾ, ਸੁਰਜੀਤ ਸਿੰਘ ਦੁਭਾਲੀ, ਬਲਦੇਵ ਰਾਜ ਬਾਠ, ਦਰਸ਼ਨ ਮਹੰਤ, ਨਿਰਮਲ ਜੰਡੀ, ਜਗਤਾਰ ਸਿੰਘ ਪ੍ਰਧਾਨ ਸੁੱਖਾ ਪੰਡੋਰੀ ਪੀ ਪੀ ਕਾਕੂ ਕਟਵਾਰਾ ਪੀ ਪੀ ਰਾਮ ਸਰਪੰਚ ਪੰਡੋਰੀ ਜਸਵੀਰ ਸਿੰਘ ਡੀ ਪੀ ਬਲਦੇਵ ਡੀ ਪੀ ਮਾਰਸ਼ਲ ਗੁੱਜਰ ਡੀ ਪੀ ਆਦਿ ਸਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ 6 ਨਵੰਬਰ ਨੂੰ ਕਰਵਾਉਣ ਦਾ ਫ਼ੈਸਲਾ

**ਮਾਹਿਲਪੁਰ–** ਸੁਰ ਸੰਗਮ ਵਿੱਦਿਅਕ ਟਰੱਸਟ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਬੱਚਿਆਂ ਦੀ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਪੰਜਾਬੀ ਭਾਸ਼ਾ ਸਪਤਾਹ ਮੌਕੇ ਛੇਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਸਾਹਿਤ ਸਿਰਜਣਾ ਮੁਕਾਬਲੇ 6 ਨਵੰਬਰ ਨੂੰ ਕਰਵਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਇਕ ਸਕੂਲ ਦੇ ਤਿੰਨ ਵਿਦਿਆਰਥੀ ਭਾਗ ਲੈ ਸਕਦੇ ਹਨ । ਕਰੂੰਬਲਾਂ ਭਵਨ ਗੜ੍ਹਸ਼ੰਕਰ ਰੋਡ ਮਾਹਿਲਪੁਰ ਵਿੱਚ ਸਵੇਰੇ ਦੱਸ ਵਜੇ ਕਰਵਾਏ ਜਾਣ ਵਾਲੇ ਕਵਿਤਾ, ਲੇਖ ਅਤੇ ਕਹਾਣੀ ਮੁਕਾਬਲੇ ਦਾ ਵਿਸ਼ਾ ਮੌਕੇ ਤੇ ਦੱਸਿਆ ਜਾਵੇਗਾ। ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਬਲਬੀਰ ਸਿੰਘ ਭੱਟੀ, ਚੈਂਚਲ ਸਿੰਘ ਬੈਂਸ ਅਤੇ ਹਰਭਜਨ ਸਿੰਘ ਕਾਹਲੋਂ ਨੇ ਕਿਹਾ ਕਿ ਮਾਨ ਪਰਿਵਾਰ ਵਲੋਂ ਨਿੱਕੀਆਂ ਕਰੂੰਬਲਾਂ ਰਾਹੀਂ ਬਾਲ ਸਾਹਿਤਕਾਰਾਂ ਦੀ ਨਰਸਰੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ ਵਿੱਚ ਨਿੱਗਰ ਸੋਚ ਦਾ ਸੰਚਾਲਨ ਕਰਨਾ ਸਮਾਜ ਨੂੰ ਬਿਹਤਰ ਦਿਸ਼ਾ ਵੱਲ ਲਿਜਾ ਰਿਹਾ ਹੈ । ਜੇਕਰ ਅਸੀਂ ਆਪਣੀਆਂ ਜੜ੍ਹਾਂ ਨੂੰ ਨਰੋਈਆਂ ਬਣਾ ਲਿਆ ਤਾਂ ਸਾਡਾ ਭਵਿੱਖ ਸੁਚੱਜਾ ਹੋ ਜਾਵੇਗਾ।




ਮੀਟਿੰਗ ਵਿੱਚ ਨਿੱਕੀਆਂ ਕਰੂੰਬਲਾਂ ਪੁਰਸਕਾਰਾਂ ਨਾਲ ਸਨਮਾਨਤ ਕੀਤੇ ਜਾਣ ਵਾਲੇ ਬਾਲ ਸਾਹਿਤਕਾਰਾਂ ਦੇ ਨਾਵਾਂ ਤੇ ਵੀ ਵਿਚਾਰ ਕੀਤਾ ਗਿਆ। ਐਕਟਰ ਡਾਇਰੈਕਟਰ ਅਸ਼ੋਕ ਪੁਰੀ ਨੇ ਕਿਹਾ ਕਿ ਇਨ੍ਹਾਂ ਨਿਰਸਵਾਰਥੀ ਕਾਰਜਾਂ ਵਿਚ ਬਲਜਿੰਦਰ ਮਾਨ ਦੇ ਯਤਨਾਂ ਵਿੱਚ ਹਰ ਕਿਸੇ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੀਟਿੰਗ ਵਿਚ ਪ੍ਰੋਫੈਸਰ ਬਲਦੇਵ ਸਿੰਘ ਬੱਲੀ ,ਅਸ਼ੋਕ ਪੁਰੀ ,ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਪ੍ਰਿੰਸੀਪਲ ਮਨਜੀਤ ਕੌਰ, ਹਰਮਨਪ੍ਰੀਤ ਕੌਰ, ਰਵਨੀਤ ਕੌਰ, ਹਰਵੀਰ ਮਾਨ ਅਤੇ ਸੁਰਜੀਤ ਸਿੰਘ ਬਲਾੜੀ ਕਲਾਂ ਸਮੇਤ ਰਸਾਲੇ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਸ਼ਾਮਲ ਹੋਏ।

# ਕਨੇਡਾ ਦੀ ਧਰਤ 'ਤੇ ਡਾ ਸੋਲਮਨ ਨਾਜ ਤੇ ਰਮਿੰਦਰ ਰੰਮੀ ਦੀ ਕਿਤਾਬ ਪੀਸ ਆਨ ਅਰਥ ਚੌਦਵੀਂ ਵਿਸ਼ਵ ਪੰਜਾਬੀ ਕਾਨਫਰੰਸ ਮੌਕੇ ਲੋਕ- ਅਰਪਣ






**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਕਨੇਡਾ ਦੀ ਧਰਤ ਤੋਂ ਰਮਿੰਦਰ ਰੰਮੀ, ਮੀਡੀਆ ਡਾਇਰੈਕਟਰ, ਪੀਸ ਆਨ ਅਰਥ ਸੰਸਥਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 'ਸਤੀਕਾਰ ਬੈਂਕੁਟ ਹਾਲ ਮਿਸੀਸਾਗਾ' ਵਿਖੇ ਪੀਸ ਆਨ ਅਰਥ 14ਵੀਂ ਵਿਸ਼ਵ ਪੰਜਾਬੀ ਕਾਨਫਰੰਸ ਹੋਈ, ਜਿਹੜੀ ਕਿ ਬਹੁਤ ਹੀ ਕਾਮਯਾਬ ਹੋ ਨਿੱਬੜੀ।

ਇਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਬਹੁਤ ਸਾਰੇ ਨਾਮਵਰ ਵਿਦਵਾਨਾਂ ਨੇ ਸ਼ਿਰਕਤ ਕਰ ਕੇ ਕਾਨਫਰਸ ਨੂੰ ਚਾਰ ਚੰਨ ਲਾਏ। ਇਸ ਸੁਭਾਗੇ ਮੌਕੇ 'ਤੇ ਡਾ। ਅਜੈਬ ਸਿੰਘ ਚੱਠਾ ਦੁਆਰਾ ਡਾ। ਸੋਲਮਨ ਨਾਜ ਤੇ ਸੰਪਾਦਿਤ ਕੀਤੀ ਪੁਸਤਕ 'ਗੁਰੂ ਦੇਵ' ਲੋਕ- ਅਰਪਣ ਕੀਤੀ ਗਈ, ਜਿਸ ਉਪਰ ਬਹੁਤ ਵਿਦਵਾਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਉਪਰੰਤ ਰਮਿੰਦਰ ਰੰਮੀ ਦੀ ਕਿਤਾਬ, 'ਕਿਸਨੂੰ ਆਖਾਂ' ਨੂੰ ਵੀ ਲੋਕ ਅਰਪਣ ਕੀਤਾ ਗਿਆ। ਜਿਸ 'ਤੇ ਵੀ ਸੀਨੀ ਮੀਤ ਪ੍ਰਧਾਨ ਸ੍ਰ। ਸਰਦੂਲ ਸਿੰਘ ਥਿਆੜਾ ਅਤੇ ਸ : ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਕਿਤਾਬਾਂ ਲੋਕ ਅਰਪਣ ਸਮੇਂ ਹੋਰਾਂ ਤੋਂ ਇਲਾਵਾ ਸ੍ਰ। ਗੁਰਵਿੰਦਰ ਸਿੰਘ ਧਮੀਜਾ ਡਿਪਟੀ ਡਾਇਰੈਕਟਰ ਹਰਿਆਣਾ, ਸ੍ਰ। ਕੁਲਦੀਪ ਸਿੰਘ ਬੇਦੀ ਸੀਨੀਅਰ ਪੱਤਰਕਾਰ ਤੇ ਲੇਖਕ, ਸ੍ਰ ਗੁਰਦਿਆਲ ਸਿੰਘ ਰੋਸ਼ਨ ਨਾਮਵਰ ਗ਼ਜ਼ਲਗੋ, ਡਾ ਡੀ ਪਾਲ ਸਿੰਘ, ਸ੍ਰ ਹਰਜੀਤ ਸਿੰਘ ਗਿੱਲ ਮੀਤ ਪ੍ਰਧਾਨ, ਪੁਸ਼ਪਿੰਦਰ ਜੋਸਨ ਤੇ ਮਿਸਿਜ ਬਲਵਿੰਦਰ ਚੱਠਾ ਜੀ ਵੀ ਹਾਜਰ ਸਨ। ਸਭਨਾਂ ਨੇ ਡਾ। ਸੋਲਮਨ ਨਾਜ ਤੇ ਰਮਿੰਦਰ ਰੰਮੀ ਨੂੰ ਉਨਾਂ ਦੀਆਂ ਪੁਸਤਕਾਂ ਲੋਕ-ਅਰਪਣ ਲਈ ਵਧਾਈਆਂ ਦਿੱਤੀਆਂ।



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

## 3525 Highway 99, West Corning, CA 96021

Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust